For advertisement and donations contact
DEVINDER TOOR 416-902-9372
HARBANS SINGH 416-817-7142
Email: ppapmg@gmail.com
Om Parkash Sharma
647-891-8500
Email : omjagraon@yahoo.com
Pro-People Arts Project Media Group
"Sarokaran Di Awaz" Newspaper
29 Mapleview Ave Brampton
Ontario
Canada L6R 1M2
Email: ppapmg@gmail.com
Website: www.ppapmg.com

Voice of Social Concerns

# ਸਰੋਕਾਰਾਂ ਦੀ ਆਵਾਜ਼

Registration No. 210836300

Pro-People Arts Project Media Group

ਸਾਲ-4, ਅੰਕ-10, ਅਕਤੂਬਰ 2014

Pro-People Arts
Project Media Group
SAROKARAN DI AWAZ
29 MAPLEVIEW AVE
BRAMPTON ONTARIO
CANADA L6R 1M2
E-Mail : ppapmg@gmail.com
www.ppapmg.com
ਸੰਪਾਦਕੀ ਮੰਡਲ ਦਾ ਛਪੀਆਂ ਰਚਨਾਵਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।




ਅੱਜ ਲੋਕਤੰਤਰ ਜਾਂ ਜਮਹੂਰੀਅਤ ਦੇ ਪਰਦੇ ਹੇਠ ਦੁਨੀਆ ਭਰ ਵਿਚ ਚੋਣਾਂ ਦੁਆਰਾ ਚੁਣੇ ਗਏ ਨੁਮਾਇੰਦੇ ਭਾਵੇਂ ਮੁਠੀ ਭਰ ਲੋਕਾਂ ਦੀ ਪ੍ਰਤੀਨਿਧਤਾ ਕਰਦੇ ਹਨ ਪਰ ਇਨ੍ਹਾਂ ਚੋਣਾਂ ਦੌਰਾਨ ਸਮੁੱਚੀ ਜਨਤਾ ਨੂੰ ਆਪਣੇ ਕੁਲਾਵੇ ਵਿਚ ਲੈਣ ਦੀ ਸਮਰੱਥਾ ਰੱਖਦੇ ਹਨ। ਹੁਣ ਕੈਨੇਡਾ ਦੇ ਕਈ ਸੂਬਿਆਂ ਵਿਚ ਮਿਊਸਪੈਲਿਟੀ ਜਾਂ ਨਗਰਪਾਲਿਕਾ ਦੀਆਂ ਚੋਣਾਂ ਦਾ ਬਿਗਲ ਵਜ ਚੁੱਕਾ ਹੈ ਜਿਹੜਾ ਕਿ ਆਰਥਿਕ ਸੰਕਟ ਜਾਂ ਮਿਨਤਕਸ਼ ਲੋਕਾਂ ਦੇ ਹਿੱਸੇ ਨੂੰ ਵੀ ਪ੍ਰਭਾਵਿਤ ਕਰਦਾ ਹੈ। ਕੈਨੇਡਾ ਵਿਚ ਮਿਊਸਪੈਲਿਟੀਆਂ ਜਾਂ ਨਗਰਪਾਲਿਕਾਵਾਂ ਇਕ ਅਜਿਹੀ ਸੰਸਥਾ ਹੈ ਜਿਸ ਦੀ ਪ੍ਰੰਪਰਾ ਅਤੇ ਰੂਪ ਰੇਖਾ ਹਰੇਕ ਸੂਬੇ ਦੀ ਵੱਖਰੀ-ਵੱਖਰੀ ਹੈ। ਇਨ੍ਹਾਂ ਦੀ ਸਥਾਪਨਾ ਉਨਵੀਂ ਸਦੀ ਦੇ ਮੱਧ ਵਿਚ ਕੈਨੇਡਾ ਦੀ ਫੈਡਰਲ ਬਣਤਰ ਨਾਲ ਹੀ ਹੋਂਦ ਵਿਚ ਆਈ ਸੀ। ਕੈਨੇਡੀਅਨ ਨਗਰਪਾਲਿਕਾ ਦਾ ਕੋਈ ਸਥਿਰ ਕਾਨੂੰਨੀ ਸੰਵਿਧਾਨ ਨਹੀਂ ਹੈ। ਕੈਨੇਡਾ ਦੇ 13 ਸੂਬਿਆਂ ਅਤੇ ਕੇਂਦਰ ਸ਼ਾਸਤ ਰਾਜਾਂ ਵਿਚ ਲਗਭਗ 3731 ਨਗਰਪਾਲਿਕਾਵਾਂ ਹਨ ਅਤੇ ਇਕੱਲੇ ਓਨਟਾਰੀਓ ਵਿਚ 448 ਮਿਊਸਪੈਲਿਟੀਜ਼ ਹਨ। ਇਨ੍ਹਾਂ ਨਗਰਪਾਲਿਕਾਵਾਂ ਦੀ ਮੁੱਖ ਆਮਦਨ ਪ੍ਰਾਪਰਟੀ ਟੈਕਸ ਜਿਸ ਵਿਚ ਲੇਵੀ ਟੈਕਸ, ਵਾਟਰ ਟੈਕਸ ਸੁਨੋ (Snow) ਰੀਮੂਵਲ ਟੈਕਸ ਅਤੇ ਬਿਜਨਿਸ ਟੈਕਸ ਆਦਿ ਹਨ। ਇਨ੍ਹਾਂ ਚੋਣਾਂ ਦਾ ਡਰਾਮਾ ਚਾਰ ਸਾਲਾਂ ਬਾਅਦ ਬੜੇ ਦੀ ਜਜ਼ਬਾਤੀ ਢੰਗ ਨਾਲ ਆਪਣੀ ਭੂਮਿਕਾ ਨਿਭਾ ਕੇ ਚਲਾ ਜਾਂਦਾ ਹੈ। ਭਾਵੇਂ ਲੋਕਾਂ ਦੀ ਸੰਤੁਸ਼ਟੀ ਹੀ ਚੰਗੇ ਸਮਾਜ ਦੀ ਨੀਂਹ ਬਣਦੀ ਹੈ ਭਾਵ ਹੁਕਮਰਾਨ ਉਹੀ ਉਤਮ ਹੈ ਜਿਹੜਾ ਅਵਾਮ ਨੂੰ ਸੁੱਖੀ ਰੱਖੇ ਅਤੇ ਆਪਣੇ ਤੋਂ ਦੂਰ ਬੈਠਿਆਂ 'ਚ ਆਪਣੇ ਪ੍ਰਤੀ ਖਿੱਚ ਰੱਖਦਾ ਹੋਵੇ ਪਰ ਸੱਚਾਈ ਕੁਝ ਇਸ ਤਰ੍ਹਾਂ ਹੈ ਕਿ ਵਿਚਾਰਾਂ ਤੇ ਸਹੂਲਤਾਂ ਦੇ ਖੇਤਰ ਵਿਚ ਆਪਣੀ ਸਰਦਾਰੀ ਕਾਇਮ ਕਰਨ ਦੀ ਜਦੋ-ਜਹਿਦ ਵਿਚ ਰਾਜ ਸੱਤਾ ਜਬਰ ਅਤੇ ਲੋਕਾਂ ਦੀ ਲੁੱਟ ਕਰਨ ਅਤੇ ਜਜਬ ਕਰ ਲੈਣ ਦੀ ਵਿਆਪਕ ਸਮਰੱਥਾ ਦੀ ਮਾਲਕ ਹੁੰਦੀ ਹੈ। ਕੁਝ ਕੁ ਸਮੇਂ ਬਾਅਦ ਇਨ੍ਹਾਂ ਚੋਣਾਂ ਵਿਚ ਵੀ ਸੂਬੇ ਜਾਂ ਫੈਡਰਲ ਦੀਆਂ ਚੋਣਾਂ ਵਾਂਗ ਹੀ ਆਮ ਜਨਤਾ ਨੂੰ ਬੜੀ ਹੀ ਸੋਚੀ ਸਮਝੀ ਵਿਉਂਤ ਨਾਲ ਸਬਜ਼ਬਾਗ ਦਿਖਾਏ ਜਾਂਦੇ ਹਨ। ਜਿਵੇਂ ਲੋਕਾਂ ਦੀ ਰੋਜ਼ਮਰਾਂ ਅਤੇ ਆਰਥਿਕ ਜ਼ਿੰਦਗੀ ਨੂੰ ਸੰਵਾਰਨ ਦਾ ਸਾਰਾ ਠੇਕਾ ਇਨ੍ਹਾਂ ਚੋਣਾਂ ਲੜ ਰਹੇ ਉਮੀਦਵਾਰਾਂ ਦੇ ਹੱਥ ਵਿਚ ਹੀ ਹੁੰਦਾ ਹੈ। ਚੋਣਾਂ ਤੋਂ ਬਾਅਦ ਨਾ ਤਾਂ ਹਾਰੇ ਹੋਏ ਚੰਦ ਕਿਤੇ ਲਸ਼ਕੋਰ ਮਾਰਦੇ ਹਨ ਤੇ ਜਿੱਤੇ ਹੋਇਆਂ ਨੇ ਤਾਂ ਕੀ ਚਮਕਣਾ ਹੁੰਦਾ ਹੈ। ਚੋਣਾਂ ਵਿਚ ਦੋ ਹੀ ਨਾਅਰੇ ਮੁੱਖ ਹੁੰਦੇ ਹਨ ਨਵਾਂ ਮਾਰਗ, ਨਵੀਂ ਦਿਸ਼ਾ ਜਾਂ ਨਵੀਂ ਲੀਡਰਸ਼ਿਪ ਤੇ ਅਸਲੀ ਤਬਦੀਲੀ ਭਾਵੇਂ ਤੁਸੀਂ ਆਉਣ ਵਾਲੇ ਸਮੇਂ ਵਾਸਤੇ ਨਵੀਂ ਟੀਮ ਦੀ ਚੋਣ ਕਰਨੀ ਹੈ ਬਾਕੀ ਸੰਸਥਾ ਦਾ ਪ੍ਰਬੰਧ ਜਿਉਂ ਦਾ ਤਿਉਂ ਹੀ ਰਹੇਗਾ। ਚੋਣਾਂ ਦੌਰਾਨ ਸਾਰੇ ਹੀ ਉਮੀਦਵਾਰਾਂ ਵਲੋਂ ਆਪਣੀ ਯੋਗਤਾ ਅਤੇ ਲੋਕ ਪੱਖੀ ਹੋਣ ਦਾ ਜੋ ਪ੍ਰਦਰਸ਼ਨ ਕੀਤਾ ਜਾਂਦਾ ਹੈ। ਪਹਿਲਾਂ ਕਿਉਂ ਨਹੀਂ ਕੀਤਾ ਜਾਂਦਾ ਇਹ ਇਕ ਆਮ ਮਿਹਨਤ ਕਰਨ ਵਾਲੇ ਲੋਕਾਂ ਸਾਹਮਣੇ ਇਕ ਸਵਾਲੀਆਚਿੰਨ੍ਹ ਹੈ ਜਿਸ ਨੂੰ ਸਮਝਣ ਦੀ ਲੋੜ ਹੈ ਕਿ ਕੀ ਚੁਣ ਕੇ ਹੀ ਲੋਕਾਂ ਦੇ ਹੱਕਾਂ ਦੀ ਗੱਲ ਕੀਤੀ ਜਾ ਸਕਦੀ ਜਾਂ ਲੋਕਾਂ ਨੂੰ ਆਪਣੇ ਹੱਕਾਂ ਬਾਰੇ ਜਾਣੂ ਕਰਾਉਣ ਵਾਸਤੇ ਇਕੱਠੇ ਹੋਣ ਲਈ ਜਥੇਬੰਦ ਕੀਤਾ ਜਾ ਸਕਦਾ ਹੈ। ਚੋਣਾਂ ਦੌਰਾਨ ਕੀਤੇ ਜਾਂਦੇ ਲੱਛੇਦਾਰ ਭਾਸ਼ਣ ਲੋਕਾਂ ਦੇ ਕੰਨਾਂ ਵਿਚ ਘਰ ਕਰ ਜਾਂਦੇ ਹਨ ਤੇ ਉਹ ਭੁੱਲ ਜਾਂਦੇ ਹਨ ਕਿ ਅਸਲ ਵਿਚ ਸਾਡੀਆਂ ਰੋਜ਼ਮਰਾਂ ਜੀਵਨ ਦੀਆਂ ਮੁਸ਼ਕਲਾਂ ਅਤੇ ਸਹੂਲਤਾਂ ਦਾ ਹੱਲ ਨਹੀਂ ਹਨ ਸਾਨੂੰ ਤਾਂ ਆਪਣੀਆਂ ਰਾਜਨੀਤਕ, ਸਭਿਆਚਾਰਕ, ਆਰਥਿਕ ਅਤੇ ਸਮਾਜਿਕ ਹਾਲਤਾਂ ਨੂੰ ਬਦਲਣ ਲਈ ਇਨ੍ਹਾਂ ਚੁਣੇ ਹੋਏ ਮੈਂਬਰਾਂ ਨੂੰ ਉਪਰੋਕਤ ਦਿੱਤੀ ਤਸਵੀਰ ਵਾਂਗ ਜਗਾਉਣ ਲਈ ਇਕੱਠੇ ਹੋਣ ਦੀ ਲੋੜ ਹੈ। ਆਓ ਸਮੇਂ ਦੀ ਨਬਜ਼ ਨੂੰ ਪੁਛਾਣੀਏ ਤੇ ਆਪਣੇ ਹੱਥੀਂ ਆਪਣਾ ਕਾਜ ਸੰਵਾਰਨ ਦੀ ਰਵਾਇਤ ਪਾਈਏ। ਇਥੇ ਵੋਟਾਂ ਪਾਉਣ ਵਾਲਿਆਂ ਦਾ ਵੀ ਫਰਜ਼ ਬਣਦਾ ਹੈ ਕਿ ਇਲਾਕਾ, ਧਰਮ ਤੇ ਭਾਈ ਭਤੀਜਾਵਾਦ ਤੋਂ ਉਪਰ ਉਠ ਕੇ ਸੁਲਝੇ ਹੋਏ ਜਾਂ ਲੋਕਾਂ ਦੁਆਰਾ ਪਰਖੇ ਹੋਏ ਉਮੀਦਵਾਰ ਨੂੰ ਹੀ ਆਪਣਾ ਮਤਦਾਨ ਕਰਨ।

**- ਹਰਬੰਸ ਸਿੰਘ**


5

ਹੜ੍ਹਨਾਮਾ : ਬਾਹਰ ਬੈਠਿਆਂ ਦੀ ਨਜ਼ਰ 'ਚ ਕਸ਼ਮੀਰ ਦੇ ਹੜ੍ਹਾਂ ਦਾ ਅੰਦਰਲਾ ਹਾਲ


12

Bramptonian paid rich tribute on centenary commemoration


23

ਕਾਲੇ ਸਮਿਆਂ 'ਚ ਸਾਕਾਆਤਮਕ ਵਿਚਾਰ


25

ਔਰਗੈਨਿਕ ਅਤੇ ਔਰਗੈਨਿਕ ਪਦਾਰਥਾਂ ਬਾਰੇ ਕੁੱਝ ਸੱਚਾਈਆਂ

SUPER VISA INSURANCE


Sherjang Singh Rana
416.910.9000

Punjab Insurance Inc PUNJAB INSURANCE INC.

• Life Insurance • Mortgage Insurance
• Critical Illness Insurance • Disability Insurance
• RESP, RRSP

www.punjabinsurance.ca


Ravinder Singh Basra
416.845.6232

# ਆਰਥਿਕ ਮੰਦਹਾਲੀ ’ਚ ਗੁਜ਼ਰ ਰਿਹਾ ਬਰੈਂਪਟਨ

ਮਲਕੀਤ

ਬਰੈਂਪਟਨ ਸ਼ਹਿਰ ਕੈਨੇਡਾ ਦੇ ਪੂਰਬੀ ਸੂਬੇ ਓਂਨਟਾਰੀਓ ਦਾ ਇਕ ਪ੍ਰਮੁੱਖ ਸ਼ਹਿਰ ਹੈ। ਵੱਡੇ ਟਰਾਂਟੋ ਖੇਤਰ ਵਿਚ ਇਹ ਅਹਿਮ ਸਥਾਨ ਰੱਖਦਾ ਹੈ। ਇਹ ਟਰਾਂਟੋ ਸ਼ਹਿਰ ਦੇ ਪੱਛਮ ਦੱਖਣ ਵਿਚ ਥੋੜ੍ਹੀ ਦੂਰੀ ’ਤੇ ਸਥਿਤ ਹੈ। ਅਬਾਦੀ ਦੇ ਲਿਹਾਜ਼ ਇਹ ਕੈਨੇਡਾ ਦਾ ਦਸਵਾਂ ਵੱਡਾ ਸ਼ਹਿਰ ਹੈ। ਸਥਾਨਕ ਲੋਕਾਂ ਵਲੋਂ ਇਸ ਨੂੰ ਫੁੱਲਾਂ ਦਾ ਸ਼ਹਿਰ ਕਰਕੇ ਜਾਣਿਆ ਜਾਂਦਾ ਹੈ। ਭਾਵੇਂ ਕਿ ਅੱਜ ਕੱਲ੍ਹ ਬਹੁਤੇ ਫੁੱਲ ਦੇਖਣ ਨੂੰ ਨਹੀਂ ਮਿਲਦੇ। ਇਹ ਜ਼ੂਰੁਰ ਹੈ ਕਿ ਵੱਡੀ ਗਿਣਤੀ ਵਿਚ ਵੱਖ-ਵੱਖ ਅਕਾਰਾਂ ਦੇ ਬੋਰਡਾਂ ’ਤੇ ਲਿਖਆ ‘ਫੁੱਲਾਂ ਦਾ ਸ਼ਹਿਰ’ ਜ਼ੂਰੁਰ ਦੇਖਿਆ ਜਾ ਸਕਦਾ ਹੈ। ਲੁਧਿਆਣਾ ਸ਼ਹਿਰ ਦੀ ਬੁੱਕਲ ਵਿਚ ਵਸਿਆ ਪੱਖੋਵਾਲ ਰੋਡ ’ਤੇ ਇਕ ਪਿੰਡ ਫੁੱਲਾਂਵਾਲ ਹੈ। ਹੋ ਸਕਦਾ ਹੈ ਕਿ ਕਿਸੇ ਵੇਲੇ ਇਥੇ ਫੁੱਲ ਹੋਇਆ ਕਰਦੇ ਹੋਣਗੇ-ਸਰਮਾਏਦਾਰੀ ਵਿਕਾਸ ਦੇ ਮਾਡਲ ਤੋਂ ਪਹਿਲਾਂ, ਪਰ ਅੱਜ ਕੱਲ੍ਹ ਤਾਂ ਪ੍ਰਦੂਸ਼ਣ, ਧੂੰਆਂ, ਜ਼ਹਿਰੀਲੀ ਹਵਾ, ਪਾਣੀ ਨੇ ਫੁੱਲਾਂਵਾਲ ’ਤੇ ਕਾਲਖ ਫੇਰ ਦਿੱਤੀ ਹੈ-ਖਦਸ਼ਾ ਹੈ ਕਿ ਬਰੈਂਪਟਨ ਨਾਲ ਵੀ ਅਜਿਹਾ ਹੀ ਨਾ ਵਾਪਰ ਜਾਵੇ। ਬਰੈਂਪਟਨ ਦੇ ਵਾਸੀਆਂ ਨੂੰ ਚੌਕਸ ਹੋਣ ਦੀ ਲੋੜ ਹੈ। ਇਸ ਸ਼ਹਿਰ ਵਿਚ ਫੈਲੇ ਛੇ ਹਜ਼ਾਰ ਏਕੜ ਦੇ ਬਾਗਾਂ, ਬਗੀਚਿਆਂ ਅਤੇ ਪਾਰਕਾਂ ਨੂੰ ਸਾਂਭਣ ਦੀ ਲੋੜ ਹੈ।

2011 ਦੀ ਮਰਦਮ ਸ਼ੁਮਾਰੀ ਅਨੁਸਾਰ ਬਰੈਂਪਟਨ ਸ਼ਹਿਰ ਦੇ ਵਾਸੀਆਂ ਦੀ ਗਿਣਤੀ ਪੰਜ ਲੱਖ ਤੇਈ ਹਜ਼ਾਰ ਨੌ ਸੌ ਗਿਆਰਾਂ ਹੈ। ਇਸ ਵਿਚ ਕੈਨੇਡਾ ਵਿਚ ਜੰਮੇ ਦੋ ਲੱਖ ਤਰਵੰਜਾ ਹਜ਼ਾਰ ਇਕ ਸੌ ਦਸ ਅਤੇ ਬਾਹਰੋਂ ਆ ਕੇ ਵਸੇ ਦੋ ਲੱਖ ਤਰੇਹਠ ਹਜ਼ਾਰ ਛੇ ਸੌ ਸੱਤਰ ਹਨ। ਸ਼ਹਿਰ ਵਿਚ ਆਰਜ਼ੀ ਵਾਸ਼ਿੰਦਿਆਂ (ਪਨਾਹਗੀਰ) ਦੀ ਗਿਣਤੀ ਚਾਰ ਹਜ਼ਾਰ ਪੰਜ ਸੌ ਪੈਂਤੀ ਹੈ। ਸਥਾਨਕ ਪੈਦਾਇਸ਼ੀ ਲੋਕਾਂ ਵਿਚ ਕਾਫ਼ੀ ਗਿਣਤੀ ਕੈਨੈਡਾ ਦੀਆਂ ਪਹਿਲੀਆਂ, ਫਸਟ ਨੇਸ਼ਨਜ਼, ਕੌਮੀਅਤਾਂ ਵੀ ਹਨ। ਪਰਵਾਸੀ ਲੋਕਾਂ ਵਿਚ ਉਨਤਾਲੀ ਫੀ ਸਦੀ ਲੋਕ ਦੱਖਣੀ ਏਸ਼ੀਆਈ ਮੂਲ ਦੇ ਹਨ ਅਤੇ ਇਨ੍ਹਾਂ ਵਿਚੋਂ ਬੱਤੀ ਫੀ ਸਦੀ ਸਿੱਖ, ਹਿੰਦੂ ਹਨ। ਪਰਵਾਸੀਆਂ ਵਿਚ ਪੱਚੀ ਸੌ ਪਾਕਿਸਤਾਨ ਤੋਂ ਅਤੇ ਸਤਾਈ ਸੌ ਫਿਲਪਾਈਨ ਤੋਂ ਵੀ ਹਨ। ਅਸਲ ਵਿਚ ਬਰੈਂਪਟਨ ਸ਼ਹਿਰ 209 ਵੱਖਰੀਆਂ-ਵੱਖਰੀਆਂ ਕੌਮੀਅਤਾਂ ਦਾ ਸ਼ਹਿਰ ਹੈ ਅਤੇ ਸ਼ਹਿਰ ਦੇ ਲੋਕ ਉਨਾਨਵੇਂ ਅਲੱਗ-ਅਲੱਗ ਭਾਸ਼ਾਵਾਂ ਦੀ ਵਰਤੋਂ ਕਰਦੇ ਹਨ। ਬੋਲੀਆਂ ਵਿਚ ਅੰਗਰੇਜ਼ੀ, ਫਰੈਂਚ, ਸਪੇਨਿਸ਼ ਆਦਿ ਦੀ ਪ੍ਰਮੁੱਖਤਾ ਹੈ। ਫਿਰ ਵੀ ਪੰਜਾਬੀ ਬੋਲਣ ਵਾਲਿਆਂ ਦੀ ਚੌਖੀ ਗਿਣਤੀ ਹੈ। 2011 ਦੇ ਅੰਕੜਿਆਂ ਅਨੁਸਾਰ, ਇਕ ਲੱਖ ਤੇਤੀ ਹਜ਼ਾਰ, ਤਿੰਨ ਸੌ ਤਰਵੰਜਾ ਲੋਕ ਪੰਜਾਬੀ ਭਾਸ਼ਾਈ ਹਨ। ਹਿੰਦੀ ਬੋਲਣ ਵਾਲੇ ਪੰਜਾਹ ਹਜ਼ਾਰ ਅਤੇ ਉਰਦੂ ਬੋਲਣ ਵਾਲੇ ਵੀਹ ਹਜ਼ਾਰ ਹਨ। ਅਜੋਕੇ ਪੰਜਾਬ ਵਿਚ ਵੀ ਪੰਜਾਬੀ ਹਿੰਦੀ, ਉਦਰੂ ਆਮ ਸਮਝਦੇ ਹਨ ਜੋ ਕਿ ਸਥਾਨਕ ਪਰਵਾਸ ਦਾ ਨਤੀਜਾ ਹੈ। ਇਸ ਤਰ੍ਹਾਂ ਕੁੱਲ ਮਿਲਾ ਕੇ ਪੰਜਾਬੀ ਭਾਸ਼ਾਈ ਤੇ ਇਨ੍ਹਾਂ ਦੇ ਨੇੜਲੀ ਬੋਲੀ ਵਾਲੇ ਪਰਵਾਸੀਆਂ ਦੀ ਗਿਣਤੀ ਦੋ ਲੱਖ ਤੋਂ ਉਪਰ ਹੈ।

ਅੰਕੜਿਆਂ ਅਨੁਸਾਰ ਬਰੈਂਪਟਨ ਵਿਚ ਅੱਠ ਹਜ਼ਾਰ ਉਦਯੋਗਿਕ, ਆਰਥਿਕ ਅਤੇ







During the election time, whether Federal / Provincial / municipal in the Brampton, all the candidates ranging from School trustee to Mayor, MPP to premier and MP to federal Minister premier only give false promises and hopes to the citizens of Flower city for a new hospital and University in Brampton. After election time is over no one is ever seen talking or lobbying for any of these issues. The picture shows the reality of 2007 election. “A mandatory requirement for elected officials must be the ability to be truthful with the public. If any of the candidate wants to take credit for good job done by current Provincial Government, then he or she must acknowledge their part in the Gas Plant scandal, the Orange scandal and the rest of the disgraceful record of the provincial government that they were part of. One well known candidate wants to pull the cashmere over the eyes of Brampton residents for one simple reason; nothing done for Brampton during her 10 years at Queen’s Park and residents know it. Promising that PMH will not close; Closed a week later. The new Peel Memorial Centre in Brampton in 2016 will support the William Osler Health System’s vision for an integrated health system. The new centre will provide urgent and Ambulatory care and outpatient surgical procedures, with a focus on primary care and chronic disease prevention and management.

Ambulatory care is a personal health care consultation, treatment, or intervention using advanced medical technology or procedures delivered on an outpatient basis. No patients will be admitted and there will be no beds at all. Ambulatory care is a facility and not a full fledged hospital.

Politicians - Pls stop misleading the general public with wrong information.

INSURANCE!
Save up to 51%
• Auto • Home
• Business
Get the best rates with us!
FIVE STAR
INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
905.459.0555
270 Orenda Rd., Unit # 200 Brampton, ON L6T 4X6




**ਫੋਟੋ ਵਿਚ ਦਿਸਦੇ ਹੋਏ ਫੁੱਲ ਪੱਤੀਆਂ ਕਈਆਂ ਲਿਖਾਰੀਆਂ ਨੂੰ ਬਹੁਤ ਛੇਤੀ ਨਜ਼ਰ ਆ ਜਾਂਦੇ ਹਨ। ਫਿਰ ਉਹ ਬਰੈਂਪਟਨ ਦੀ ਪ੍ਰਸ਼ੰਸਾ ਕਰਦੇ ਹੋਏ ਇਨ੍ਹਾਂ ਫੁੱਲਾਂ ਦਾ ਹਾਰ ਬਣਾ ਕੇ ਧਰਤੀ ਦੇ ਗਲ ਵਿਚ ਪਾਉਣ ਤੱਕ ਜਾਂਦੇ ਹਨ। ਪਰ ਉਨ੍ਹਾਂ ਨੂੰ ਬਰੈਂਪਟਨ ਦੇ ਵਿਚ ਕੰਮ ਕਰਦੇ ਹੋਏ ਮੁਰਝਾਏ ਚਿਹਰੇ ਜਿਹੜੇ ਕਿ ਘੱਟ-ਘੱਟੋ ਤਨਖਾਹ 'ਤੇ ਕੰਮ ਕਰਦੇ ਹਨ ਉਨ੍ਹਾਂ ਦੀਆਂ ਪਰਿਵਾਰਕ ਮੁਸ਼ਕਲਾਂ, ਬੱਚਿਆਂ ਦੀ ਪੜ੍ਹਾਈ ਦੀਆਂ ਫੀਸਾਂ, ਵਧੇ ਹੋਏ ਹਾਊਸ ਟੈਕਸ ਮਨੀ ਮੂੰਹੋਂ ਅਦਾ ਕਰਦੇ ਹੋਏ ਕਾਰਾਂ ਦੀ ਇੰਸ਼ੋਰੈਂਸ, ਦਿਨ ਰਾਤ ਮਿਹਨਤ ਕਰਕੇ ਆਪਣੇ ਪਰਿਵਾਰ ਨੂੰ ਮੁਸ਼ਕਿਲ ਨਾਲ ਪਾਲਦੇ ਹੋਏ ਇਨ੍ਹਾਂ ਲਿਖਾਰੀਆਂ ਦੀ ਕਲਮ ਤੋਂ ਦੂਰ ਹੀ ਰਹਿੰਦੇ ਹਨ।**

ਵਣਜ ਇਕਾਈਆਂ ਹਨ ਪਰ ਅੱਜ ਕੱਲ੍ਹ ਕੈਨੇਡਾ ਵਿਚ ਸਰਮਾਏਦਾਰੀ ਵਿਕਾਸ ਦੀ ਜੋ ਸਟੇਜ ਹੈ ਇਸ ਨੇ ਉਤਪਾਦਨ ਕਰਨ ਵਾਲੀਆਂ ਮਿੱਲਾਂ ਫੈਕਟਰੀਆਂ ਆਦਿ ਨੂੰ ਸਮੇਟ ਦਿੱਤਾ ਹੋਇਆ ਹੈ। ਆਰਥਿਕਤਾ ਦਾ ਮੁੱਖ ਆਧਾਰ ਸਿਰਫ਼ ਤੇ ਸਿਰਫ਼ ਸੇਵਾਵਾਂ ਸੈਕਟਰ ਹੀ ਬਚਿਆ ਹੈ। ਪੀਜ਼ਾ ਹੱਟਾਂ ਹਨ, ਬਰਗਰ ਫੈਕਟਰੀਆ ਹਨ, ਕੋਕ ਪੈਪਸੀਆਂ ਦੇ ਛੁਆਰੇ ਹਨ। ਸ਼ਾਹੂਕਾਰਾਂ ਦੀਆਂ ਫਾਈਨਾਂਸ ਹੱਟਾਂ ਹਨ, ਬੀਮਾ ਕੰਪਨੀਆਂ ਦੀਆਂ ਸੱਟੇ ਬਾਜ਼ਾਰੀ ਦੀਆਂ ਵੱਡੀਆਂ ਫਰਮਾਂ ਹਨ ਤੇ ਫਿਰ ਇਨ੍ਹਾਂ ਦੇ ਲੈਣ-ਦੇਣ ਵਾਸਤੇ ਵੱਡਾ ਬੈਂਕਿੰਗ ਸੈਕਟਰ ਹੈ। ਆਰਥਿਕਤਾ ਦੇ ਇਸ ਮਾਡਲ ਨੇ ਮੈਨੂਫੈਕਚਰਿੰਗ ਦੇ ਵੱਡੇ ਕਾਰਖਾਨੇ, ਖਣਿਜ ਕੰਪਨੀਆਂ ਦੇ ਕਾਰੋਬਾਰ ਅਤੇ ਹੋਰ ਮੁਢਲੇ ਆਰਥਿਕ ਧੰਦੇ ਤੀਜੀ ਦੁਨੀਆ ਨੂੰ ਤੋਰ ਦਿੱਤੇ ਹਨ। ਚੀਨ ਆਦਿ ਮੁਲਕ ਬੇਕਰੀ ਬਿਸਕੁਟਾਂ ਆਦਿ ਤੋਂ ਲੈ ਕੇ ਸਿਲੇ ਸਿਲਾਏ ਕੱਪੜੇ, ਇੰਜੀਨੀਅਰਿੰਗ ਦੀ ਮਸ਼ੀਨਰੀ ਤੱਕ ਸਪਲਾਈ ਕਰਦੇ ਹਨ। ਆਰਥਿਕਤਾ ਵਿਚ ਮੋਟਰ ਗੱਡੀਆਂ, ਟਰੱਕਾਂ ਆਦਿ ਦੀਆਂ ਵੱਡੀਆਂ ਕੰਪਨੀਆਂ ਦੀ ਭਰਮਾਰ ਹੈ। ਇਹ ਵੀ ਤਾਂ ਸੇਵਾ ਸੈਕਟਰ ਹੀ ਹੈ।

ਬਰੈਂਪਟਨ ਸ਼ਹਿਰ ਦਾ ਬੜਾ ਹੀ ਵਧੀਆ ਪੱਖ ਇਹ ਹੈ ਕਿ ਸੰਸਾਰ ਦੀ ਵੱਡੀ ਮਾਪ, ਤੋਲਕ ਕੰਪਨੀ ਐਸ. ਪੀ. (ਸਟੈਂਟਰਡ ਅਤੇ ਪੂਅਰ) ਨੇ ਇਸ ਨੂੰ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਤਿੰਨ ਏ (111) ਦਾ ਦਰਜਾ ਦਿੱਤਾ ਹੋਇਆ ਹੈ। ਬਹੁਤ ਸਾਰੇ ਚੇਤੰਨ ਲੋਕ ਇਹ ਜਾਣਦੇ ਹਨ ਕਿ ਅਜਿਹੀਆਂ ਬੈਂਕਾਂ ਜਾਂ ਵਿੱਤੀ ਅਦਾਰੇ ਜਿਹੜੇ ਬੇਰੋਕ, ਟੋਕ ਲੁੱਟ ਵਾਲੇ ਮਾਹੌਲ ਵਿਚ ਵਿਚਰਦੇ ਹਨ ਅਤੇ ਜਿਹੜੇ ਅਵਾਮ ਦੀ ਸਮਾਜਿਕ ਸੁਰੱਖਿਆ ਵਾਸਤੇ ਨਹੀਂ ਸਗੋਂ ਵੱਧ ਤੋਂ ਵੱਧ ਮੁਨਾਫ਼ੇ ਲਈ ਹੀ ਕੰਮ ਕਰਦੇ ਹਨ ਉਹ ਅਦਾਰੇ ਇਸ ਕੰਪਨੀ ਵਲੋਂ ਦਿੱਤੇ ਇਨ੍ਹਾਂ ਖਿਤਾਬਾਂ ਨਾਲ ਸ਼ਿੰਗਾਰੇ ਜਾਂਦੇ ਹਨ। ਮੇਰੇ ਸ਼ਹਿਰ ਬਰੈਂਪਟਨ ਨੂੰ ਸੰਸਾਰ ਸਿਹਤ ਸੰਸਥਾ (WHO) ਵਲੋਂ ਵੀ ਦੋ ਹਜ਼ਾਰ ਸੱਤ ਤੋਂ ਲਗਾਤਾਰ ਦੁਨੀਆ ਦਾ ਅਮਨ-ਅਮਾਨ ਵਾਲਾ ਸ਼ਹਿਰ ਐਲਾਨਿਆ ਹੋਇਆ ਹੈ।

ਮੇਰੇ ਸ਼ਹਿਰ ਦਾ ਰਾਜ ਪ੍ਰਬੰਧ ਚਲਾਉਣ ਵਾਸਤੇ ਇਕ ਮੇਅਰ ਅਤੇ ਦਸ ਮੈਂਬਰੀ ਇਕ ਕਾਊਂਸਲ ਹੈ। ਅੱਜ ਕੱਲ੍ਹ ਮੇਅਰ ਦੀ ਕੁਰਸੀ 'ਤੇ ਬਿਰਾਜਮਾਨ ਹੈ ਸ੍ਰੀਮਤੀ ਸੂਸ਼ਨ ਫ਼ਿਨਲ। ਕੌਂਸਲ ਦੇ ਦਸ ਮੈਂਬਰ ਹੇਠ ਲਿਖੇ ਅਨੁਸਾਰ ਹਨ। 1. ਗਰਾਂਟ ਗਿਬਸਨ, 2. ਏਲਨ ਮੂਰ, 3. ਜ਼ਾਹਨ ਹਟਨ, 4. ਪਾਲ ਖਾਲਸਕੀ, 5. ਬਾਬ ਲਾਹਨ, 6. ਜ਼ਾਹਨ ਲੰਡਰਸ਼ਨ, 7. ਸਾਂਡਰਾ ਹੇਮਜ਼, 8. ਗਾਈਲ ਮਾਈਗਸ, 9. ਵਿੱਕੀ ਢਿੱਲੋਂ, 10. ਜਾਹਨ ਸਪਰੋਵਰੀ। ਕਾਊਂਸਲ ਦੀ ਮਿਆਦ ਚਾਰ ਸਾਲ ਹੈ ਜੋ ਕਿ ਇਸ ਸਾਲ ਦੇ ਅੰਤ ਤੋਂ ਪਹਿਲਾਂ ਖਤਮ ਹੋ ਰਹੀ ਹੈ ਅਤੇ ਅਕਤੂਬਰ ਦੇ ਅੰਤ 'ਤੇ ਨਵੀਆਂ ਚੋਣਾਂ ਤੈਅ ਹਨ।

ਕਾਊਂਸਲ ਦਾ ਪ੍ਰਸ਼ਾਸਨਿਕ ਢਾਂਚਾ ਕੁਝ ਇਸ ਤਰ੍ਹਾਂ ਦਾ ਹੈ। ਇਕ ਚੀਫ਼ ਪ੍ਰਸ਼ਾਸਨਿਕ ਅਫ਼ਸਰ ਹੈ ਜੋ ਅੱਜ ਕੱਲ੍ਹ ਜਾਹਨ ਕੋਰਬਿਟ ਹੈ। ਉਸਦੇ ਥੱਲੇ ਚਾਰ ਮੁੱਖ ਵਿਭਾਗੀ ਅਫ਼ਸਰ ਹਨ। ਪਹਿਲਾ-ਲੋਕ ਸੇਵਾਵਾਂ ਵਿਭਾਗ, ਜਿਸ ਦਾ ਮੁਖੀ ਜੂਲੀਅਨ ਪੀਟਰਸਨ ਹੈ। ਇਸ ਦੇ ਥੱਲੇ ਅਲੱਗ-ਅਲੱਗ ਛੇ ਉਪ ਵਿਭਾਗ ਹਨ। ਦੂਜਾ ਮੁੱਖ ਕਾਰੋਬਾਰੀ ਇੰਜੀਨੀਅਰਿੰਗ ਅਫ਼ਸਰ ਹੈ। ਇਸ ਦੇ ਥੱਲੇ ਵਿਕਾਸ, ਉਸਾਰੀ ਆਦਿ ਨਾਲ ਸਬੰਧਤ ਚਾਰ ਵਿਭਾਗ ਹਨ। ਤੀਜਾ ਹੈ ਕਾਰਪੋਰੇਟ ਮਾਮਲਿਆਂ ਦਾ ਮੁੱਖ ਅਫ਼ਸਰ ਜਿਹੜਾ ਅੱਜ ਕੱਲ੍ਹ ਪੀਟਰ ਸਿਮਨਸ ਹੈ। ਇਸ ਦੀ ਦੇਖ-ਰੇਖ ਵਿਚ ਅੱਗੋਂ ਅੱਠ ਵਿਭਾਗ ਹਨ। ਅਸਲ ਵਿਚ ਕੰਮ ਵੰਡ ਅਨੁਸਾਰ ਇਹ ਅਫ਼ਸਰ ਹੀ ਮੁੱਖ ਹੈ ਕਿਉਂਕਿ ਇਸ ਦੇ ਅਧੀਨ ਕਾਊਂਸਲ ਦਾ ਮੁੱਖ ਕਲਰਕ ਹੈ ਵਿੱਤ ਹੈ, ਕਾਨੂੰਨੀ ਮਾਮਲੇ ਹਨ, ਪ੍ਰਸ਼ਾਸਨਿਕ ਉਪ ਨਿਯਮ ਵੀ ਇਹੀ ਘੜਦਾ ਹੈ ਅਤੇ ਕਾਊਂਸਲ ਵਲੋਂ ਪਾਸ ਨੀਤੀਆਂ ਲਾਗੂ ਕਰਵਾਉਣ ਦੀ ਜ਼ਿੰਮੇਵਾਰੀ ਇਸੇ ਸਿਰ ਆਉਂਦੀ ਹੈ। ਚੌਥਾ ਮੁੱਖ ਅਫ਼ਸਰ, ਚੀਫ਼ ਆਰਗੇਨਾਈਜੇਸ਼ਨਲ ਅਫ਼ਸਰ ਹੈ। ਇਹਦੇ ਅਧੀਨ ਵਿੱਤੀ ਵਿਕਾਸ ਅਤੇ ਲੋਕ ਸ਼ਮੂਲੀਅਤ ਨਾਲ ਜੁੜੇ ਚਾਰ ਵਿਭਾਗ ਹਨ। ਕਾਓਂਸਲ ਦਾ ਮੱਖ ਕੰਮ ਸਥਾਨਕ ਸਰਕਾਰਾਂ ਨੂੰ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਨਾ ਹੈ। ਕਾਊਂਸਲ ਦੀਆਂ ਵੱਖ-ਵੱਖ ਉਪ ਕਮੇਟੀਆਂ ਹਨ, ਇਨ੍ਹਾਂ ਵਲੋਂ ਪੇਸ਼ ਰਿਪੋਰਟਾਂ ਤੇ ਇਹ ਵਿਚਾਰ ਕਰਦੀ ਹੈ ਅਤੇ ਸਥਾਨਕ ਸਰਕਾਰ ਦੀਆਂ ਸ਼ਕਤੀਆਂ ਅਨੁਸਾਰ ਨਿਯਮ, ਉਪ ਨਿਯਮ, ਕਾਨੂੰਨ ਆਦਿ ਪਾਸ ਕਰਦੀ ਹੈ।

ਕਾਊਂਸਲ ਦਾ ਕੰਮਕਾਰ ਚਲਾਉਣ ਵਾਸਤੇ ਤਿੰਨ ਪ੍ਰਮੁੱਖ ਨੀਤੀਆਂ ਲਾਗੂ ਹਨ। ਪਹਿਲੀ ਹੈ ਮੇਅਰ ਵਾਸਤੇ ਪਰਚਾ ਨੀਤੀ ਅਠਾਈ ਮਈ 2001 ਦੀ ਜੋ ਅੱਠ ਫਰਵਰੀ 2011 ਤੱਕ ਲਾਗੂ ਹੈ। ਦੂਜੀ ਹੈ ਮੈਂਬਰਾਂ ਵਾਸਤੇ ਖਰਚਾ ਨੀਤੀ ਸੋਲਾਂ ਕਈ 2007 ਤੋਂ ਅੱਠ ਫਰਵਰੀ 2011 ਤੱਕ। ਤੀਜੀ ਹੈ, ਮੇਅਰ ਅਤੇ ਮੈਂਬਰਾਂ ਵਾਸਤੇ ਖਰਚਾ ਨੀਤੀ ਜੋ ਅੱਠ ਫਰਵਰੀ 2011 ਤੋਂ ਬਾਅਦ ਹੁਣ ਲਾਗੂ ਹੈ, ਨੌਂ ਫਰਵਰੀ 2011 ਦੀ।

ਇਸ ਤੋਂ ਬਿਨਾਂ ਸਫ਼ਰ ਭੱਤੇ ਮੇਅਰ, ਮੈਂਬਰ ਅਤੇ ਸਿਟੀ ਸਟਾਫ਼ ਵਾਸਤੇ ਨੀਤੀ 27 ਜੂਨ 2007 ਤੋਂ ਅਤੇ 9 ਫਰਵਰੀ 2011 ਤੋਂ। ਸਿਟੀ ਸਟਾਫ਼ ਦੇ ਬਿਜਨਸ ਖਰਚੇ ਬਾਰੇ ਨੀਤੀ 9 ਫਰਵਰੀ 2011 ਤੋਂ। ਅਮਰੀਕਨ ਐਕਸਪ੍ਰੈਸ ਬੈਂਕ ਦੇ ਖਰਚੇ ਕਾਰਡ ਦੀ ਨੀਤੀ ਜੋ ਮੇਅਰ, ਮੈਂਬਰ ਅਤੇ ਮੇਅਰ ਦੀ ਨਿੱਜੀ ਸਟਾਫ਼ 'ਤੇ ਲਾਗੂ ਹੈ। ਸਿਟੀ ਸਟਾਫ਼ ਲਈ ਡੈਬਿਟ ਕਾਰਡ ਖਰਚਾ ਨੀਤੀ 17 ਅਕਤੂਬਰ 2007 ਅਤੇ 1 ਜੂਨ 2012 ਦੀ। ਬੈਂਕ ਆਫ਼ ਮਾਂਟਕੀਅਲ (BMO) ਖਰੀਦ ਨੀਤੀ ਕਾਰਡ, ਮੇਅਰ, ਮੈਂਬਰਾਂ ਅਤੇ ਸਟਾਫ਼ ਵਾਸਤੇ ਹੈ। ਗੱਡੀਆਂ, ਕਾਊਂਸਲ ਅਤੇ ਉਚ ਅਧਿਕਾਰੀਆਂ ਵਾਸਤੇ ਖਰੀਦ ਨੀਤੀ ਇਕ ਜਨਵਰੀ 2001 ਤੋਂ ਲਾਗੂ। ਪੇਸ਼ਾਵਰ ਮੈਂਬਰਸ਼ਿਪ ਫੀਸਾਂ ਬਾਰੇ ਨੀਤੀ ਜੋ ਮੈਂਬਰਾਂ ਅਤੇ ਸਾਰੇ ਸਿਟੀ ਸਟਾਫ਼ ਵਾਸਤੇ ਹੈ 1 ਜਨਵਰੀ 2001 ਤੋਂ 8 ਫਰਵਰੀ 2011 ਤੱਕ ਅਤੇ 9 ਫਰਫਰੀ 2011 ਤੋਂ ਹੁਣ ਤੱਕ।

ਇਸ ਤੋਂ ਬਿਨਾਂ ਚੁਣੇ ਹੋਏ ਅਧਿਕਾਰੀਆਂ ਬਾਰੇ 1 ਜਨਵਰੀ 2004 ਦੀ ਖਰਚਾ ਨੀਤੀ ਹੈ। ਲੰਚ, ਡਿਨਰ ਅਤੇ ਸਪਾਂਸਰਸ਼ਿਪ ਬਾਰੇ ਖਰਚਾ ਨੀਤੀ 26 ਜਨਵਰੀ 2005 ਦੀ ਹੈ ਜੋ ਸਾਰਿਆਂ 'ਤੇ ਲਾਗੂ ਹੈ।

ਪੁੰਨ ਦਾਨ : ਡੋਨੇਸ਼ਨਜ਼ ਬਾਰੇ ਨੀਤੀ ਹੈ 12 ਜੂਨ 2006 ਦੀ।

ਕਮਿਊਨਿਟੀ ਕਾਰਜਾਂ ਬਾਰੇ ਖਰਚਾ ਨੀਤੀ ਹੈ ਇਕ ਅਕਤੂਬਰ 2001 ਦੀ।

ਇਸ ਤੋਂ ਬਿਨਾਂ ਖਰੀਦਦਾਰੀ ਕਰਨ ਵਾਸਤੇ ਨਿਯਮ ਅਤੇ ਉਪ ਨਿਯਮ ਹੇਠ ਲਿਖੇ ਅਨੁਸਾਰ ਹਨ।

ਨਿਯਮ 193-2007 ਦਾ ਅਤੇ 35, 2012 ਦਾ

ਜਨ ਵਰਤੋਂ ਵਾਸਤੇ ਫ਼ੀਸ ਨਿਯਮ 30-2003 ਦਾ

ਕੋਡ ਆਫ਼ ਕੰਡਕਟ 2011 ਤੋਂ ਲਾਗੂ ਕੀਤਾ ਗਿਆ ਹੈ।

ਉਪਰੋਕਤ ਖਰਚਾ, ਖਰੀਦਦਾਰੀ ਅਤੇ ਕਾਊਂਸਲ ਦੀ ਸੰਪਤੀ ਅਤੇ ਸਾਧਨਾਂ ਦੀ ਵਰਤੋਂ ਸਬੰਧੀ ਨੀਤੀਆਂ ਅਤੇ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਜਾਣ ਲੱਗੀਆਂ ਅਤੇ ਵਿੱਤੀ ਸਾਧਨ ਜਿਹੜੇ ਸ਼ਹਿਰ ਦੀ ਵਿਉਂਤਬੰਦੀ ਅਤੇ ਵਿਕਾਸ ਲਈ ਹੀ ਵਰਤੇ ਜਾਣੇ ਚਾਹੀਦੇ ਸਨ ਉਨ੍ਹਾਂ ਨੂੰ ਲੁੱਟਿਆ ਅਤੇ ਲੁਟਾਇਆ ਜਾਣ ਲੱਗਿਆ ਤਾਂ ਸਾਲ 2012-2013 ਵਿਚ ਆ ਕੇ ਕਾਊਂਸਲ ਦੇ ਕਾਰ ਵਿਹਾਰ ਬਾਰੇ ਲੋਕਲ ਮੀਡੀਏ ਵਿਚ ਕਾਫ਼ੀ ਚਰਚਾ ਹੋਣ ਲੱਗੀ। ਵੱਡੇ ਕੌਮੀ ਅੰਗਰੇਜ਼ੀ ਭਾਸ਼ੀ ਅਖ਼ਬਾਰਾਂ ਨੇ ਵੀ ਸਨਸਨੀਖੇਜ਼ ਖ਼ਬਰਾਂ, ਟਿੱਪਣੀਆਂ ਅਤੇ ਸੰਪਾਦਕੀਆਂ ਲਿਖੀਆਂ। ਵੈਸੇ ਤਾਂ ਹਕੀਕਤ ਇਹ ਹੈ ਕਿ ਇਹ ਵਰਤਾਰਾ ਸਿਰਫ਼ ਬਰੈਂਪਟਨ ਤੱਕ ਹੀ ਸੀਮਤ ਨਹੀਂ ਹੈ ਸਗੋਂ ਕੈਨੇਡਾ ਦਾ ਕੋਈ ਵੀ ਸ਼ਹਿਰ ਕੁਰੱਪਸ਼ਨ ਅਤੇ ਭ੍ਰਿਸ਼ਟਾਚਾਰ ਦੀ ਦਲਦਲ ਤੋਂ ਮੁਕਤ ਨਹੀਂ ਹੈ। 2010 ਵਿਚ ਬੀ.ਸੀ. ਦੇ ਇਕ ਛੋਟੇ ਜਿਹੇ ਸ਼ਹਿਰ ਐਬਟਸਫ਼ੋਰਡ ਵਿਚ ਵੀ ਅਜਿਹਾ ਹੀ ਦੌਰ ਚੱਲਿਆ। ਉਥੋਂ ਦਾ ਯੈਰਿਫ਼ ਅਤੇ ਐਜੂਕੇਸ਼ਨ ਜ਼ਿਲ੍ਹੇ ਦਾ ਮੁਖੀ ਵੀ ਸਿਟੀ ਕਾਊਂਸਲ ਨੂੰ ਅੰਦਾਜਨ ਚਾਰ ਲੱਖ ਡਾਲਰ ਦਾ ਚੂਨਾ ਲਾ ਕੇ ਦੂਜੀਆਂ ਹਰੀਆਂ ਚਰਾਂਦਾਂ ਵੱਲ ਖਿਸਕ ਗਏ। ਖ਼ੈਰ, ਜਦੋਂ "ਗਲੀ, ਗਲੀ ਮੇਂ ਸੋਰ ਹੈ...ਚੋਰ ਹੈ।" ਦੀਆਂ ਸੁਰਾਂ ਉਚੀਆਂ ਹੋਣ ਲੱਗੀਆਂ ਤਾਂ ਕਾਊਂਸਲ ਨੇ 20 ਨਵੰਬਰ 2013 ਨੂੰ ਜਨਤਕ ਫੈਸਲਾ ਕੀਤਾ ਕਿ ਕਾਊਂਸਲ ਦੇ ਕੀਤੇ ਖਰਚਿਆਂ ਜਿਨ੍ਹਾਂ ਵਿਚ ਮੇਅਰ ਉਸਦਾ ਨਿੱਜੀ ਸਟਾਫ਼, ਮੈਂਬਰ ਅਤੇ ਸਿਟੀ ਸਟਾਫ਼ ਸ਼ਾਮਲ ਹੈ, ਦੁਆਰਾ ਕੀਤੇ ਖਰਚਿਆਂ ਅਤੇ ਪ੍ਰਾਪਤ ਕੀਤੀਆਂ ਖਰਚਾ ਪੂਰਤੀਆਂ ਦਾ ਕਿਸੇ ਬਾਹਰਲੀ ਸਮਰੱਥ ਏਜੰਸੀ ਤੋਂ ਆਡਿਟ ਕਰਵਾਇਆ ਜਾਵੇ। ਪਹਿਲੀ ਦੇਖਣੀ ਤਾਂ ਪੂਰੀ ਕਾਊਂਸਲ ਹੀ ਕਸੂਰਵਾਰ ਹੈ ਕਿ ਇਸ ਨੇ ਸਾਲ 2011 ਵਿਚ ਕਾਊਂਸਲ ਦੇ ਵਿੱਤ ਵਿਭਾਗ ਤੋਂ ਖਰਚਿਆਂ ਦੀ ਅਗਾਊਂ ਮਨਜ਼ੂਰੀ ਦੇਣ ਦੀ ਵਿਵਸਥਾ ਖਤਮ ਕਰ ਦਿੱਤੀ ਹੈ ਅਤੇ ਇਸ ਬਾਰੇ ਕਈ ਮੈਂਬਰਾਂ ਨੇ ਆਪਣੇ ਬਿਆਨਾਂ ਵਿਚ ਆਖਿਆ ਹੈ ਕਿ ਉਨ੍ਹਾਂ ਨੂੰ ਤਾਂ ਭਰਮ ਸੀ ਕਿ ਕੀਤੇ ਜਾਣ ਵਾਲੇ ਖਰਚਿਆਂ ਨੂੰ ਵਿੱਤ ਵਿਭਾਗ ਹੀ ਮਨਜ਼ੂਰ ਕਰ ਰਿਹਾ ਹੈ।




**ਬਰੈਂਪਟਨ ਦੇ ਨਵੇਂ ਬਣੇ ਹੋਸਪੀਟਲ ਵਿਚ ਇਕ ਵਿਅਕਤੀ ਦੀ ਮੌਤ ਤੋਂ ਬਾਅਦ ਸਿਹਤ ਸੇਵਾਵਾਂ ਵਿਚ ਸੁਧਾਰ ਕਰਨ ਲਈ ਮੁਜ਼ਾਹਰੇ ਕਰਦੇ ਹੋਏ ਲੋਕ।**

20 ਨਵੰਬਰ 2013 ਦੇ ਫੈਸਲੇ ਦੀ ਰੌਸ਼ਨੀ ਵਿਚ ਆਡਿਟ ਕਰਨ ਵਾਸਤੇ ਉਂਨਟਾਰੀਓ ਦੀਆਂ ਚਾਰ ਵੱਡੀਆਂ ਸੀ.ਜ਼ੀ.ਏ. ਕੰਪਨੀਆਂ ਸ਼ਾਰਟ ਲਿਸਟ ਕੀਤੀਆਂ ਗਈਆਂ ਅਤੇ ਉਨ੍ਹਾਂ ਵਿਚੋਂ, ਡੀਆਲਟੀ ਐਲ ਐਲ ਪੀ ਨੂੰ ਕੰਮ ਅਪ੍ਰੈਲ 2014 ਵਿਚ ਆਪਣੀ ਰਿਪੋਰਟ ਨਸਰ ਕਰ ਦਿੱਤੀ ਹੈ।

ਕੰਪਨੀ ਨੇ ਖਰਚਿਆਂ ਦੇ ਵੇਰਵਿਆਂ ਨੂੰ ਤਿੰਨ ਮੁੱਖ ਭਾਗਾਂ ਵਿਚ ਰੱਖਿਆ ਹੈ।

ੳ) ਮੇਅਰ ਅਤੇ ਉਸਦੇ ਨਿੱਜੀ ਸਟਾਫ਼ ਵਲੋਂ ਕੀਤੇ ਖਰਚੇ ਅਤੇ ਉਨ੍ਹਾਂ ਵਲੋਂ ਪ੍ਰਾਪਤ ਕੀਤੀਆਂ ਅਦਾਇਗੀਆਂ

ਅ) ਮੈਂਬਰਾਂ ਵਲੋਂ ਕੀਤੇ ਖਰਚੇ ਅਤੇ ਪ੍ਰਾਪਤ ਕੀਤੀਆਂ ਅਦਾਇਗੀਆਂ

ੲ) ਕਾਊਂਸਲ ਅਧਿਕਾਰੀਆਂ ਅਤੇ ਸਿਟੀ ਸਟਾਫ਼ ਵਲੋਂ ਕੀਤੇ ਖਰਚੇ ਅਤੇ ਪ੍ਰਾਪਤ ਕੀਤੀਆਂ ਅਦਾਇਗੀਆਂ। ਪੂਰੀ ਰਿਪੋਰਟ ਦਾ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਉਪਰੋਕਤ ਤਿੰਨਾਂ ਹੀ ਭਾਗਾਂ ਦੇ ਖਰਚਿਆਂ ਵਿਚ ਕਾਊਂਸਲ ਦੀਆਂ ਪ੍ਰਵਾਨਤ ਨੀਤੀਆਂ ਨਿਯਮਾਂ ਅਤੇ ਉਪ ਨਿਯਮਾਂ ਦੀ ਕਿਧਰੇ ਵੀ ਪਾਲਣਾ ਨਹੀਂ ਕੀਤੀ ਗਈ। ਖਰਚੇ ਮਨਮਰਜ਼ੀ ਨਾਲ ਕੀਤੇ ਪ੍ਰਤੀਤ ਹੁੰਦੇ ਹਨ ਅਤੇ ਅਦਾਇਗੀਆਂ ਜੋ ਪ੍ਰਾਪਤ ਕੀਤੀਆਂ ਗਈਆਂ ਹਨ ਉਹ ਵੀ ਕਈ ਵਾਰ ਤਾਂ ਬਗੈਰ ਕੋਈ ਸਹਾਇਕ ਕਾਗਜ਼, ਪੱਤਰ, ਬਿੱਲ, ਰਸੀਦ ਆਦਿ ਲਾਇਆਂ ਹੀ ਪ੍ਰਾਪਤ ਕਰ ਲਏ ਗਏ ਹਨ। ਕਈ ਥਾਈਂ ਤਾਂ ਇਹ ਵੀ ਹੈ ਕਿ ਇਕੋ ਖਰਚੇ ਦੀ ਪ੍ਰਤੀ ਪੂਰਤੀ ਦੋ ਵਾਰ ਪ੍ਰਾਪਤ ਕੀਤੀ ਗਈ ਹੈ।

ਨਿਰੀਖਣਕਾਰਾਂ ਨੇ ਪ੍ਰਾਪਤ ਵੇਰਵਿਆਂ ਨੂੰ ਅੱਗੋਂ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਹੈ।


ੳ) ਜਿਨ੍ਹਾਂ ਖਰਚਿਆਂ ਦੇ ਪੂਰੇ ਕਾਗਜ਼ੀ ਦਸਤਾਵੇਜ਼, ਸਬੂਤ ਆਦਿ ਪੇਸ਼ ਕੀਤੇ ਗਏ।

ਅ) ਉਹ ਖਰਚੇ ਜਿਨ੍ਹਾਂ ਦੇ ਵੇਰਵੇ ਅਤੇ ਸਬੂਤ ਅਧੂਰੇ ਹਨ।

ੲ) ਅਜਿਹੇ ਖਰਚੇ ਵੀ ਪਾਏ ਗਏ ਹਨ ਜਿਨ੍ਹਾਂ ਦੇ ਕੋਈ ਕਾਗਜ਼ ਪੱਤਰ, ਸਬੂਤ ਆਦਿ ਕਾਊਂਸਲ ਦੇ ਰਿਕਾਰਡ ਵਿਚ ਹੈ ਹੀ ਨਹੀਂ।

ਜਦੋਂ ਨਿਰੀਖਣਕਾਰਾਂ ਨੇ ਸਿਟੀ ਸਟਾਫ਼ ਜਾਂ ਅਧਿਕਾਰੀਆਂ ਜਾਂ ਮੈਂਬਰਾਂ ਜਾਂ ਮੇਅਰ ਨਾਲ

We are again bringing to your attention an ongoing issue brought to your attention in Oct 2013 about metal grill installed in front of Patio door entrance instead of a walk out deck and it has still not been resolved. Please have a look at the attached picture. Can you please explain how our 90yrs young senior citizen, can jump 4 feet high metal grill and escape for her life in case of a fire. She is being penalized for being a honest taxpayer of this country and wants to enjoy the golden years of her life. What is her mistake ???. She bought a house that was unsafe and city officials went ahead to declare safe and give occupancy permit.



Please update residents of Marydel homes regarding implementation of orders passed by city PD&D on July 9th 2014 to change front design and metal grill at back side. WHY the orders are not implemented till now ???

Status update please. Residents are very upset at the slow working style of city officials and it may lead towards strong agitation. t is very critical that City enforces its own orders on the builders, otherwise the working of City Hall will come under big question that City officials cannot enforce there own safety orders from a builder. Otherwise City Hall should take a lead to compensate losses due to city negligence in following approved guidelines. We voted councilor's to represent poor homeowners concerns by becoming voice of community. Our feelings hurt when our elected voice don't stand by community.

Who allow builder to violate city bylaws to built unsafe houses.




ਇਸ ਸਬੰਧੀ ਵਾਰਤਾਲਾਪ ਰਾਹੀਂ ਜਾਣਨਾ ਚਾਹਿਆ ਤਾਂ ਉਨ੍ਹਾਂ ਵਲੋਂ ਇਸ ਤਰ੍ਹਾਂ ਦੇ ਜਵਾਬ ਦਿੱਤੇ ਗਏ।

1.) ਮੈਨੂੰ ਇਸ ਦੀ ਕੋਈ ਜਾਣਕਾਰੀ ਨਹੀਂ ਹੈ।

2.) ਇਸ ਖਰਚੇ ਲਈ ਕੌਣ ਜ਼ਿੰਮੇਵਾਰ ਹੈ ਕੋਈ ਪਤਾ ਨਹੀਂ।

3.) ਮੈਨੂੰ ਇਸ ਬਾਰੇ ਕੁਝ ਯਾਦ ਨਹੀਂ ਆਉਂਦਾ; ਜਿਵੇਂ ਅੱਜ ਕੱਲ੍ਹ ਦੇ ਕੰਪਿਊਟਰ ਯੁੱਗ ਵਿਚ ਕਾਊਂਸਲ ਦਾ ਕਾਰ ਵਿਹਾਰ ਯਾਦਦਾਸ਼ਤ ’ਤੇ ਨਿਰਭਰ ਹੋਵੇ।

ਨਿਰੀਖਣਕਾਰਾਂ ਨੇ 510 ਤੋਂ ਜ਼ਿਆਦਾ ਨੀਤੀਆਂ ਅਤੇ ਨਿਯਮਾਂ ਦੀਆਂ ਉਲੰਘਣਾਵਾਂ ਦੇ ਵੇਰਵੇ ਨਸਰ ਕੀਤੇ ਹਨ। ਇਨ੍ਹਾਂ ਬੇਨਿਯਮੀਆਂ ਨਾਲ ਲੱਖਾਂ ਡਾਲਰਾਂ ਦੇ ਖਰਚਿਆਂ ਦਾ ਸਵਾਲ ਖੜ੍ਹਾ ਹੈ। ਇਹ ਲੱਖਾਂ ਡਾਲਰ ਬਰੈਂਪਟਨ ਦੇ ਇਮਾਨਦਾਰ, ਮਿਹਨਤਕਸ਼ ਲੋਕਾਂ ਵਲੋਂ ਟੈਕਸਾਂ ਦੇ ਰੂਪ ਵਿਚ ਕਾਊਂਸਲ ਨੂੰ ਅਦਾ ਕੀਤੇ ਗਏ ਹਨ। ਲੋਕਾਂ ਤੋਂ ਵਸੂਲੇ ਧੰਨ ਦੀ ਵਰਤੋਂ ਸ਼ਹਿਰ ਦੀ ਬਿਹਤਰੀ ਵਾਸਤੇ ਹੋਵੇ ਇਸ ਦੇ ਲਈ ਕੌਣ ਜ਼ਿੰਮੇਵਾਰ ਹੈ? ਉਪਰੋਕਤ ਮਿਸਾਲ ਤਾਂ ਉਨ੍ਹਾਂ ਪਾਇਆਂ ਖਰਚਿਆਂ ਦੀ ਹੈ ਜਿਨ੍ਹਾਂ ਬਾਰੇ ਪੂਰੇ ਕਾਗਜ਼ੀ ਵੇਰਵੇ ਮਿਲਦੇ ਹਨ ਅਤੇ ਪੇਸ਼ ਕੀਤੇ ਗਏ ਹਨ। ਉਹ ਖਰਚੇ ਵੀ ਤਾਂ ਹਨ ਜਿਨ੍ਹਾਂ ਦੇ ਵੇਰਵੇ ਅਧੂਰੇ ਹਨ। ਇਨ੍ਹਾਂ ਦੀ ਗਿਣਤੀ 110 ਹੈ ਜੋ ਨੀਤੀਆਂ ਨਿਯਮਾਂ ਦੇ ਉਲਟ ਹੈ। ਤੀਜੀ ਕਿਸਮ ਦੇ ਖਰਚਿਆਂ ਦਾ ਉਕਾ ਹੀ ਕੋਈ ਸਬੂਤ ਜਾਂ ਸੰਬਧਤ ਕਾਗਜ਼ ਆਦਿ ਪੇਸ਼ ਨਹੀਂ ਹੈ। ਅਨਿਯਮਤ ਖਰਚਿਆਂ ਦੀਆਂ ਕੁਝ ਕੁ ਉਘੜਵੀਆਂ ਉਦਾਹਰਣਾਂ ਪੇਸ਼ ਹਨ।

1. ਕਾਊਂਸਲ ਦੀ ਲੰਚ ਡਿਨਰ ਦੀ ਨੀਤੀ ਹੈ 26 ਜਨਵਰੀ 2005 ਦੀ ਜਿਸ ਅਨੁਸਾਰ ਸ਼ਹਿਰ ਦੀ ਆਬਾ ਵਧਾਉਣ ਲਈ ਬਾਹਰਲੇ ਮਹਿਮਾਨਾਂ ਲਈ ਲੰਚ ਡਿਨਰ ਆਦਿ ਦਿੱਤਾ ਜਾਂਦਾ ਹੈ। ਮੈਂਬਰਾਂ ਨੇ ਇਸ ਦੀ ਵਰਤੋਂ ਆਪਣੇ ਪਰਿਵਾਰਕ ਮੈਂਬਰਾਂ ਨੂੰ ਛਕਾਉਣ ਵਾਸਤੇ ਕੀਤੀ। ਕਈ ਮੈਂਬਰ ਤਾਂ ਇਹ ਵੀ ਨਾ ਦੱਸ ਸਕੇ ਕਿ ਉਨ੍ਹਾਂ ਵਲੋਂ ਦਿੱਤੀਆਂ ਟਿਕਟਾਂ ਉਤੇ ਲੰਚ ਡਿਨਰ ਕੌਣ ਕਰ ਗਿਆ।

2. ਕਈ ਮੈਂਬਰਾਂ ਨੇ ਨਿੱਜੀ ਘਰੇਲੂ ਖਰਚਿਆਂ ਦੇ ਬਿੱਲ ਵੀ ਕਾਊਂਸਲ ਸਿਰ ਮੜ ਦਿੱਤੇ। ਜਦੋਂ ਨਿਰੀਖਕਾਂ ਨੇ ਕਾਰਨ ਪੁੱਛਿਆ ਤਾਂ ਇਹ ਕਹਿ ਕੇ ਖਹਿੜਾ ਛੁਡਵਾ ਲਿਆ ਕਿ ਮੋੜ ਦੇਵਾਂਗੇ।

3. ਕਈ ਮੈਂਬਰਾਂ ਨੇ ਇਕੋ ਖਰਚੇ ਦੀ ਅਦਾਇਗੀ ਦਓ ਵਾਰ ਵਸੂਲ ਕਰ ਲਈ ਜਿਵੇਂ ਸੁਘੜ ਸੁਆਣੀ ਨੂੰ ਜੇਬ ਪੈਂਦੇ ਡਾਲਰਾਂ ਦੀ ਕੋਈ ਗਿਣਤੀ ਹੀ ਨਾ ਹੋਵੇ।

4. ਕਾਊਂਸਲ ਦੀ ਇਕ ਨੀਤੀ ਹੈ ਕਿ ਜੇ ਕੋਈ ਪੇਸ਼ਾਵਰ ਵਰਕਰ ਆਦਿ ਪੂਰਾ ਸਮਾਂ ਕਾਊਂਸਲ ਦੇ ਰੋਲ ਤੇ ਹੈ ਤਾਂ ਉਸਦੀ ਸੰਸਥਾਗਤ ਫੀਸ ਆਦਿ ਕਾਊਂਸਲ ਫੰਡਾਂ ਵਿਚੋਂ ਕੀਤੀ ਜਾ ਸਕਦੀ ਹੈ ਜਿਵੇਂ ਵਕੀਲ, ਇੰਜੀਨੀਅਰ, ਆਰਕੀਟੈਕਟ ਆਦਿ ਸ਼ਰਤ ਇਹ ਕਿ ਮੈਂਬਰਸ਼ਿਪ ਬਰੈਂਪਟਨ ਨਾਲ ਹੀ ਸੰਬਧਤ ਹੋਵੇ ਤਾਂ। ਇਸ ਮਾਮਲੇ ਵਿਚ ਵੀ ਉਲੰਘਣਾ ਕੀਤੀ ਗਈ ਹੈ।

5. ਸਫ਼ਰ ਭੱਤੇ ਅਤੇ ਮਾਈਲੇਜ਼ ਖਰਚੇ– ਕਾਊਂਸਲ ਦੀਆਂ ਨੀਤੀਆਂ ਅਨੁਸਾਰ ਮੇਅਰ, ਮੈਂਬਰ ਅਤੇ ਸਟਾਫ਼ ਸਮੇਤ ਜੇ ਨਿੱਜੀ ਵਾਹਨ ਤੇ ਉਹ ਆਉਣ, ਜਾਣ 160 ਕਿਲੋਮੀਟਰ ਦਾ ਸਫ਼ਰ ਕਰਦੇ ਹਨ ਤਾਂ ਉਨ੍ਹਾਂ ਨੂੰ ਤੇਲ ਡੀਜ਼ਲ ਆਦਿ ਦਾ ਕੋਈ ਖਰਚਾ ਪੂਰਤੀ ਨਹੀਂ ਕੀਤੀ ਜਾਂਦੀ ਕਿਉਂਕਿ ਉਹਨਾਂ ਨੂੰ ਨਿੱਜੀ ਕਾਰ ਅਲਾਊਂਸ ਮਿਲਦਾ ਹੈ ਪਰ ਜੇ ਉਹ ਸਫ਼ਰ ਇਸ ਤੋਂ ਬਾਹਰ ਕਰਨ ਤਾਂ ਪ੍ਰਤੀ ਕਿਲੋਮੀਟਰ ਖਰਚਾ ਜੋ ਤੈਅ ਹੈ ਉਹ ਦਿੱਤਾ ਜਾਂਦਾ ਹੈ, ਪਰ ਉਸ ਵਿਚੋਂ ਫਿਰ 160 ਕਿਲੋਮੀਟਰ ਘਟਾਉਣਾ ਹੁੰਦਾ ਹੈ। ਪਰ ਕਿਸੇ ਵੀ ਮੈਂਬਰ ਨੇ ਇਸ ਨਿਯਮ ਦਾ ਪਾਲਣ ਨਹੀਂ ਕੀਤਾ।

6. ਮੇਅਰ, ਮੈਂਬਰਾਂ, ਮੇਅਰ ਸਟਾਫ਼ ਅਤੇ ਸਿਟੀ ਸਟਾਫ਼ ਨੇ ਅਮਰੀਕਨ ਐਕਸਪ੍ਰੈਸ ਅਤੇ ਸਿਟੀ ਕਾਰਡ ਦੀ ਵਾਰ–ਵਾਰ ਦੁਰਵਰਤੋਂ ਕੀਤੀ ਅਤੇ ਨਿੱਜੀ ਖਰੀਦਦਾਰੀਆਂ ਇਨ੍ਹਾਂ ’ਤੇ ਕੀਤੀਆਂ ਜਦੋਂ ਧਿਆਨ ਦਿਵਾਇਆ ਗਿਆ ਤਾਂ ਕਈਆਂ ਨੇ ਮਹੀਨੇ ਭਰ ਦੇ ਵਕਫ਼ੇ ਮਗਰੋਂ ਇਹ ਖਰਚੇ ਕਾਊਂਸਲ ਨੂੰ ਵਾਪਸ ਕਰ ਦਿੱਤੇ।

ਇਸ ਤਰ੍ਹਾਂ ਦੀਆਂ ਬੇਨਿਯਮੀਆਂ ਅਤੇ ਘਪਲੇਬਾਜ਼ੀਆਂ ਦੀ ਲਿਸਟ ਬਹੁਤ ਲੰਬੀ ਹੈ। ਸਾਰੀ ਨਿਰੀਖਣ ਰਿਪੋਰਟ ਵਿਚ ਇਕ ਵਧੀਆ ਕੰਮ ਦੀ ਸ਼ਲਾਘਾ ਵੀ ਕੀਤੀ ਗਈ ਹੈ। ਉਹ ਹੈ ਡਰੀਮਜ਼ ਟੇਕ ਫਲਾਈਟ 2011 ਅਤੇ 2013 । ਇਸ ਤਰ੍ਹਾਂ ਲੁਕਾ ਹੋਲਟਨ ਮੇਲਾ 2012, 133 ।

ਪਮਕਿਨ ਪਾਰਟੀ 2011, 2013 ਵੀ ਨਿਯਮਤ ਢੰਗ ਨਾਲ ਕੀਤੀਆਂ ਗਈਆਂ।

**ਇੰਡੀਆ ਟਰੇਡ ਮਿਸ਼ਨ**

2 ਜਨਵਰੀ 2013 ਤੋਂ 16 ਜਨਵਰੀ 2013 ਕਾਊਂਸਲ ਦਾ ਇਕ ਵਫ਼ਦਾ ਇੰਡੀਆ ਟਰੇਡ ਮਿਸ਼ਨ ਤੇ ਭਾਰਤ ਦੌਰੇ ’ਤੇ ਆਇਆ। ਇਸ ਵਫ਼ਦ ਵਿਚ ਸ਼ਾਮਲ ਵਿੱਕੀ ਢਿੱਲੋਂ ਅਤੇ ਸਾਈਲ ਮਾਈਲ ਨੇ 15 ਦਿਨਾਂ ਦੇ ਖਾਣੇ ਦੇ ਖਰਚਿਆਂ ਬਾਰੇ 1275 ਡਾਲਰ ਹਰ ਇਕ ਨੇ ਪ੍ਰਾਪਤ ਕੀਤੇ। ਨਿਰੀਖਕਾਂ ਨੇ ਜਦੋਂ ਪੁੱਛਿਆ ਕਿ ਕੀ ਤੁਹਾਨੂੰ ਭਾਰਤ ਵਿਚ ਮਹਿਮਾਨਾਂ ਵਜੋਂ ਖਾਣੇ ਨਹੀਂ ਪਰੋਸੇ ਗਏ ਤਾਂ ਦੋਵਾਂ ਨੇ ਲਿਖਤੀ ਜਵਾਬ ਦਿੱਤੇ ਕਿ ਦਿੱਤੇ ਗਏ ਸਨ। ਪਹਿਲੇ ਪੰਜਾਂ ਦਿਨਾਂ ਵਿਚ ਹੀ ਪੰਜ ਲੰਚ ਅਤੇ ਪੰਜ ਡਿਨਰ ਮਹਿੰਗੇ ਪੰਜ ਤਾਰਾ ਹੋਟਲਾਂ ਜਿਵੇਂ ਮੈਰੀਡੀਅਨ ਹੋਟਲ ਵਿਚ ਦਿੱਤੇ ਸਨ। ਇਸੇ ਤਰ੍ਹਾਂ ਡੈਲੀਗੇਟ ਸਪਰੋਵਰੀ ਨੇ ਵੀ 1975 ਡਾਲਰ ਖਰਚਾ ਪੂਰਤੀ ਲਈ। ਉਸ ਦਾ ਜਵਾਬ ਸੀ ਕਿ ਖਾਣਾ ਹੋਟਲ ਵਿਚ ਲੇਟ ਪਰੋਸਿਆ ਜਾਂਦਾ ਸੀ ਇਸ ਕਰਕੇ ਉਹ ਆਪਣਾ ਖਾਂਦਾ ਸੀ। ਉਸਨੇ ਇਹ ਵੀ ਆਖਿਆ ਕਿ ਉਹ ਭੋਜਨ ਵੇਲੇ ਹੋਟਲ ਵਿਚ ਹਾਜ਼ਰ ਹੁੰਦਾ ਸੀ ਅਤੇ ਉਹ ਕਾਊਂਸਲ ਨੂੰ ਪੈਸੇ ਮੋੜਨ ਲਈ ਤਿਆਰ ਹੈ।

ਮੁਕਦੀ ਗੱਲ ਇਹ ਸਬਕ ਪੜ੍ਹਾ ਦਿੱਤਾ ਹੈ “ਮੋਰਾਂ ਨੂੰ ਲੈ ਗਏ ਚੋਰ, ਤੈਨੂੰ ਚੋਰਾਂ ਨਾ ਕੀ? ਤੂੰ ਆਪਣੀ ਫ਼ਸੀ ਨਬੇੜ, ਤੈਨੂੰ ਹੋਰਾਂ ਨਾਲ ਕੀ?

ਪੰਜਾਬੀ ਦਾ ਅਖਾਣ ਹੈ ਕਿ ‘ਸੌ ਹੱਥ ਰੱਸਾ ਸਿਰੇ ’ਤੇ ਗੰਢ”। ਇਹ ਵਰਤਾਰਾ ਇਕੱਲੇ ਮੇਰੇ ਹੀ ਸ਼ਹਿਰ ਦਾ ਨਹੀਂ ਹੈ। ਇਸ ਤਰ੍ਹਾਂ ਦਾ ਵਰਤਾਰਾ ਸਰਮਾਏਦਾਰੀ ਨਿਜ਼ਾਮ ਦਾ ਅਨਿੱਖੜਵਾਂ ਅੰਗ ਹੈ। ਸੋ ਪੰਜਾਬੀ ਵੀਰ ਅੱਗੇ ਤੋਂ ਜੇ ਇਹ ਨਾ ਹੀ ਕਹਿਣ ਕਿ ਇਸੇ ਤਰ੍ਹਾਂ ਪੰਜਾਬ ਨਾਲੋਂ ਬੜੇ ਵਧੀਆ ਪ੍ਰਬੰਧ ਹਨ ਤਾਂ ਚੰਗਾ ਹੋਵੇਗਾ। ਉਨ੍ਹਾਂ ਦੀ ਲੋੜ ਹੈ ਕਿ ਇਸ ਸਿਸਟਮ ਦੇ ਅੰਦਰ ਤੱਕ ਦਰਸ਼ਨ ਕਰਨ ਦੇ ਸਮਰੱਥ ਹੋਣ। ਇਹ ਸਮਰੱਥਾ ਪ੍ਰਚਲਤ ਭਾਸ਼ਾ ਦੇ ਗਿਆਨ ਨਾਲ ਹੀ ਹਾਸਲ ਹੋ ਸਕਦੀ ਹੈ। ਪੰਜਾਬੀ ਹਫ਼ਤਾਵਾਰੀ ਉਨ੍ਹਾਂ ਨੂੰ ਪਿਛੇ ਦੀਆਂ ਖਰਬਾਂ ਹੀ ਪਰੋਸਦੇ ਰਹਿੰਦੇ ਹਨ; ਜਾਂ ਫਿਰ ਤਾਂਤਰਿਕ ਬਾਬਿਆਂ ਦੇ ਵੱਡ ਅਕਾਰੀ ਇਸ਼ਤਿਹਾਰਾਂ ਦੇ ਦਰਸ਼ਨ ਕਰਵਾਉਂਦੇ ਹਨ ਕਿ ਕਿਵੇਂ ਸਵਰਗਾਂ ਤੱਕ ਪਹੁੰਚਿਆ ਜਾ ਸਕਦਾ ਹੈ ਕਿਵੇਂ ਕਾਰੂ ਦਾ ਖਜ਼ਾਨਾ ਹਾਸਲ ਕੀਤਾ ਜਾ ਸਕਦਾ ਹੈ।

ਇਹ ਕੈਨੇਡਾ ਹੈ। ਪੰਜਾਬ ਨਹੀਂ। ਪੰਜਾਬ ਵਿਚ ਤਾਂ ਲੋਕ ਜਾਗਦੇ ਬਾਅਦ ਵਿਚ ਹਨ ਪਰ ਉਨ੍ਹਾਂ ਦਾ ਮਨਭਾਉਂਦਾ ਅਖ਼ਬਾਰ ਪਹਿਲਾਂ ਹੀ ਬੂਹਾਂ ਤੇ ਪਿਆ ਮਿਲਦਾ ਹੈ। ਕਿਥੇ ਧਰਨਾ ਵਜਿਆ? ਕਿਥੇ ਘਿਰਾਓ ਹੋਇਆ, ਕਿਥੇ ਲੋਕਾਂ ਨੇ ਮੰਤਰੀ ਨੂੰ ਘੇਰਿਆ? ਲੋਕਾਂ ਵਿਚ ਅਜੇ ਤਾਕਤ ਜੋ ਬਾਕੀ ਹੈ। ਇਥੋਂ ਦੇ ਸਰਮਾਏਦਾਰੀ ਨਿਜ਼ਾਮ ਨੇ ਲੋਕਾਂ ਨੂੰ ਨਿੱਥੇ ਅਤੇ ਨਿਸਲ ਕਰ ਦਿੱਤਾ ਹੈ।

# ਧੂਮ ਧੜੱਕਾ ਚੋਣਾਂ ਦਾ

ਇਨ੍ਹੀਂ ਦਿਨੀਂ ਉਨਟਾਰੀਓਂ ਦੀਆਂ ਸਿਟੀ ਚੋਣਾਂ ਦਾ ਮੈਦਾਨ ਪੂਰੀ ਤਰ੍ਹਾਂ ਭਖਿਆ ਹੋਇਆ ਹੈ। ਬਰੈਂਪਟਨ ਤੇ ਮਿਸੀਸਾਗਾ ਵਿੱਚ ਪੰਜਾਬੀ ਭਾਈਚਾਰੇ ਦੀ ਚੋਖੀ ਗਿਣਤੀ ਹੈ। ਇਸ ਭਾਈਚਾਰੇ ਦੇ ਲੋਕ ਇਨ੍ਹਾਂ ਚੋਣਾਂ ਵਿੱਚ ਪੂਰੀ ਸਰਗਰਮੀ ਨਾਲ ਹਿੱਸਾ ਲੈਂਦੇ ਹਨ। ਇਹ ਸਮਝਣ ਦੀ ਲੋੜ ਹੈ ਕਿ ਚੋਣਾਂ ਕੀ ਹਨ ਤੇ ਇਹਨਾਂ ਦੀ ਕੀ ਲੋੜ ਹੈ। ਜਮਹੂਰੀ ਸੰਸਥਾਵਾਂ ਵਿੱਚ ਲੋਕ ਆਪਣੀ ਵੋਟ ਦਾ ਇਸਤੇਮਾਲ ਕਰਕੇ ਨੁਮਾਇੰਦੇ ਚੁਣਦੇ ਹਨ ਜਿਨ੍ਹਾਂ ਉੱਤੇ ਉਸ ਸੰਸਥਾ ਨੂੰ ਚਲਾਉਣ ਦੀ ਜ਼ਿੰਮੇਵਾਰੀ ਹੁੰਦੀ ਹੈ। ਕਨੇਡਾ ਵਿੱਚ ਵੋਟ ਦਾ ਹੱਕ ਲੈਣ ਲਈ ਸਾਡੇ ਵਡੇਰਿਆਂ ਨੂੰ ਬਹੁਤ ਸੰਘਰਸ਼ ਕਰਨਾ ਪਿਆ। ਇਸ ਲਈ ਇਸ ਦੀ ਵਰਤੋਂ ਬਹੁਤ ਸਾਵਧਾਨੀ ਨਾਲ ਕਰਨ ਦੀ ਲੋੜ ਹੈ।

ਸਿਟੀ ਦੇ ਮੁੱਖ ਕੰਮ ਇਹ ਹਨ; ਕਾਨੂੰਨ ਵਿਵਸਥਾ ਬਣਾਈ ਰੱਖਣਾ, ਟਰਾਂਸਪੋਰਟ ਦੀ ਵਧੀਆ ਸਹੂਲਤ, ਰਿਹਾਇਸ਼ੀ ਇੰਡਸਟੀਅਲ ਤੇ ਵਪਾਰਕ ਜ਼ੋਨਾਂ ਦੀ ਵੰਡ, ਸਥਾਨਕ ਪੁਲੀਸ ਸੇਵਾਵਾਂ, ਫਾਇਰ ਬ੍ਰਿਗੇਡ, ਪਬਲਿਕ ਸੇਫਟੀ, ਬਿਜਲੀ ਪਾਣੀ ਸੇਵਾਵਾਂ, ਸਨੋਅ ਹਟਾਉਣਾ, ਗਾਰਬੇਜ ਚੁੱਕਣਾ, ਉਚੇਰੀ ਵਿੱਦਿਆ ਲਈ ਬਣਦਾ ਹਿੱਸਾ ਪਾਉਣਾ ਆਦਿ। ਇਹਨਾਂ ਕੰਮਾਂ ਨੂੰ ਪੂਰਾ ਕਰਨ ਲਈ ਚੁਣੇ ਹੋਏ ਨੁਮਾਇੰਦਿਆਂ ਨੇ ਪ੍ਰਬੰਧਕੀ ਅਫਸਰਾਂ ਦੀ ਨਿਗਰਾਨੀ, ਲੋੜ ਅਨੁਸਾਰ ਨਵੀਆਂ ਪਾਲਸੀਆਂ ਬਨਾਉਣਾ, ਆਪਣਾ ਵੱਧ ਸਮਾਂ ਉਪਰੋਕਤ ਕਾਰਜਾਂ ਦੀ ਪੂਰਤੀ ਲਈ ਲਾਉਣਾ ਚਾਹੀਦਾ ਹੈ। ਸਾਡੇ ਲਈ ਇਹ ਗੱਲ ਧਿਆਨ ਦੀ ਮੰਗ ਕਰਦੀ ਹੈ ਕਿ ਸਾਡੇ ਚੁਣੇ ਨੁਮਾਇੰਦਿਆਂ ਦਾ ਜਾਤੀ ਕਿਰਦਾਰ ਤੇ ਉਹਨਾਂ ਦੁਆਰਾ ਕੀਤੇ ਜਾ ਰਹੇ ਕੰਮ ਅਜਿਹੇ ਨਾ ਹੋਣ ਜਿਨ੍ਹਾਂ ਨਾਲ ਉਹਨਾਂ ਦੀ ਸ਼ਖਸੀਅਤ ਦਾਗੀ ਹੁੰਦੀ ਹੋਵੇ।

ਲੋਕ ਅਕਸਰ ਗਿਲਾ ਕਰਦੇ ਹਨ ਕਿ ਸਿਟੀ ਦੇ ਨੁਮਾਇੰਦੇ ਉਹਨਾਂ ਦੀਆਂ ਆਸਾਂ ਤੇ ਪੂਰਾ ਨਹੀਂ ਉਤਰਦੇ। ਬਾਅਦ ਵਿੱਚ ਗਿਲਾ ਕਰਨ ਦੀ ਥਾਂ ਵੋਟ ਪਾਉਣ ਵੇਲੇ ਸੁਚੇਤ ਹੋਣ ਦੀ ਲੋੜ ਹੈ। ਚੋਣਾਂ ਲੜ ਰਹੇ ਉਮੀਦਵਾਰਾਂ ਦੀ ਪਰਖ ਦੇ ਕੁੱਝ ਨੁਕਤੇ ਇਹ ਹਨ;–

–ਉਹਨਾਂ ਦਾ ਪਿਛਲੇ ਸਮੇ ਸੰਸਥਾਵਾਂ ਵਿੱਚ ਕੰਮ ਕਰਨ ਦਾ ਢੰਗ।

–ਇੱਕ ਟੀਮ ਦੇ ਤੌਰ ’ਤੇ ਕੰਮ ਕਰਨ ਦੀ ਭਾਵਨਾ ਤੇ ਯੋਗਤਾ।

–ਲੋਕ ਮਸਲਿਆਂ ਨੂੰ ਸਮਝਣ ਤੇ ਹੱਲ ਕਰਨ ਦੀ ਸਮਰੱਥਾ।

–ਰਾਜਨੀਤਕ ਸੂਝਬੂਝ ਤੇ ਦੂਰਅੰਦੇਸੀ।

–ਉੱਚਾ ਸੁੱਚਾ ਆਚਰਣ, ਹਉਮੈ ਤੇ ਚੌਧਰ ਦੀ ਭੁੱਖ ਤੋ ਰਹਿਤ ਆਦਿ।

ਉਹ ਆਪਣੀ ਡਿਊਟੀ ਸਬੰਧੀ ਇਮਾਨਦਾਰ ਹੋਵੇ, ਉਸ ਲਈ ਪੂਰਾ ਸਮਾਂ ਦੇਵੇ, ਉਸ ਵਿੱਚ ਦੂਜੇ ਨੁਮਾਇੰਦਿਆਂ ਨਾਲ ਵਿਚਾਰ ਵਟਾਂਦਰਾ ਕਰਕੇ ਸਮੱਸਿਆਵਾਂ ਹੱਲ ਕਰਨ ਦੀ ਯੋਗਤਾ ਹੋਵੇ। ਵੋਟਰਾਂ ਲਈ ਵੀ ਇਹ ਜ਼ਰੂਰੀ ਹੈ ਕਿ ਉਹ ਜਾਤਪਾਤ, ਧਰਮ, ਪਿਛਲੇ ਦੇਸ਼, ਰਿਸ਼ਤੇਦਾਰੀ ਤੇ ਜਾਣ–ਪਛਾਣ ਨੂੰ ਇੱਕ ਪਾਸੇ ਰੱਖਦੇ ਹੋਏ ਉਪਰੋਕਤ ਗੁਣਾਂ ਵਾਲੇ ਉਮੀਦਵਾਰਾਂ ਦੀ ਹੀ ਚੋਣ ਕਰਨ। ਅਜਿਹਾ ਕਰਨ ਨਾਲ ਹੀ ਅਸੀਂ ਆਪਣੇ ਨੁਮਾਇੰਦਿਆਂ ਤੋ ਠੀਕ ਕੰਮਾਂ ਦੀ ਆਸ ਰੱਖ ਸਕਦੇ ਹਾਂ।

**ਹਰਜੀਤ ਬੇਦੀ, ਪਰਮਜੀਤ ਬੜਿੰਗ**

905-794-8871, 905-913-2775

# Provide Windrow Clearing

This has been a very long, trying, and arduous winter, probably the most extreme since 1993.

A windrow is the snow left at the bottom of a driveway where it meets the street, after a snow plow has cleared a road.

Neighbouring communities like Vaughan provides windrow clearing for all homeowners immediately after the plow clears the snow from the street.

Mississauga and Oakville have windrow clearing policies for seniors and people with medical conditions.

As it stands, the plow does its thing, and Brampton homeowners are basically left to fend for themselves in clearing the huge and very heavy rock solid mound that remains. If you're unlucky enough to have the plow clear your side of the street first, you undoubtedly end up with a greater share of the street cleanup as opposed to your neighbours across the street.

Why is developing a windrow clearing program for homeowners in the City of Brampton important?

First, I will suggest that windrow clearing will increase productivity and mobility for all



Brampton residents (time savings).

Secondly, it will help alleviate undue stress on our senior population, widows, and people with medical conditions.

Thirdly, there will be an obvious health benefit through injury prevention, as these snow mounds are usually much heavier than the snow on the other parts of a property.

Brampton is the highly taxed municipality in Canada. After paying hefty amounts of taxes, the residents are obligated to get these essential services during the winter season.

Most importantly, everyone hates to clean the heavy, frozen, slushy, and it's compacted. It's hard to clean, and the plow usually shows up soon after I finish cleaning my driveway.


How to fund this ? I would suggest a start would be to cut the office budgets, unnecessary and useless spending by the City Mayor. By performing Transparent activities with the tax payers money and paying full tax on monthly salary, the savings achieved can be utilised to initiate the programme.


Implementing windrow clearing will lead to at least a happy community even in this stressful weather, be expensive, however it will pay itself back in added productivity, improved mobility, and improve the quality of life for the Brampton taxpayers you work for.

I hope we can get a favourable opinion from the Mayor office and local Councillors on the windrow clearing this election year.

**- Gurpreet Marwaha**

# ਹੜ੍ਹਨਾਮਾ : ਬਾਹਰ ਬੈਠਿਆਂ ਦੀ ਨਜ਼ਰ 'ਚ ਕਸ਼ਮੀਰ ਦੇ ਹੜ੍ਹਾਂ ਦਾ ਅੰਦਰਲਾ ਹਾਲ






**-ਗੌਹਰ ਫ਼ਾਜ਼ਿਲੀ**
**ਪੇਸ਼ਕਸ਼+ਅਨੁਵਾਦ: ਬੂਟਾ ਸਿੰਘ**

ਕਸ਼ਮੀਰ ਦੇ ਹੜ੍ਹ ਕਾਰਪੋਰੇਟ ਮੀਡੀਆ ਦੇ ਪ੍ਰਚਾਰ ਦੀ ਧੁੰਦ ਪਿਛਲੀ ਹਕੀਕਤ ਦੀ ਇਕ ਝਲਕੀ ਮੁਹੱਈਆ ਕਰ ਸਕਦੇ ਹਨ ਧੁੰਦ ਦੀ ਚਾਦਰ ਜੋ ਹੁਣ ਫਟਦੀ ਜਾ ਰਹੀ ਹੈ ਅਤੇ ਟਰੂਮੈਨ ਤਮਾਸ਼ੇ (1998) ਵਾਂਗ ਪਰਦੇ ਪਿਛਲੀ ਕਹਾਣੀ ਦੇ ਟੁਕੜੇ ਨੰਗੇ ਕਰਦੀ ਜਾਂਦੀ ਹੈ। ਇਸ ਵਕਤ ਕਸ਼ਮੀਰ ਵਿਚ ਤਿੰਨ ਕੁੰਜੀਵਤ ਕਿਰਦਾਰ ਹਨ: ਹੜ੍ਹ, ਸਟੇਟ ਅਤੇ ਅਵਾਮ। ਹਰ ਕੋਈ ਆਪੋ ਆਪਣੀ ਥਾਂ ਹੈ। ਸਟੇਟ ਦਾ ਇਕ ਅੰਗ ਸੂਬਾਈ ਹਕੂਮਤ ਤਾਂ ਪਾਣੀ ਦੇ ਆਉਣ ਤੋਂ ਪਹਿਲਾਂ ਹੀ ਲੜਖੜਾ ਗਿਆ। ਕਈ ਦਹਾਕਿਆਂ ਤੋਂ ਕਸ਼ਮੀਰ ਨੂੰ ਲਿਤਾੜਦੇ ਆ ਰਹੇ ਦੂਜੇ ਅੰਗ ਫ਼ੌਜ ਦੀ ਜਾਗ ਸੰਕਟ ਆਉਣ ਤੋਂ ਦੋ ਦਿਨ ਪਿੱਛੋਂ ਖੁੱਲ੍ਹੀ। ਫਿਰ ਵੀ ਇਸ ਦੀ ਤਰਜ਼ੀਹ ਅਮੀਰ ਹਿੰਦੁਸਤਾਨੀ ਸੈਲਾਨੀਆਂ ਅਤੇ ਰਿਆਸਤ ਤੋਂ ਬਾਹਰਲੀ ਸਥਾਪਤੀ ਦੇ ਚਹੇਤਿਆਂ ਨੂੰ ਬਚਾਉਣ ਦੀ ਸੀ। ਹੜ੍ਹ ਦੇ ਮੁੱਢਲੇ ਦਿਨਾਂ 'ਚ ਮੁਕਾਮੀ ਲੋਕ ਆਪਣੇ ਸਕੇ-ਸਬੰਧੀਆਂ ਨੂੰ ਬਚਾਉਣ ਲਈ ਆਪਣੀਆਂ ਜਾਨਾਂ ਜ਼ੋਖ਼ਮ 'ਚ ਪਾਉਂਦੇ ਰਹੇ। ਸਥਾਨਕ ਕਿਸ਼ਤੀਆਂ ਕਿਰਾਏ 'ਤੇ ਲੈ ਕੇ, ਪਾਣੀ ਵਿਚ ਤੈਰਕੇ, ਜਾਂ ਪਾਣੀ ਦੀਆਂ ਟੈਂਕੀਆਂ, ਕਾਰਾਂ ਦੀਆਂ ਟਿਊਬਾਂ, ਫੋਮ ਦੀਆਂ ਸ਼ੀਟਾਂ ਵਗੈਰਾ ਚੀਜ਼ ਹੱਥ ਲੱਗਦੀ ਹਰ ਚੀਜ਼ ਦੀਆਂ ਆਰਜੀ ਕਿਸ਼ਤੀਆਂ ਬਣਾਕੇ ਮਦਦ ਲਈ ਬਹੁੜਦੇ ਰਹੇ। ਬਾਕੀ ਦੇ ਜਾਂ ਤਾਂ ਡੁੱਬ ਗਏ ਜਾਂ ਫਿਰ ਘਰਾਂ ਦੀਆਂ ਛੱਤਾਂ 'ਤੇ ਚੜ੍ਹਕੇ ਪਾਣੀ ਤੋਂ ਬਚਣ ਦੇ ਯਤਨ ਕਰਦੇ ਰਹੇ।

ਪਹਿਲਾਂ ਲੋਕ ਐਨੇ ਪਾਣੀ ਦਾ ਕਿਆਸ ਹੀ ਨਹੀਂ ਕਰ ਸਕੇ। ਆਖ਼ਿਰ ਜਦੋਂ ਸ਼ਿਵਪੁਰਾ, ਰਾਜਬਾਗ਼, ਜਵਾਹਰ ਨਗਰ, ਗੋਗਲੀ ਬਾਗ਼ ਪਾਣੀ 'ਚ ਡੁੱਬ ਗਏ ਓਦੋਂ ਵੀ ਅਵਾਮ ਦੇ ਮਨਾਂ ਵਿਚ ਇਹੀ ਸੀ ਕਿ ਉਨ੍ਹਾਂ ਦੇ ਘਰ ਸਭ ਤੋਂ ਮਹਿਫ਼ੂਜ਼ ਜਗ੍ਹਾ ਹਨ। ਸਟੇਟ ਪ੍ਰਸ਼ਾਸਨ ਨੇ ਉਨ੍ਹਾਂ ਸਾਧਨਾਂ ਨੂੰ ਇਸਤੇਮਾਲ ਕਰਕੇ ਪਾਣੀ ਦੀ ਮਾਰ ਵਾਲੇ ਇਲਾਕਿਆਂ ਦੇ ਅਵਾਮ ਨੂੰ ਹੜ੍ਹ ਬਾਰੇ ਚੌਕਸ ਨਹੀਂ ਕੀਤਾ ਜਿਨ੍ਹਾਂ ਸਾਧਨਾਂ ਰਾਹੀਂ ਇਹ ਅਕਸਰ ਹੀ ਕਰਫ਼ਿਊ ਜਾਂ ਫ਼ੌਜ ਦੇ ਕਟਕ ਚਾੜ੍ਹਨ ਦੀਆਂ ਚੇਤਾਵਨੀਆਂ ਦਿੰਦੇ ਰਹਿੰਦੇ ਹਨ। ਉਲਟਾ ਮੀਡੀਆ ਜ਼ਰੀਏ ਮੌਸਮ 'ਚ ਸੁਧਾਰ ਦੀਆਂ ਉਮੀਦਾਂ ਦਿਖਾਕੇ ਲੋਕਾਂ ਨੂੰ ਅਵੇਸਲੇ ਕੀਤਾ ਗਿਆ। ਤੇ ਜਦੋਂ ਪਾਣੀ ਇਕਦਮ ਚੜ੍ਹ ਆਇਆ ਤਾਂ ਲੋਕਾਂ ਕੋਲ ਨਿਕਲਣ ਲਈ ਵਕਤ ਹੀ ਨਹੀਂ ਸੀ।

ਜਦੋਂ ਅਜੇ ਦੱਖਣੀ ਕਸ਼ਮੀਰ ਡੁੱਬ ਹੀ ਰਿਹਾ ਸੀ ਓਦੋਂ ਸ੍ਰੀਨਗਰ ਅਤੇ ਇਸ ਦੇ ਆਲੇ-ਦੁਆਲੇ ਦੇ ਨੀਵੇਂ ਖੇਤਰਾਂ ਨੂੰ ਖਾਲੀ ਕਰਾਉਣ ਲਈ ਤਿੰਨ-ਚਾਰ ਘੰਟੇ ਦੀ ਮੋਹਲਤ ਸੀ। ਪਰ ਇਸ ਪਾਸੇ ਕੋਈ ਕੋਸ਼ਿਸ਼ ਨਹੀਂ ਕੀਤੀ ਗਈ। ਮੁਹੱਲਿਆਂ ਵਿਚ ਡੌਂਡੀ ਪਿੱਟਕੇ ਜਾਂ ਹਿੰਦੁਸਤਾਨੀ ਕਾਰਪੋਰੇਟ ਚੈਨਲਾਂ ਜਾਂ ਮੁਕਾਮੀ ਦੂਰਦਰਸ਼ਨ ਉਪਰ ਸੰਕਟਕਾਲੀ ਹਾਲਤ ਦੀ ਕੋਈ ਚੇਤਾਵਨੀ ਨਹੀਂ ਦਿੱਤੀ ਗਈ। ਉਲਟਾ ਹਕੂਮਤ ਹੜ੍ਹਾਂ ਨਾਲ ਨਜਿੱਠਣ ਦੀ ਪੂਰੀ ਤਿਆਰੀ ਤੇ ਇਕ ਲੱਖ ਰੇਤੇ ਦੀਆਂ ਬੋਰੀਆਂ ਦੇ ਇੰਤਜ਼ਾਮ ਕੀਤੇ ਹੋਣ ਦੀਆਂ ਫੜ੍ਹਾਂ ਮਾਰਦੀ ਰਹੀ।

ਤੇ ਫਿਰ ਇਕਦਮ ਫ਼ੋਨ ਪ੍ਰਣਾਲੀ ਠੱਪ ਹੋ ਗਈ। ਜਦੋਂ ਬੈਟਰੀਆਂ ਖ਼ਤਮ ਹੋਣ 'ਤੇ ਆ ਗਈਆਂ ਤਾਂ ਇੰਟਰਨੈੱਟ ਸੰਚਾਰ ਦਾ ਆਖ਼ਰੀ ਜ਼ਰੀਆ ਵੀ ਬੰਦ ਹੋ ਗਿਆ। ਫਿਰ ਮੁਕਾਮੀ ਆਨ-ਲਾਈਨ ਖ਼ਬਰਾਂ ਦੇ ਨੈੱਟ-ਵਰਕ ਵੀ ਦਮ ਤੋੜ ਗਏ। ਜੰਗ ਦੌਰਾਨ ਹਮੇਸ਼ਾ ਚਲਦੇ ਰਹਿਣ ਵਾਲੇ ਰੇਡੀਓ ਤੇ ਟੈਲੀਵਿਜ਼ਨ ਚੈਨਲਾਂ ਦੀ ਆਵਾਜ਼ ਵੀ ਆਉਣੋ ਹਟ ਗਈ। ਇਨ੍ਹਾਂ ਹਾਲਾਤ 'ਚ ਕਸ਼ਮੀਰ ਜਾਂ ਦਿੱਲੀ ਦੀ ਅਥਾਰਟੀ ਨੂੰ ਕੋਈ ਮਦਦ ਲਈ ਕਿਵੇਂ ਸੰਪਰਕ ਕਰੇ। ਇਹ ਹਾਲਾਤ ਇਹ ਲਫ਼ਜ਼ ਲਿਖੇ ਜਾਣ ਵਕਤ ਵੀ ਬਣੇ ਹੋਏ ਹਨ। ਸੰਚਾਰ-ਸੇਵਾਵਾਂ ਦਾ ਠੱਪ ਹੋਣਾ ਅਤੇ ਕਸ਼ਮੀਰ 'ਚ ਮੋਦੀ ਦੀ ਫੇਰੀ ਇਕੋ ਵਕਤ ਹੀ ਵਾਪਰੇ। ਅਸੀਂ ਤਾਂ ਇਹੀ ਸਮਝਿਆ ਕਿ ਹਮੇਸ਼ਾ ਵਾਂਗ 'ਸੁਰੱਖਿਆ' ਕਾਰਨਾਂ ਕਰਕੇ ਸੰਚਾਰ-ਸੇਵਾਵਾਂ ਬੰਦ ਕੀਤੀਆਂ ਗਈਆਂ ਹਨ, ਜਿਵੇਂ ਉਥੇ ਆਮ ਹੀ ਵਾਪਰਦਾ ਹੈ। ਪਰ



# ਹੜ੍ਹਾਂ ਵਿਚ ਹਿੰਦੁਸਤਾਨੀ ਫ਼ੌਜ ਦੀ ਭੂਮਿਕਾ ਅਤੇ ਮੀਡੀਆ

**-ਇਕਬਾਲ ਸੋਨੌਲਾ**
**ਪੇਸ਼ਕਸ਼+ਅਨੁਵਾਦ: ਬੂਟਾ ਸਿੰਘ**

ਜਦੋਂ ਸ੍ਰੀਨਗਰ ਦੇ ਲੋਕਾਂ ਨੇ ਹਿੰਦੁਸਤਾਨੀ ਫ਼ੌਜ ਅਤੇ ਇਸ ਦੇ ਹੈਲੀਕਾਪਟਰਾਂ ਨੂੰ ਜ਼ਮੀਨ 'ਤੇ ਨਹੀਂ ਉਤਰਨ ਦਿੱਤਾ ਤਾਂ ਫ਼ੌਜ ਦੀ ਭੂਮਿਕਾ ਬਾਰੇ ਸ਼ਬਦ-ਆਡੰਬਰੀ ਲਿੱਪਾਪੋਚੀ ਦੇ ਪਰਖੱਚੇ ਉਡ ਗਏ। ਇਹ ਕਸ਼ਮੀਰ ਦਾ ਸੱਚ ਹੈ : ਘੋਰ ਸੰਕਟਮਈ ਹਾਲਤ 'ਚ ਵੀ ਹਿੰਦੁਸਤਾਨ ਦੀ ਚਾਲਬਾਜ਼ ਮਦਦ ਦਾ ਸਵਾਗਤ ਨਹੀਂ ਹੋ ਰਿਹਾ।

ਇਸ ਵਕਤ ਕਸ਼ਮੀਰ ਜਿਉਂਦੇ-ਜਾਗਦੇ ਇਤਿਹਾਸ ਦੀ ਬੇਮਿਸਾਲ ਪਰਲੋ ਦੀ ਲਪੇਟ 'ਚ ਹੈ। ਜਾਨੀ ਤੇ ਮਾਲੀ ਨੁਕਸਾਨ ਕਲਪਨਾ ਤੋਂ ਪਰੇ ਹੈ। ਅਜਿਹੇ ਹਾਲਾਤ 'ਚ ਲੋਕ ਬਚਾਓ ਦੇ ਹਰ ਹਾਸਲ ਵਸੀਲੇ 'ਤੇ ਨਿਰਭਰ ਹੋ ਜਾਂਦੇ ਹਨ। ਜਦੋਂ ਜੰਮੂ-ਕਸ਼ਮੀਰ ਹਕੂਮਤ ਨੇ ਹੱਥ ਖੜ੍ਹੇ ਕਰ ਦਿੱਤੇ ਤਾਂ ਸਥਾਨਕ ਨੌਜਵਾਨ ਵੱਡੀਆਂ ਬਚਾਓ ਮੁਹਿੰਮਾਂ ਚਲਾਉਣ ਲਈ ਅੱਗੇ ਆਏ।

ਬੇਸ਼ਕ ਹਿੰਦੁਸਤਾਨੀ ਫ਼ੌਜ ਵੀ ਕੁਝ ਛੋਟੇ ਪੱਧਰ ਦੇ ਬਚਾਓ ਕਾਰਜਾਂ ਵਿਚ ਸ਼ਾਮਲ ਹੈ। ਪਰ ਹੈਰਤਅੰਗੇਜ਼ ਤਾਂ ਇਹ ਹੈ ਕਿ ਹਿੰਦੁਸਤਾਨੀ ਮੀਡੀਆ ਫ਼ੌਜ ਵਲੋਂ ਨਿਭਾਈ ਭੂਮਿਕਾ ਨੂੰ ਹੀ ਕਿਉਂ ਐਨਾ ਸਿਰ ਚੁੱਕ ਰਿਹਾ ਹੈ? ਅਜਿਹੇ ਮਨੁੱਖੀ ਸੰਕਟ ਦੀ ਘੜੀ ਜੇ ਫ਼ੌਜ ਨੇ ਕੁਝ ਲੋਕਾਂ ਦੀ ਜਾਨ ਬਚਾ ਦਿੱਤੀ, ਤਾਂ ਇਸ ਨਾਲ ਹਿੰਦੁਸਤਾਨੀ ਹਕੂਮਤ ਕਸ਼ਮੀਰ ਵਿਚਲੇ ਆਪਣੇ ਮੁਜਰਮਾਨਾ ਇਤਿਹਾਸ ਤੋਂ ਬਰੀ ਨਹੀਂ ਹੋ ਜਾਂਦੀ। ਮੈਂ ਦੱਸਦਾ ਹਾਂ ਕਿਉਂ?

ਹੜ੍ਹਾਂ ਦੀ ਪੇਸ਼ੀਨਗੋਈ ਦੇ ਬਾਵਜੂਦ ਅਥਾਰਟੀਜ਼ ਵਲੋਂ ਜ਼ਿਆਦਾਤਰ ਬਜਟ ਹਜੂਮ ਲਈ ਨਜਿੱਠਣ ਲਈ ਜ਼ਾਲਮ ਤੋਂ ਜ਼ਾਲਮ ਹਥਿਆਰ ਖ਼ਰੀਦਣ ਉਪਰ ਖ਼ਰਚਿਆ। ਜਿਵੇਂ ਮਿਰਚਾਂ ਦੀ ਸਪਰੇਅ ਕਰਨ ਵਾਲੇ ਹਥਿਆਰ, ਅੱਥਰੂ ਗੈਸ ਦੇ ਕਨੱਸਤਰ ਵਗੈਰਾ। 'ਅੰਦੋਲਨਾਂ ਦੀ ਦਹਿਸ਼ਤਗਰਦੀ' ਨੂੰ ਨੇਸਤੋ-ਨਾਬੂਦ ਕਰਨ ਲਈ ਇਨ੍ਹਾਂ ਨੂੰ ਘਾਤਕ ਹਥਿਆਰਾਂ ਦੀ ਹੀ ਲੋੜ ਹੈ। ਜਨਾਬ ਉਮਰ ਅਬਦੁੱਲਾ ਤੇ ਇਸ ਦੇ ਦਿੱਲੀ ਵਿਚ ਬੈਠੇ ਬੌਸ ਉਨ੍ਹਾਂ ਹਾਲਾਤ ਲਈ ਪਹਿਲ-ਪ੍ਰਿਥਮੇ ਜ਼ਿੰਮੇਵਾਰ ਹਨ ਜੋ ਅੱਜ ਸਾਡੇ ਸਾਹਮਣੇ ਹੈ। ਕੁਦਰਤੀ ਆਫ਼ਤ ਤਾਂ ਰੋਕਣੀ ਸੰਭਵ ਨਹੀਂ ਪਰ ਢੁੱਕਵੇਂ ਇੰਤਜ਼ਾਮਾਂ ਨਾਲ ਨੁਕਸਾਨ ਘਟਾਉਣਾ ਤਾਂ ਸੰਭਵ ਸੀ। ਪਰ ਤੁਹਾਨੂੰ ਕਾਹਦਾ ਫ਼ਿਕਰ ਹੈ; ਤੁਹਾਡੀ ਰਾਖੀ ਲਈ ਹਿੰਦੁਸਤਾਨੀ ਮੀਡੀਆ ਜੁ ਹਾਜ਼ਰ ਹੈ।

ਹੜ੍ਹਾਂ ਮਾਰੇ ਕਸ਼ਮੀਰ ਵਿਚ ਹਿੰਦੁਸਤਾਨੀ ਫ਼ੌਜ ਦੀ ਭੂਮਿਕਾ ਬਾਰੇ ਮੀਡੀਆ ਦੇ ਧੂੰਆਂਧਾਰ ਪ੍ਰਚਾਰ ਵਿਚ ਪਰਾਇਆਪਣ ਗੁੱਝਾ ਨਹੀਂ ਹੈ। ਇਥੇ ਕਬਜ਼ਾ ਬਣਾਈ ਰੱਖਣ ਲਈ ਹਿੰਦੁਸਤਾਨ ਨੂੰ ਕੂੜ-ਪ੍ਰਚਾਰ ਤਾਂ ਜਾਰੀ ਰੱਖਣਾ ਹੀ ਪਵੇਗਾ। ਇਸ ਖ਼ਾਤਰ ਮੀਡੀਆ ਨੂੰ ਇਹ ਯਕੀਨੀ ਬਣਾਉਣਾ ਹੀ ਪੈਣਾ ਹੈ ਕਿ ਖਿੜਨ ਤੋਂ ਪਹਿਲਾਂ ਹੀ ਸੱਚ ਦਾ ਕਤਲ ਹੋ ਜਾਵੇ। ਘੋਰ ਮਨਘੜਤ ਕਹਾਣੀਆਂ, ਬੇਈਮਾਨੀ ਦਾ ਮੁਜ਼ਾਹਰਾ, ਕਾਤਲਾਨਾ ਰਾਸ਼ਟਰੀ ਹਿੱਤਾਂਦੀ ਤਰਜ਼ਮਾਨੀ ਅਤੇ ਵਹਿਸ਼ੀ ਫ਼ੌਜੀ ਤਾਕਤਾਂ ਦੀ ਰਾਖੀ : ਇਹ ਹਿੰਦੁਸਤਾਨੀ ਮੀਡੀਆ ਦਾ ਦਹਾਕਿਆਂ ਤੋਂ ਚਲਿਆ ਆ ਰਿਹਾ ਦਸਤੂਰ ਹੈ।

ਜਦੋਂ ਤਾਈਂ ਹਿੰਦੁਸਤਾਨੀ ਮੀਡੀਆ ਦੀ ਸਮੱਗਰੀ ਕਸ਼ਮੀਰ ਬਾਰੇ ਫ਼ੌਜ ਦੇ ਪ੍ਰੈੱਸ-ਬਿਆਨਾਂ ਪੱਖੀ ਰਹੇਗੀ, ਇਸ ਮੁਲਕ ਦਾ ਅਵਾਮ ਸਚਾਈ ਤੋਂ ਵਾਂਝਾ ਹੀ ਰਹੇਗਾ। ਪੱਤਰਕਾਰੀ ਦੇ ਇਖ਼ਲਾਕ ਨਾਲ ਧ੍ਰੋਹ ਕਰਨ ਦੇ ਨਾਲ-ਨਾਲ ਇਹ ਪੱਤਰਕਾਰੀ ਦੀ ਜ਼ਮੀਰ ਦੀ ਮੌਤ ਵੀ ਹੈ। ਕਸ਼ਮੀਰ ਬਾਬਤ ਰਿਪੋਰਟ ਕਰਦੇ ਵਕਤ ਹਿੰਦੁਸਤਾਨੀ ਮੀਡੀਆ ਅਤੇ ਇਸ ਦੀ ਫ਼ੌਜ ਦੇ ਗੱਠਜੋੜ ਦਾ ਇਕ ਇਤਿਹਾਸ ਰਿਹਾ ਹੈ। ਹਿੰਦੁਸਤਾਨੀ ਫ਼ੌਜ ਕਸ਼ਮੀਰੀ ਅਵਾਮ ਦੇ ਕਤਲੇਆਮ ਕਰਦੀ ਹੈ, ਇਸ ਦਾ ਮੀਡੀਆ ਆਪਣੇ ਵਰਦੀਧਾਰੀਆਂ ਦੇ ਜੁਰਮਾਂ ਦੀ ਰਾਖੀ ਲਈ ਸੱਚ ਦੀ ਕਤਲੋਗ਼ਾਰਤ ਕਰਦਾ ਹੈ। ਇਸੇ ਨੂੰ ਤਾਂ ਪੱਤਰਕਾਰੀ 'ਤੇ ਕਲੰਕ ਕਿਹਾ ਜਾਂਦਾ ਹਨ।





ਇਹ ਤਾਂ ਅੱਜ ਤਾਈਂ ਸ੍ਰੀਨਗਰ ਦੇ ਉਨ੍ਹਾਂ ਕੁਝ ਥਾਵਾਂ 'ਤੇ ਵੀ ਨਹੀਂ ਚੱਲੀਆਂ ਜੋ ਹੜ੍ਹਾਂ ਤੋਂ ਬਚੇ ਰਹੇ। ਕੁਝ ਕੁ ਥਾਈਂ ਹੀ ਨੈੱਟਵਰਕ ਪ੍ਰਣਾਲੀ ਨੇ ਸੰਕੇਤ ਫੜਨੇ ਸ਼ੁਰੂ ਕੀਤੇ ਹਨ। ਚੋਖਾ ਸ਼ਹਿਰੀ ਖੇਤਰ ਅਤੇ ਜ਼ਿਆਦਾਤਰ ਪਿੰਡਾਂ ਦਾ ਅਜੇ ਵੀ ਫ਼ੋਨ ਜਾਂ ਸੜਕ ਜ਼ਰੀਏ ਸੰਪਰਕ ਨਹੀਂ ਹੈ। ਰਿਵਾਜੀ ਹਵਾਈ ਸਰਵੇਖਣ ਵਕਤ ਮੋਦੀ ਨੇ 200 ਕਿਸ਼ਤੀਆਂ ਅਤੇ 1000 ਕਰੋੜ ਰੁਪਏ ਦਾ ਐਲਾਨ ਕੀਤਾ। ਦਰਅਸਲ ਓਦੋਂ ਲੋਕਾਂ ਨੂੰ ਪਾਣੀ 'ਚੋਂ ਨਿਕਲਣ ਲਈ ਕਿਸ਼ਤੀਆਂ ਚਾਹੀਦੀਆਂ ਸਨ, ਰੁਪਏ ਓਦੋਂ ਉਨ੍ਹਾਂ ਦੇ ਕਿਸ ਕੰਮ।

ਮੈਂ ਆਪਣੇ ਜਿੰਨੇ ਕੁ ਵੀ ਮਿੱਤਰਾਂ ਤੇ ਸਕੇ-ਸਬੰਧੀਆਂ ਨਾਲ ਸੰਪਰਕ ਕਰ ਸਕਿਆ ਹਾਂ ਉਨ੍ਹਾਂ ਨੂੰ ਕਿਸੇ ਰਿਸ਼ਤੇਦਾਰ, ਕਿਸੇ ਜਾਨ ਜ਼ੋਖ਼ਮ 'ਚ ਪਾਉਣ ਵਾਲੇ ਹਿੰਮਤੀ ਜਾਂ ਮੁਕਾਮੀ ਨੌਜਵਾਨ ਵਾਲੰਟੀਅਰਾਂ ਨੇ ਬਚਾਇਆ। ਕੁਝ ਥਾਈਂ ਆਫ਼ਤ ਕੰਟਰੋਲ ਮਹਿਕਮੇ ਦਾ ਅਮਲਾ ਅਤੇ ਫ਼ੌਜ ਰਾਹਤ ਕਾਰਜਾਂ 'ਚ ਲੱਗੀ ਹੋਈ ਹੈ, ਪਰ ਇਹ ਕੋਈ ਜਥੇਬੰਦ ਯਤਨ ਨਹੀਂ। ਘੱਟੋਘੱਟ ਉਸ ਪੈਮਾਨੇ 'ਤੇ ਤਾਂ ਬਿਲਕੁਲ ਨਹੀਂ ਜਿਸ ਨਾਲ ਪਾਣੀ 'ਚ ਘਿਰੇ ਹੋਏ ਸਾਰੇ ਲੋਕਾਂ ਨੂੰ ਕੱਢਿਆ ਜਾ ਸਕਦਾ ਹੋਵੇ। ਇਹ ਲਿਖਣ ਦੇ ਵਕਤ ਵੀ ਫ਼ੌਜੀ ਛਾਉਣੀ ਦੇ ਐਨ ਨਾਲ ਲਗਦੇ ਸ਼ਿਵਪੁਰਾ ਅਤੇ ਇੰਦਰਾ ਨਗਰ ਵੀ ਪੂਰੇ ਖਾਲੀ ਨਹੀਂ ਕਰਾਏ ਜਾ ਸਕੇ ਜੋ ਸਟੇਟ ਦੀ ਅਸਫ਼ਲਤਾ ਦਾ ਸਬੂਤ ਹਨ। ਜੇ ਸ੍ਰੀਨਗਰ ਦੇ ਅਮੀਰ ਹਿੱਸੇ ਦੀ ਇਹ ਹਾਲਤ ਹੈ ਤਾਂ ਗ਼ਰੀਬ ਬਸਤੀਆਂ ਅਤੇ ਪੂਰੀ ਤਰ੍ਹਾਂ ਜਲ-ਥਲ ਪੇਂਡੂ ਇਲਾਕਿਆਂ ਦੀ ਹਾਲਤ ਦੀ ਕਲਪਨਾ ਕੀਤੀ ਹੀ ਜਾ ਸਕਦੀ ਹੈ।

ਕਸ਼ਮੀਰ ਵਿੱਚੋਂ ਆ ਰਹੀ ਸਭ ਤੋਂ ਪ੍ਰਮਾਣਿਕ ਤੇ ਯਕੀਨ-ਬੰਨਾਊ ਜਾਣਕਾਰੀ ਸਿਰਫ਼ ਉਨ੍ਹਾਂ ਵਾਲੰਟੀਅਰਾਂ ਵਲੋਂ ਰਿਕਾਰਡ ਕੀਤੇ ਵੀਡੀਓ ਕਲਿਪ ਹਨ ਜਿਨ੍ਹਾਂ ਬਸਤੀਆਂ 'ਚ ਉਨ੍ਹਾਂ ਦੀ ਪਹੁੰਚ ਹੋਈ। ਕੁਝ ਫੁਰਤੀਲੇ ਨੌਜਵਾਨਾਂ ਨੇ ਕਿਸੇ ਤਰ੍ਹਾਂ ਬੀ.ਐੱਸ.ਐੱਨ.ਐੱਲ. ਦੇ ਸਦਰ-ਮੁਕਾਮ ਪਹੁੰਚਕੇ ਬੁਰੇ ਹਾਲ ਸਮਿਆਂ ਦੇ ਇਹ ਵੀਡੀਓ ਇੰਟਰਨੈੱਟ ਉਪਰ ਅੱਪਲੋਡ ਕਰ ਦਿੱਤੇ। ਜਿਸ ਨਾਲ ਘਰਾਂ ਤੋਂ ਦੂਰ ਬੈਠਿਆਂ ਨੂੰ ਮੁਕੰਮਲ ਬਲੈਕ-ਆਊਟ ਦੀ ਹਾਲਤ 'ਚ ਕੁਝ ਜਾਣਕਾਰੀ ਮੁਹੱਈਆ ਹੋ ਗਈ।

ਕੌਮੀ ਮੀਡੀਆ ਦੀਆਂ ਗਿਰਝਾਂ ਤਾਂ ਹੈਲੀਕਾਪਟਰਾਂ ਉਪਰ ਵਕਤ ਜ਼ਾਇਆ ਕਰਨ ਅਤੇ ਫ਼ੌਜ ਦੀਆਂ ਘੋੜੀਆਂ ਗਾਉਣ 'ਚ ਮਸਰੂਫ਼ ਹਨ ਜਿਸ ਨੇ ਇਸ ਲਾਣੇ ਨੂੰ ਮੁਫ਼ਤੋ ਮੁਫ਼ਤੀ ਝੂਟੇ ਦੇ ਦਿੱਤੇ। ਉਹ ਤਾਂ ਕਸ਼ਮੀਰ ਦੀਆਂ ਨਦੀਆਂ ਅਤੇ ਅਹਿਮ ਥਾਵਾਂ ਦੇ ਨਾਵਾਂ ਦਾ ਉਚਾਰਨ ਵੀ ਗ਼ਲਤ ਹੀ ਕਰ ਰਹੇ ਹਨ। ਰਾਸ਼ਟਰਵਾਦੀ ਸ਼ਬਦ-ਆਡੰਬਰ ਰਚਕੇ ਅਤੇ ਕਸ਼ਮੀਰ ਦੇ ਨਾ-ਸ਼ੁਕਰੇ ਤੇ ਦੇਸ਼ਧ੍ਰੋਹੀ ਅਵਾਮ ਨੂੰ ਹਿੰਦੁਸਤਾਨੀ ਸਟੇਟ ਵਲੋਂ ਮਦਦ ਦੇ ਕੇ ਦਿਖਾਈ "ਦਰਿਆਦਿਲੀ" ਨੂੰ ਵਧਾ-ਚੜ੍ਹਾਕੇ ਪੇਸ਼ ਕਰਕੇ ਉਹ ਕਸ਼ਮੀਰੀਆਂ ਦੇ ਜ਼ਖ਼ਮਾਂ 'ਤੇ ਲੂਣ ਭੁੱਕ ਰਹੇ ਹਨ। ਉਨ੍ਹਾਂ ਨੂੰ ਇਹ ਕੋਈ ਨਹੀਂ ਦੱਸਦਾ ਕਿ ਜਨੇਵਾ ਕਨਵੈਨਸ਼ਨ ਤਹਿਤ ਸਟੇਟ ਆਪਣੇ ਅਧੀਨ ਲੋਕਾਂ ਦੀਆਂ ਜ਼ਿੰਦਗੀਆਂ ਬਚਾਉਣ ਦਾ ਪਾਬੰਦ ਹੈ। ਸੋਸ਼ਲ ਨੈੱਟਵਰਕ 'ਚ ਘੁਸਕੇ ਬਚਾਓ ਕਾਰਜਾਂ ਦੇ ਉਦੇਸ਼ ਨਾਲ ਮੁਹਿੰਮਾਂ ਚਲਾਉਣ ਵਾਲੇ ਹਿੰਦੁਸਤਾਨੀ ਰਾਸ਼ਟਰਵਾਦੀਆਂ ਅਤੇ ਫਿਰਕਾਪ੍ਰਸਤਾਂ ਦਾ ਵੱਗ ਇਸ ਦੁੱਖ ਨੂੰ ਹੋਰ ਵਧਾ ਰਹੇ ਹਨ। ਉਹ ਵੈੱਬ ਸਾਈਟਾਂ ਉਪਰ ਕਸ਼ਮੀਰੀਆਂ ਲਈ ਜ਼ਹਿਰੀਲੀ ਦਿਆਲਤਾ, ਘਿਰਣਾ ਅਤੇ ਅਪਮਾਨ ਉਗਲ ਰਹੇ ਹਨ। ਐਸੇ ਇਨਸਾਨੀ ਸੰਕਟ ਦੇ ਵਕਤ ਇਹ ਕੁਝ ਕਿੰਨਾ ਕਿਰਕਿਰਾ ਲਗਦਾ ਹੈ। ਅਸੀਂ ਇਕੋ ਵਕਤ ਹੜ੍ਹ ਅਤੇ ਨਫ਼ਰਤ ਦੀ ਕਾਂਗ ਨਾਲ ਜੂਝ ਰਹੇ ਹਾਂ। ਇਸ ਨਾਲ ਸਾਨੂੰ ਹਿੰਦੁਸਤਾਨ ਨਾਲ ਮੁੱਹਬਤ ਨਹੀਂ ਹੋ ਜਾਣੀ।

ਇਸ ਵਕਤ ਇਕ ਹਾਂਪੱਖ ਵੀ ਹੈ। ਬੰਕਰ, ਰੋਕਾਂ, ਫ਼ੌਜ ਦੀਆਂ ਕਿਲ੍ਹੇਬੰਦੀਆਂ, ਫ਼ੌਜ ਤੇ ਪੁਲਿਸ ਦੇ ਨਾਕੇ ਅਤੇ ਫ਼ੌਜੀ ਕੰਟਰੋਲ ਤੇ ਜਬਰ ਦੇ ਚਿੰਨ੍ਹ ਫ਼ਿਲਹਾਲ ਹੜ੍ਹਾਂ 'ਚ ਹੀ ਹੜ੍ਹ ਗਏ। ਇਸ ਨਾਲ ਅਵਾਮ ਨੂੰ ਇਸ ਸਭ ਕਾਸੇ ਤੋਂ ਕੁਝ ਅਣਕਿਆਸੀ ਰਾਹਤ ਮਿਲ ਗਈ। ਬੰਦੂਕਾਂ ਅਤੇ ਬਕਤਰਬੰਦ ਫ਼ੌਜੀ ਵਾਹਨ ਗਾਇਬ ਹਨ। ਹਾਲ ਦੀ ਘੜੀ ਲੋਕ ਮਰਜ਼ੀ ਨਾਲ ਇੱਧਰ-ਉੱਧਰ ਜਾਣ ਲਈ ਆਜ਼ਾਦ ਹਨ। ਇੰਞ ਲਗਦਾ ਹੈ ਉਹ ਹਰ ਥਾਂ ਦਿਨ-ਰਾਤ, ਪੈਦਲ, ਕਿਸ਼ਤੀਆਂ ਅਤੇ ਨਿੱਜੀ ਵਾਹਨਾਂ ਉਪਰ ਘੁੰਮਕੇ ਆਪਣੀ ਸਰਜ਼ਮੀਨ ਉਪਰ ਮੁੜ ਕਾਬਜ਼ ਹੋ ਰਹੇ ਹਨ। ਇਸ ਤ੍ਰਾਸਦੀ ਦੀ ਘੜੀ ਉਹ ਅਵਾਮ ਖ਼ਾਸ ਤਰ੍ਹਾਂ ਦੀ ਆਜ਼ਾਦੀ ਤੇ ਬੰਦ-ਖ਼ਲਾਸੀ ਮਹਿਸੂਸ ਕਰ ਰਹੇ ਹਨ। ਮੁਹੱਲਾ ਕਮੇਟੀਆਂ ਅਤੇ ਉਹ ਪੇਂਡੂ ਜਿਹੜੇ ਤਿਲ-ਫੁੱਲ ਮਦਦ ਲੈ ਕੇ ਬਹੁੜੇ ਉਹ ਸੜਕਾਂ ਕੰਢੇ ਲੰਗਰ ਲਾ ਕੇ ਬਿਪਤਾ 'ਚ ਫਸੇ ਤੇ ਹੜ੍ਹਾਂ ਮਾਰੇ ਅਵਾਮ ਨੂੰ ਖਾਣਾ ਦੇ ਰਹੇ ਹਨ। ਇਕ ਵੀਡੀਓ ਵਿਚ ਮੈਂ ਖ਼ੁਦ ਦੇਖਿਆ ਕਿ ਫ਼ਲਾਂ ਦਾ ਇਕ ਥੋਕ ਵਪਾਰੀ ਆਪਣੇ ਟਰੱਕ ਤੇ ਕੁਝ ਵਾਲੰਟੀਅਰਾਂ ਸਮੇਤ ਵੱਖੋ-ਵੱਖਰੇ ਮੁਹੱਲਿਆਂ 'ਚ ਹੜ੍ਹਾਂ ਮਾਰੇ ਲੋਕਾਂ ਨੂੰ ਫ਼ਲ ਵੰਡ ਰਿਹਾ ਹੈ। ਇਸ ਵੀਡੀਓ ਕਲਿੱਪ ਨੇ ਮੈਨੂੰ ਇਕਮੁੱਠਤਾ, ਕੁਰਬਾਨੀ ਅਤੇ ਆਜ਼ਾਦੀ ਦੀ ਉਹ ਯਾਦ ਤਾਜ਼ਾ ਕਰਵਾ ਦਿੱਤੀ ਜੋ ਅਸੀਂ ਆਖ਼ਰੀ ਵਾਰ 1989-90 ਦੇ ਅੰਦੋਲਨ ਵਕਤ ਮਹਿਸੂਸ ਕੀਤੀ ਸੀ ਜਦੋਂ ਉਥੇ ਸਟੇਟ ਦਾ ਕੰਟਰੋਲ ਨਹੀਂ ਸੀ ਰਿਹਾ। ਮੈਂ ਬਾਗ਼ੋਬਾਗ਼ ਹਾਂ ਕਿ ਦੋ ਦਹਾਕੇ ਲੰਮੇ ਬੇਰਹਿਮ ਵਹਿਸ਼ੀਕਰਨ ਨਾਲ ਉਹ ਭਾਵਨਾ ਮਰੀ-ਮੁੱਕੀ ਨਹੀਂ।

ਹਵਾਈ ਰਾਹਤ ਯਤਨ ਟਾਂਵੇਂ-ਟਾਂਵੇਂ ਹੀ ਹਨ ਅਤੇ ਜ਼ਿਆਦਾਤਰ ਅਮੀਰ ਸੈਲਾਨੀਆਂ ਤੇ ਵੀ.ਆਈ.ਪੀ. ਲਾਣੇ 'ਤੇ ਕੇਂਦਰਤ ਹਨ ਜਿਨ੍ਹਾਂ ਨੂੰ ਹਵਾਈ ਝੂਟੇ ਦੇ ਕੇ ਮਹਿਫ਼ੂਜ਼ ਥਾਵਾਂ 'ਤੇ ਲਿਜਾਇਆ ਗਿਆ ਹੈ। ਹੜ੍ਹਾਂ ਦੀ ਸਭ ਤੋਂ ਭੈੜੀ ਮਾਰ ਦਾ ਸ਼ਿਕਾਰ ਬਿਹਾਰ ਤੇ ਯੂ.ਪੀ. ਦੇ ਪ੍ਰਵਾਸੀ ਹੋਏ ਹਨ। ਉਹ ਅਜੇ ਵੀ ਉਨ੍ਹਾਂ ਥਾਵਾਂ 'ਤੇ ਘਿਰੇ ਹੋਏ ਹਨ ਜਿਥੇ ਨਾ ਕੋਈ ਰੈਣ-ਬਸੇਰਾ ਹੈ ਤੇ ਨਾ ਖਾਣ-ਪੀਣ ਦਾ ਸਮਾਨ। ਮੈਨੂੰ ਜਾਣਕਾਰੀ ਮਿਲੀ ਹੈ ਕਿ ਰਾਹਤ ਕਾਰਜਾਂ 'ਚ ਲੱਗੇ ਅੱਧੇ ਹੈਲੀਕਾਪਟਰ ਨਕਾਰਾ ਅਤੇ ਮਾੜੀ ਹਾਲਤ 'ਚ ਹਨ। ਦੇਸ-ਬਦੇਸ਼ ਵਸਦੇ ਕਸ਼ਮੀਰੀਆਂ ਅਤੇ ਹੋਰ ਸ਼ੁਭ-ਚਿੰਤਕਾਂ ਵਲੋਂ ਭੇਜੇ ਜਾ ਰਹੇ ਰਾਹਤ ਦੇ ਸਮਾਨ ਨੂੰ ਕਸ਼ਮੀਰ ਪਹੁੰਚਣ 'ਚ ਬਹੁਤ ਅੜਿੱਕਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਵਕਤ ਸ੍ਰੀਨਗਰ ਹਵਾਈ ਅੱਡਾ ਹੀ ਰਾਹਤ ਦਾ ਸਮਾਨ ਪਹੁੰਚਾਉਣ ਦਾ ਇਕੋ-ਇਕ ਜ਼ਰੀਆ ਹੈ ਉਥੇ ਵੀ ਬਥੇਰੇ ਅੜਿੱਕੇ ਹਨ। ਜ਼ਿਆਦਾਤਰ ਏਅਰਲਾਈਨਾਂ ਰਾਹਤ ਦੇ ਸਮਾਨ ਦੇ ਪੈਸੇ ਵਸੂਲ ਰਹੀਆਂ ਹਨ। ਆਫ਼ਤ ਮਾਰੇ ਹਰ ਥਾਂ ਦੀ ਤਰ੍ਹਾਂ ਇਥੇ ਵੀ ਸੰਵੇਦਨਹੀਣਤਾ ਦਾ ਬੋਲਬਾਲਾ ਹੈ।

ਕੇਂਦਰ ਦੀ ਪਕੜ ਰਹੀ ਨਹੀਂ। ਰਿਆਸਤੀ ਹਕੂਮਤ ਨੇ ਕਸ਼ਮੀਰੀਆਂ ਨੂੰ ਉਨ੍ਹਾਂ ਦੇ ਹਾਲ 'ਤੇ ਛੱਡ ਰੱਖਿਆ ਹੈ। ਕਸ਼ਮੀਰੀਆਂ ਤੋਂ ਭੈਭੀਤ, ਇਹ ਕੌਮਾਂਤਰੀ ਪੇਸ਼ੇਵਰ ਰਾਹਤ ਅਤੇ ਮੁੜ-ਵਸੇਬਾ ਕਾਰਵਾਈਆਂ ਦੀ ਇਜਾਜ਼ਤ ਨਹੀਂ ਦੇਵੇਗਾ ਜੋ ਇਸ ਵਕਤ ਕਸ਼ਮੀਰ ਨੂੰ ਬੁਰੀ ਤਰ੍ਹਾਂ ਦਰਕਾਰ ਹੈ। ਅਸੀਂ ਇਕੱਲੇ ਹੀ ਨਜਿੱਠ ਰਹੇ ਹਾਂ।






ਆਪਣੀ ਮਾਂ, ਭੈਣਾਂ, ਭਾਣਜੇ-ਭਾਣਜੀਆਂ ਨਾਲ ਮੇਰੀ ਗੱਲ ਅਜੇ ਹੋਣੀ ਹੈ। ਉਨ੍ਹਾਂ ਦੀ ਸੁੱਖਸਾਂਦ ਪਤਾ ਲਾਉਣ ਦਾ ਕੋਈ ਜ਼ਰੀਆ ਨਹੀਂ ਹੈ। ਕਸ਼ਮੀਰ ਤੋਂ ਬਾਹਰ ਰਹਿ ਰਹੇ ਮੇਰੇ ਵਰਗੇ ਕਸ਼ਮੀਰੀ ਭਰੇ-ਪੀਤੇ ਅਤੇ ਬਹੁਤ ਖ਼ਫ਼ਾ ਹਨ।

# ਕਸ਼ਮੀਰ ਦੇ ਅਜੋਕੇ ਹਾਲਾਤ ਦੇ ਕਸੂਰਵਾਰ ਕੌਣ ?

-ਪੁੰਨਿਆ ਪ੍ਰਸੂਨ ਬਾਜਪਾਈ
ਪੇਸ਼ਕਸ਼ : ਬੂਟਾ ਸਿੰਘ

ਘਾਟੀ ਅਤੇ ਝੀਲ ਦੀ ਖ਼ੂਬਸੂਰਤੀ ਨੇ ਹੀ ਕਸ਼ਮੀਰ ਨੂੰ ਜੰਨਤ ਬਣਾਇਆ ਪਰ ਅੱਜ ਇਹ ਦੋਵੇਂ ਹੀ ਜ਼ਿੰਦਗੀ ’ਤੇ ਹਾਵੀ ਹੋ ਗਈਆਂ ਹਨ। ਜੇਹਲਮ ਦਾ ਪਾਣੀ ਇਕ ਦਰਜਨ ਝੀਲਾਂ ਵਿਚ ਅਤੇ ਝੀਲਾਂ ਦਾ ਪਾਣੀ ਘਾਟੀ ਨੂੰ ਤਹਿਸ਼-ਨਹਿਸ਼ ਕਰਕੇ ਹੁਣ ਤਕ ਡੇਢ ਹਜ਼ਾਰ ਪਿੰਡਾਂ ਨੂੰ ਆਪਣੀ ਲਪੇਟ ਵਿਚ ਲੈ ਚੁੱਕਾ ਹੈ ਜਿਥੇ ਲੱਖਾਂ ਲੋਕਾਂ ਲਈ ਇਕੋ ਇਕ ਸਵਾਲ ਕਿਸੇ ਤਰ੍ਹਾਂ ਜਾਨ ਬਚਾਉਣ ਦਾ ਬਣ ਚੁੱਕਾ ਹੈ। ਆਧੁਨਿਕਤਾ ਦੀ ਚਾਦਰ ’ਚ ਲਿਪਟੀ ਘਾਟੀ ਹੜ੍ਹ ਦੀ ਤ੍ਰਾਸਦੀ ਨਾਲ ਇਕ ਝਟਕੇ ’ਚ ਹੀ ਸੱਤਵੀਂ ਸਦੀ ’ਚ ਪਹੁੰਚ ਗਈ ਹੈ ਜਦੋਂ ਸਿਰਫ਼ ਲੱਕੜ ਦੀ ਕਿਸ਼ਤੀ ਹੀ ਹੋਇਆ ਕਰਦੀ ਸੀ। ਪਰ ਅੱਜ ਕਸ਼ਮੀਰ ਨੇ ਪਹਿਲੀ ਦਫ਼ਾ ਉਹ ਸੱਚ ਨੇੜਿਓਂ ਤੱਕਿਆ ਹੈ ਜਦੋਂ ਹੱਥ ਵਿਚ ਮੋਬਾਈਲ ਹਨ ਫਿਰ ਵੀ ਗੱਲ ਨਹੀਂ ਹੋ ਸਕਦੀ ਕਿਉਂਕਿ ਸਾਢੇ ਤਿੰਨ ਸੌ ਟਾਵਰ ਡਿੱਗ ਚੁੱਕੇ ਹਨ। ਬਾਰਾਂ ਸੌ ਟਾਵਰਾਂ ਨੇ ਕੰਮ ਕਰਨਾ ਬੰਦ ਕਰ ਦਿੱਤਾ ਹੈ। ਡੇਢ ਹਜ਼ਾਰ ਬਿਜਲੀ ਦੇ ਟਰਾਂਸਫਾਰਮਰ ਪਾਣੀ ਵਿਚ ਡੁੱਬੇ ਹੋਏ ਹਨ। ਬਿਜਲੀ ਸਪਲਾਈ ਪੂਰੀ ਤਰ੍ਹਾਂ ਠੱਪ ਹੈ। ਘਾਟੀ ਵਿਚ ਮਹਿਜ 20ਫ਼ੀ ਸਦੀ ਘਰ ਹੀ ਦੋ-ਮੰਜ਼ਲੇ ਹਨ ਭਾਵ ਇਸ ਆਫ਼ਤ ਦੌਰਾਨ ਪਾਣੀ ਤੋਂ ਬਚਣ ਲਈ ਆਸਰਾ ਲੈਣ ਖ਼ਾਤਰ ਘਾਟੀ ਦੇ 12 ਲੱਖ ਲੋਕਾਂ ਲਈ ਕੋਈ ਜਗ੍ਹਾ ਹੀ ਨਹੀਂ ਹੈ। ਜ਼ਿਆਦਾਤਰ ਖੁੱਲ੍ਹੇ ਆਸਮਾਨ ਥੱਲੇ ਮਦਦ ਦੀ ਉਮੀਦ ’ਚ ਹਰ ਪਲ ਮੌਤ ਨੂੰ ਦੇਖ ਰਹੇ ਹਨ। ਡੱਲ, ਗੰਗਾਬਲ, ਸ਼ੇਸ਼ਨਾਗ, ਸਤਸਾਰ, ਮਾਨਸਬਲ, ਨੁੰਦਕੋਲ ਸਮੇਤ ਇਕ ਦਰਜਨ ਝੀਲਾਂ ਮੌਤ ਵਰਸਾਉਂਦੀਆਂ ਝੀਲਾਂ ਬਣ ਚੁੱਕੀਆਂ ਹਨ। ਹਾਲ ਹੀ ਵਿਚ ਮੋਦੀ ਨੇ ਇਕ ਹਜ਼ਾਰ ਕਰੋੜ ਦੀ ਮਦਦ ਦੇ ਐਲਾਨ ਨਾਲ ਹੈਲੀਕਾਪਟਰ ਦੌਰਾ ਕੀਤਾ ਹੈ। ਹਕੀਕਤ ਇਹ ਹੈ 50 ਲੱਖ ਲੋਕਾਂ ਲਈ ਐਲਾਨ ਕੀਤੀ ਰਾਹਤ ਸਮੱਗਰੀ ਸ੍ਰੀਨਗਰ ਸ਼ਹਿਰ ਵਿਚ ਹੀ ਖਪ ਰਹੀ ਹੈ। ਰੇਡੀਓ ਕਸ਼ਮੀਰ ਸਮੇਤ ਕੁਲ ਸੰਚਾਰ ਸੇਵਾਵਾਂ ਠੱਪ ਹਨ। ਇਹ ਭਿਆਨਕ ਮੰਜ਼ਰ ਤਾਂ ਨਜ਼ਰ ਆ ਰਿਹਾ ਹੈ ਕਿ ਕਸ਼ਮੀਰ ਦੀ ਪਛਾਣ ਹਜ਼ਰਤ ਬਲ, ਸ਼ਾਲੀਮਾਰ ਨਿਸ਼ਾਤ, ਚਸ਼ਮੇਸ਼ਾਹੀ ਸਭ ਕੁਝ ਪਾਣੀ ’ਚ ਡੁੱਬਿਆ ਹੋਇਆ ਹੈ ਪਰ ਇਹ ਕਲਪਨਾ ਤੋਂ ਹੀ ਪਰੇ ਹੈ ਕਿ ਉਨ੍ਹਾਂ ਇਲਾਕਿਆਂ ਦਾ ਕੀ ਹਾਲ ਹੋਵੇਗਾ ਜੋ ਸ੍ਰੀਨਗਰ ਤੇ ਬਾਕੀ ਹਿੱਸੇ ਨਾਲੋਂ ਪੂਰੀ ਤਰ੍ਹਾਂ ਕੱਟ ਚੁੱਕੇ ਹਨ। ਜਿਸ ਦੀ ਨਾ ਕੋਈ ਖ਼ਬਰਸਾਰ ਹੈ, ਜਿਥੇ ਨਾ ਰਾਹਤ ਸਮੱਗਰੀ ਪਹੁੰਚ ਰਹੀ ਹੈ। ਅਨੰਤਨਾਗ, ਕੁਲਗਾਮ ਪੁਲਵਾਮਾ, ਸ਼ੋਪੀਆ, ਬਾਰਾਮੂਲਾ, ਕੁੱਪਵਾੜਾ ਯਾਨੀ 25 ਤੋਂ 30 ਲੱਖ ਦੀ ਆਬਾਦੀ ਦਾ ਇਹ ਪੂਰਾ ਇਲਾਕਾ ਪਾਣੀ ਵਿਚ ਹੈ ਜਿਥੇ ਪਾਣੀ ’ਤੇ ਰੀਂਘਦੀ ਕਿਸ਼ਤੀ ਵੀ ਨਹੀਂ ਜਾ ਰਹੀ।ਆਸਮਾਨ ’ਚ ਮੰਡਰਾਉਂਦੇ 26 ਹੈਲੀਕਾਪਟਰ ਵੀ ਨਹੀਂ।




ਕਸ਼ਮੀਰ ਨੂੰ ਇਸ ਡੋਬੇ ਦੀ ਲਪੇਟ ’ਚ ਆਉਣ ਤੋਂ ਰੋਕਿਆ ਜਾ ਸਕਦਾ ਸੀ। ਘਾਟੀ ਦੇ ਹਜ਼ਾਰਾਂ ਪਿੰਡ ਪਾਣੀ ਵਿਚ ਜਿਸ ਕਦਰ ਡੁੱਬ ਗਏ ਉਨ੍ਹਾਂ ਨੂੰ ਬਚਾਇਆ ਜਾ ਸਕਦਾ ਸੀ। ਇਹ ਐਸੇ ਸਵਾਲ ਹਨ ਜੋ ਅੱਜ ਕਿਸੇ ਨੂੰ ਵੀ ਪ੍ਰੇਸ਼ਾਨ ਕਰ ਸਕਦੇ ਹਨ ਕਿ ਜੇ ਅਜਿਹਾ ਸੀ ਤਾਂ ਫਿਰ ਇੰਵ ਹੋਇਆ ਕਿਉਂ ਨਹੀਂ। ਦਰਅਸਲ, ਸਭ ਤੋਂ ਵੱਡਾ ਸਵਾਲ ਇਹੀ ਹੈ ਕਿ ਚਾਰ ਵਰ੍ਹੇ ਪਹਿਲਾਂ ਹੀ ਜੰਮੂ-ਕਸ਼ਮੀਰ ਦੇ ਹੜ੍ਹ ਕੰਟਰੋਲ ਮੰਤਰਾਲੇ ਨੇ ਇਸ ਦੇ ਸੰਕੇਤ ਦੇ ਦਿੱਤੇ ਸਨ ਕਿ ਆਉਣ ਵਾਲੇ ਪੰਜ ਵਰ੍ਹਿਆਂ ਵਿਚ ਕਸ਼ਮੀਰ ਨੂੰ ਡੁਬੋਣ ਵਾਲੇ ਹੜ੍ਹਾਂ ਦੀ ਤਬਾਹੀ ਆ ਸਕਦੀ ਹੈ। ਓਦੋਂ ਫਰਵਰੀ ਵਿਚ ਹੜ੍ਹ ਕੰਟਰੋਲ ਮੰਤਰਾਲੇ ਵਲੋਂ ਬਾਕਾਇਦਾ ਇਕ ਰਿਪੋਰਟ ਤਿਆਰ ਕੀਤੀ ਗਈ ਸੀ। ਜਿਸ ਨੂੰ ਘਾਟੀ ਤੋਂ ਛਪਦੇ ਗ੍ਰੇਟਰ ਕਸ਼ਮੀਰ ਨੇ 11 ਫਰਵੀ 2010 ਅੰਕ ’ਚ ਛਾਪਿਆ ਗਿਆ। ਉਸ ਵਕਤ ਕਸ਼ਮੀਰ ਵਿਚ ਤਬਾਹੀ ਦੇ ਸੰਕੇਤ ਦੀ ਗੱਲ ਸੁਣਕੇ ਕਸ਼ਮੀਰ ਤੋਂ ਲੈ ਕੇ ਦਿੱਲੀ ਤਕ ਹਕੂਮਤਾਂ ਹਰਕਤ ’ਚ ਜ਼ਰੂਰ ਆਈਆਂ ਪਰ ਛੇਤੀ ਹੀ ਸਿਆਸੀ ਚਾਲਾਂ ਵਿਚ ਉਲਝਕੇ ਰਹਿ ਗਈਆਂ। ਉਸ ਵਕਤ ਹੜ੍ਹ ਕੰਟਰੋਲ ਵਿਭਾਗ ਦੇ ਅਧਿਕਾਰੀਆਂ ਨੇ ਮੰਨਿਆ ਸੀ ਕਿ ਹੜ੍ਹ ਦੇ ਹਾਲਾਤ ਏਨੀ ਭਿਆਨਕ ਹੋ ਸਕਦੇ ਹਨ ਕਿ ਸਮੁੱਚਾ ਕਸ਼ਮੀਰ ਹੀ ਡੁੱਬ ਜਾਵੇਗਾ। ਬਾਕਾਇਦਾ ਡੇਢ ਲੱਖ ਕਿਊਸਕ ਪਾਣੀ ਦਰਿਆ ਤੋਂ ਨਿਕਲਣ ਦਾ ਜ਼ਿਕਰ ਕੀਤਾ ਗਿਆ ਸੀ। ਹੁਣ ਸੰਯੋਗ ਦੇਖੋ ਇਸ ਵਕਤ ਕਸ਼ਮੀਰ ਕਰੀਬ ਪੌਣੇ ਦੋ ਲੱਖ ਕਿਊਸਕ ਪਾਣੀ ਵਿਚ ਡੁੱਬਿਆ ਹੋਇਆ ਹੈ। ਰਿਪੋਰਟ ਦੇ ਅਨੁਸਾਰ ਇਸ ਦਾ ਅੰਦੇਸ਼ਾ ਪਹਿਲਾਂ ਹੀ ਜ਼ਾਹਰ ਕਰ ਦਿੱਤਾ ਗਿਆ ਸੀ ਕਿ ਕਸ਼ਮੀਰ ਬਾਕੀ ਹਿੱਸੇ ਨਾਲੋਂ ਪੂਰੀ ਤਰ੍ਹਾਂ ਕੱਟਿਆ ਜਾਵੇਗਾ। ਜੰਮੂ-ਸ੍ਰੀਨਗਰ ਮਾਰਗ ਹੜ੍ਹ ਵਿਚ ਵਹਿ ਜਾਵੇਗਾ। ਹਵਾਈ ਅੱਡੇ ਤਾਈਂ ਜਾਣ ਵਾਲੀ ਸੜਕ ਵੀ ਡੁੱਬ ਜਾਵੇਗੀ। ਅਤੇ ਘੱਟੋਘੱਟ ਹਾਲਾਤ ਉਹੀ ਹਨ ਜਿਸ ਦਾ ਜ਼ਿਕਰ ਚਾਰ ਵਰ੍ਹੇ ਪਹਿਲਾਂ ਦੀ ਰਿਪੋਰਟ ਵਿਚ ਕੀਤਾ ਗਿਆ ਸੀ। ਸਵਾਲ ਮਹਿਜ਼ ਹਾਲਾਤ ਐਨ ਉਵੇਂ ਹੀ ਹੋਣ ਦਾ ਨਹੀਂ ਹੈ ਸਗੋਂ ਹਾਲਾਤ ਐਸੇ ਨਾ ਹੋਣ ਇਸ ਦੇ ਲਈ ਹੜ੍ਹ ਕੰਟਰੋਲ ਮਹਿਕਮੇ ਨੇ ਬਾਕਾਇਦਾ ਦਸਤਾਵੇਜ਼ਾਂ ਦਾ ਜੋ ਬੰਡਲ ਟਰੱਕ ਵਿਚ ਲੱਦਕੇ ਦਿੱਲੀ ਭੇਜਿਆ ਸੀ ਉਸ ਨੂੰ ਗੰਭੀਰਤਾ ਨਾਲ ਨਾ ਲੈਣ ਦਾ ਹੈ।

ਸਮੁੱਚੀ ਰਿਪੋਰਟ ਜਲ ਸਰੋਤ ਮੰਤਰਾਲੇ ਦੇ ਦਫ਼ਤਰ ਪਹੁੰਚੀ ਸੀ। ਪਰ ਸਮੁੱਚੀ ਰਿਪੋਰਟ ਲੰਘੇ ਚਾਰ ਵਰ੍ਹੇ ਦਫ਼ਤਰ ’ਚ ਪਈ ਗਲਦੀ-ਸੜਦੀ ਰਹੀ। ਕਿਉਂਕਿ ਉਸ ਵਕਤ ਜੰਮੂ-ਕਸ਼ਮੀਰ ਦੇ ਹੜ੍ਹ ਕੰਟਰੋਲ ਮੰਤਰਾਲੇ ਨੇ ਕੇਂਦਰ ਤੋਂ 2200 ਕਰੋੜ ਰੁਪਏ ਦੇ ਬਜਟ ਦੀ ਮੰਗ ਕੀਤੀ ਸੀ। ਜਿਸ ਨੂੰ 500 ਕਰੋੜ ਰੁਪਏ ਦੀ ਕਿਸ਼ਤ ਦੇ ਹਿਸਾਬ ਨਾਲ ਦੇਣ ਲਈ ਕਿਹਾ ਗਿਆ। ਜਿਸ ਦੇ ਅਧਾਰ ’ਤੇ ਹੜ੍ਹ ਕੰਟਰੋਲ ਦੇ ਬੁਨਿਆਦੀ ਢਾਂਚੇ ਨੂੰ ਉਸਾਰਨ ਲਈ ਕੰਮ ਸ਼ੁਰੂ ਹੋ ਸਕੇ। ਪਰ ਓਦੋਂ ਕੇਂਦਰ ਵਿਚ ਮਨਮੋਹਨ ਸਿੰਘ ਦੀ ਹਕੂਮਤ ਨੇ ਮਾਰਚ ਮਹੀਨੇ ਵਿਚ 109 ਕਰੋੜ ਰੁਪਏ ਦੇਣ ਦਾ ਭਰੋਸਾ ਵੀ ਦਿਵਾਇਆ। ਪਰ ਨਾ ਦਿੱਲੀ ਤੋਂ ਕੋਈ ਬਜਟ ਸ੍ਰੀਨਗਰ ਪਹੁੰਚਿਆ। ਨਾ ਜੰਮੂ-ਸ੍ਰੀਨਗਰ ਹਕੂਮਤ ਇਸ ਦੌਰ ’ਚ ਕੋਈ ਬੁਨਿਆਦੀ ਢਾਂਚਾ ਖ਼ੁਦ ਹੀ ਬਣਾ ਸਕੀ ਜਿਸ ਨਾਲ ਹੜ੍ਹ ਨੂੰ ਰੋਕਿਆ ਜਾ ਸਕਦਾ। ਹੋਇਆ ਇਸ ਦੇ ਉਲਟ। ਲੰਘੇ ਦਸ ਵਰ੍ਹਿਆਂ ਵਿਚ ਕਸ਼ਮੀਰ ਵਿਚ ਕੋਈ ਐਸੀ ਜਗ੍ਹਾ ਹੀ ਨਹੀਂ ਬਚੀ ਜਿੱਥੋਂ ਹੜ੍ਹ ਦੇ ਪਾਣੀ ਦਾ ਨਿਕਾਸ ਕੀਤਾ ਜਾ ਸਕੇ। ਬੇਸਿਨ ਵਰਗੀਆਂ ਥਾਵਾਂ ਤਾਂ ਹੜ੍ਹ ਲਈ ਸੁਰਗ ਹੀ ਸਾਬਤ ਹੋਈਆਂ ਕਿਉਂਕਿ ਉਥੇ ਰਿਹਾਇਸ਼ੀ ਅਤੇ ਵਪਾਰਕ ਇਮਾਰਤਾਂ ਨੇ ਸਮੁੱਚੀ ਜ਼ਮੀਨ ਹੀ ਘੇਰ ਲਈ। ਯਾਨੀ ਹੜ੍ਹ ਦੀ ਜਿਸ ਤ੍ਰਾਸਦੀ ਦਾ ਅੰਦੇਸ਼ਾ ਚਾਰ ਵਰ੍ਹੇ ਪਹਿਲਾਂ ਕੀਤਾ ਗਿਆ ਸੀ ਉਸ ਤੋਂ ਅੱਖਾਂ ਬੰਦ ਕਰਕੇ ਕਸ਼ਮੀਰ ਨੂੰ ਜੰਨਤ ਦਾ ਨੂਰ ਬਣਾਉਣ ਦਾ ਸੁਪਨਾ ਦੇਖਣ ਵਾਲਿਆਂ ਨੇ ਕਦੇ ਮਹਿਸੂਸ ਹੀ ਨਹੀਂ ਕੀਤਾ ਕਿ ਜੇ ਐਸਾ ਹੋਵੇਗਾ ਤਾਂ ਫਿਰ ਇਹ ਮੰਜ਼ਰ ਵੀ ਸਾਹਮਣੇ ਆਵੇਗਾ ਜਦੋਂ ਕਸ਼ਮੀਰ ਦੀ ਹੋਂਦ ਉਪਰ ਹੀ ਸਵਾਲੀਆ ਚਿੰਨ੍ਹ ਲੱਗ ਜਾਵੇਗਾ। ਹਰ ਪਾਸੇ ਜਲ-ਥਲ ਹੋਵੇਗਾ ਅਤੇ ਅੰਬਰ ਵੱਲ ਤੱਕਦੀਆਂ ਬੇਵੱਸ ਅੱਖਾਂ ਪੀਣ ਵਾਲੇ ਪਾਣੀ ਲਈ ਵੀ ਤਰਸ ਜਾਣਗੀਆਂ। ਪਰ ਪਹਿਲੀ ਦਫ਼ਾ ਇਹ ਸਵਾਲ ਵੀ ਉੱਠਿਆ ਹੈ ਕਿ ਕੀ ਵਾਕਈ ਵਕਤ ਦੇ ਨਾਲ ਇਸ ਤਰ੍ਹਾਂ ਦੀ ਆਫ਼ਤ ਨਾਲ ਨਜਿੱਠਣ ਦੀ ਰਾਜ ਦੀ ਸਮਰੱਥਾ ਖ਼ਤਮ ਹੁੰਦੀ ਜਾ ਰਹੀ ਹੈ। ਕਿਉਂਕਿ 1902 ’ਚ ਪਹਿਲੀ ਦਫ਼ਾ ਕਸ਼ਮੀਰ ਹੜ੍ਹਾਂ ਦੀ ਲਪੇਟ ਵਿਚ ਆਇਆ ਸੀ। ਉਸ ਤੋਂ 57 ਵਰ੍ਹੇ ਪਿੱਛੋਂ 1959 ’ਚ ਕਸ਼ਮੀਰ ਘਾਟੀ ਐਨੀ ਭੈੜੀ ਤਰ੍ਹਾਂ ਹੜ੍ਹਾਂ ’ਚ ਘਿਰੀ ਕਿ ਓਦੋਂ ਕਸ਼ਮੀਰ ਨੂੰ ਅੰਗਰੇਜ਼ਾਂ ਤੋਂ ਮਦਦ ਮੰਗਣੀ ਪੈ ਗਈ ਸੀ। ਅਤੇ ਹੁਣ 2014 ਦੇ ਹਾਲਾਤ ਤਾਂ ਸਭ ਦੇ ਸਾਹਮਣੇ ਹਨ। ਪਹਿਲਾ ਸਵਾਲ ਤਾਂ ਇਹ ਹੈ ਕਿ ਘੱਟੋਘੱਟ ਹਰ 55 ਵਰ੍ਹੇ ਤੋਂ ਪਿੱਛੋਂ ਕਸ਼ਮੀਰ ਹੜ੍ਹਾਂ ਦੀ ਤ੍ਰਾਸਦੀ ਦਾ ਸ਼ਿਕਾਰ ਹੋਇਆ ਹੈ। ਦੂਜਾ ਸਵਾਲ ਹੜ੍ਹ ਨਾਲ ਨਜਿੱਠਣ ਦੇ ਲਈ ਪਹਿਲੀ ਵਾਰ 2014 ’ਚ ਹਕੂਮਤ ਬੇਵੱਸ ਨਜ਼ਰ ਆ ਰਹੀ ਹੈ। ਇਸ ਕੋਲ ਕੋਈ ਤਕਨੀਕ ਹੈ ਹੀ ਨਹੀਂ ਕਿ ਕਸ਼ਮੀਰ ਦੇ ਅਵਾਮ ਦੀਆਂ ਜਾਨਾਂ ਕਿਵੇਂ ਬਚਾਈਆਂ ਜਾਣ।

ਤਾਂ ਕੀ ਕਸ਼ਮੀਰ ਦੇ ਬਚਾਓ ਨੂੰ ਲੈਕੇ ਹਕੂਮਤ ਦੇ ਹਾਲਾਤ ਵੀਹਵੀਂ ਸਦੀ ਨਾਲੋਂ ਵੀ ਮਾੜੇ ਚੱਲ ਰਹੇ ਹਨ। ਇਹ ਸਵਾਲ ਇਸ ਲਈ ਵੱਡਾ ਹੈ ਕਿਉਂਕਿ ਇਸ ਤੋਂ ਪਹਿਲਾਂ 1959 ’ਚ ਜਦੋਂ ਕਸ਼ਮੀਰ ਵਿਚ ਹੜ੍ਹ ਆਏ ਸਨ ਤਾਂ ਮੌਕੇ ਦੇ ਮੁੱਖ ਮੰਤਰੀ ਗ਼ੁਲਾਮ ਮੁਹੰਮਦ ਬਖ਼ਸ਼ੀ ਨੇ ਅੰਗਰੇਜ਼ਾਂ ਤੋਂ ਮਦਦ ਮੰਗੀ ਸੀ। ਓਦੋਂ ਇੰਗਲੈਂਡ ਦੇ ਇੰਜੀਨੀਅਰਾਂ ਨੇ ਜੇਹਲਮ ਦਾ ਪਾਣੀ ਸ਼ਹਿਰ ਤੋਂ ਦੂਜੀ ਦਿਸ਼ਾ ’ਚ ਮੋੜਨ ਲਈ ਬੁਲਹਰ ਤਕ ਜ਼ਮੀਨ ਅਤੇ ਪਹਾੜ ਪੁੱਟ ਦਿੱਤਾ ਸੀ। ਇਸ ਦੇ ਲਈ ਬਾਕਾਇਦਾ ਭਾਫ਼ ਦੇ ਇੰਜਣ ਦਾ ਇਸਤੇਮਾਲ ਕੀਤਾ ਗਿਆ। ਦਰ ਅਸਲ 1948 ’ਚ ਆਏ ਹੜ੍ਹ ਨੇ ਹੀ ਕਸ਼ਮੀਰ ਨੂੰ ਆਜ਼ਾਦੀ ਤੋਂ ਪਿੱਛੋਂ ਹੜ੍ਹ ਦੀ ਪਹਿਲੀ ਚੇਤਾਵਨੀ ਦੇ ਦਿੱਤੀ ਸੀ। ਅਤੇ ਓਦੋਂ ਪ੍ਰਧਾਨ ਮੰਤਰੀ ਨਹਿਰ ਨੇ ਕਸ਼ਮੀਰ ਹਕੂਮਤ ਨੂੰ ਹੀ ਹੜ੍ਹਾਂ ਨਾਲ ਨਜਿੱਠਣ ਦੇ ਉਪਾਅ ਲੱਭਣ ਦੀ ਦਿਸ਼ਾ ’ਚ ਕੰਮ ਕਰਨ ਲਈ ਕਿਹਾ ਸੀ। ਅਤੇ ਉਸ ਤੋਂ ਬਾਦ ਸ਼ੇਖ਼ ਅਬਦੁੱਲਾ ਦੀ ਪਹਿਲਕਦਮੀ ’ਤੇ ਅੰਗਰੇਜ਼ ਇੰਜੀਨੀਅਰਾਂ ਵਲੋਂ ਸ੍ਰੀਨਗਰ ਦੇ ਪਦਸ਼ਾਹੀ ਬਾਗ਼ ਤੋਂ ਬੁਲਵਰ ਤਾਈਂ 42 ਕਿਲੋਮੀਟਰ ਲੰਮਾ ਹੜ੍ਹ ਨਿਕਾਸ ਚੈਨਲ ਬਣਾਇਆ ਗਿਆ। ਜਿਸ ਨਾਲ ਹੜ੍ਹ ਦਾ ਪਾਣੀ ਸ਼ਹਿਰ ਤੋਂ ਬਾਹਰ ਕੱਢਿਆ ਜਾ ਸਕੇ। ਇਸੇ ਦਾ ਅਸਰ ਇਹ ਹੋਇਆ ਕਿ ਰਾਜਬਾਗ ਦਾ ਜੋ ਇਲਾਕਾ ਹੁਣ ਪਾਣੀ ਵਿਚ ਪੂਰੀ ਤਰ੍ਹਾਂ ਡੁੱਬਿਆ ਹੋਇਆ ਹੈ ਅਤੇ ਹੈਲੀਕਾਪਟਰ ਨਾਲ ਰਾਹਤ ਦੇਣ ਤੋਂ ਇਲਾਵਾ ਹਕੂਮਤ ਦੇ ਅੱਗੇ ਹੋਰ ਕੋਈ ਰਾਹ ਹੀ ਨਹੀਂ ਹੈ ਉਥੇ 55 ਵਰ੍ਹੇ ਪਹਿਲਾਂ ਅੰਗਰੇਜ਼ਾਂ ਦੀ ਤਕਨੀਕ ਦੀ ਮਦਦ ਨਾਲ ਰਾਜਬਾਗ਼ ਵਿਚ ਹੜ੍ਹ ਦਾ ਪਾਣੀ ਆਉਣ ਦੇ ਬਾਵਜੂਦ ਜਾਨ-ਮਾਲ ਦਾ ਕੋਈ ਨੁਕਸਾਨ ਨਹੀਂ ਸੀ ਹੋਇਆ। ਪਰ ਲੰਘੇ ਪੰਜਾਹ ਵਰ੍ਹਿਆਂ ਵਿਚ ਹੜ੍ਹ ਦੀ ਤ੍ਰਾਸਦੀ ਨਾਲ ਨਜਿੱਠਣ ਦੀ ਦਿਸ਼ਾ ’ਚ ਕੋਈ ਕੰਮ ਤਾਂ ਹੋਇਆ ਹੀ ਨਹੀਂ ਉਲਟਾ ਰੁੱਖ ਵੱਢਕੇ ਅਤੇ ਪਹਾੜ ਕੱਟ ਕੇ ਜਿਵੇਂ ਰਿਹਾਇਸ਼ ਸ਼ੁਰੂ ਕੀਤੀ ਗਈ ਅਤੇ ਇਸ ਆੜ ’ਚ ਵਪਾਰਕ ਧੰਦੇ ਨੇ ਉਸਾਰੀ ਕਰਨੀ ਸ਼ੁਰੂ ਕਰ ਦਿੱਤੀ। ਉਸੇ ਦਾ ਅਸਰ ਹੈ ਕਿ ਹਾਲੀਆ ਹੜ੍ਹ ਦੇ ਵਕਤ ਸਮੁੱਚੇ ਕਸ਼ਮੀਰ ਦੀ ਧਰਤੀ ਹੀ ਹੜ੍ਹਾਂ ਦੀ ਬਿਹਤਰੀਨ ਸ਼ਿਕਾਰਗਾਹ ਬਣ ਗਈ। ਘਾਟੀ ਦੇ ਸਾਰੇ ਹੜ੍ਹ ਕੰਟਰੋਲ ਚੈਨਲ ਬੰਦ ਪਏ ਹਨ।


ਜੇਹਲਮ ਦੀ ਜ਼ਮੀਨ ਨਾਦਰੂ ਨੰਬਲ, ਨਰਕਾਰਾ ਨੰਬਲ ਅਤੇ ਹੋਕਾਰਸਰ ਉਪਰ ਰਿਹਾਇਸ਼ੀ ਬਸਤੀਆਂ ਬਣਾ ਦਿੱਤੀਆਂ ਗਈਆਂ ਹਨ। ਇੱਥੋਂ ਤਾਈਂ ਕਿ ਸ੍ਰੀਨਗਰ ਵਿਕਾਸ ਅਥਾਰਟੀ ਨੇ ਵੀ ਹੜ੍ਹ ਨਿਕਾਸ ਚੈਨਲ ਉਪਰ ਸ਼ਾਪਿੰਗ ਕੰਪਲੈਕਸ ਖੋਲ੍ਹ ਦਿੱਤਾ ਹੈ। ਯਾਨੀ ਕਸ਼ਮੀਰ ਜੋ ਅੱਜ ਹੜ੍ਹ ਦੀ ਤ੍ਰਾਸਦੀ ਨਾਲ ਕਰਾਹ ਰਿਹਾ ਹੈ ਉਸ ਦੇ ਪਿੱਛੇ ਉਹੀ ਅੰਨ੍ਹੀ ਦੌੜ ਕੰਮ ਕਰ ਰਹੀ ਹੈ ਜੋ ਜ਼ਮੀਨਾਂ ਉਪਰ ਕਬਜ਼ੇ ਕਰਕੇ ਮਕਾਨ ਜਾਂ ਦੁਕਾਨਾਂ ਬਣਾਉਣ ਵਿਚ ਹੀ ਸਭ ਤੋਂ ਵੱਡਾ ਸਕੂਨ ਸਮਝਦੀ ਹੈ। ਦੂਜੇ ਪਾਸੇ ਹਰ ਕੋਈ ਇਸ ਨੂੰ ਕੁਦਰਤੀ ਆਫ਼ਤ ਮੰਨਕੇ ਖ਼ਾਮੋਸ਼ ਹੈ ਅਤੇ ਇਸ ਦੇ ਕਸੂਰਵਾਰਾਂ ਵੱਲ ਨਜ਼ਰ ਮਾਰਕੇ ਉਨ੍ਹਾਂ ਦੀ ਸ਼ਨਾਖ਼ਤ ਕਰਨ ਲਈ ਕੋਈ ਤਿਆਰ ਨਹੀਂ ਹੈ।



# ਰਾਜ ਨਾਲ ਕਲਾ ਦਾ ਘੋਲ਼

## ਲੇਖਕ ਅਤੇ ਉੱਤਰ-ਬਸਤੀਵਾਦੀ ਸਮਾਜ ਦੇ ਸਰਪ੍ਰਸਤ

ਨਗੂਗੀ ਵਾ ਥਿਔਂਗ



**ਇੱਕ**

ਇਤਿਹਾਸਕ ਨਜ਼ਰੀਏ ਤੋਂ ਮਨੁੱਖੀ ਜੀਵਨ ਵਿੱਚ ਕਲਾ ਦਾ ਜਨਮ ਰਾਜ ਦੇ ਹੋਂਦ ’ਚ ਆਉਣ ਤੋਂ ਪਹਿਲਾਂ ਹੋਇਆ ਸੀ। ਰਾਜ ਦਾ ਮੁੱਢਲਾ ਸਰੂਪ ਉੱਭਰਨ ਤੋਂ ਵੀ ਪਹਿਲਾਂ ਲੋਕ ਆਪਣੇ ਸਰੀਰ ਨੂੰ ਸਜਾਉਂਦੇ ਸਨ, ਪੱਥਰਾਂ ’ਤੇ ਚਿੱਤਰ ਬਣਾਉਂਦੇ ਸਨ, ਗੀਤ ਗਾਉਂਦੇ ਸਨ ਅਤੇ ਨੱਚਦੇ ਸਨ। ਰਾਜ ਦਾ ਜੋ ਮੌਜੂਦਾ ਸਰੂਪ ਹੈ ਉਹ ਹਮੇਸ਼ਾ ਤੋਂ ਨਹੀਂ ਹੈ। ਜਿਵੇਂ ਕਿ ਏਂਗਲਜ਼ ਨੇ ਆਪਣੀ ਕਿਤਾਬ ‘ਪਰਿਵਾਰ ਅਤੇ ਰਾਜ ਸੱਤ੍ਹਾ ਦੀ ਉਤਪੱਤੀ’ ਵਿੱਚ ਲਿਖਿਆ ਹੈ ਕਿ ਇਹ ਆਪਸੀ ਵਿਰੋਧੀ ਜਮਾਤਾਂ ਵਿੱਚ ਮਨੁੱਖੀ ਸਮਾਜ ਦੇ ਵਿਕਾਸ ਦਾ ਨਤੀਜਾ ਹੈ। ਘੋਲ਼ ਕਰ ਰਹੇ ਸਮਾਜਿਕ ਹਿੱਤਾਂ ਤੋਂ ਉੱਪਰ ਇੱਕ ਸੱਤ੍ਹਾ ਉਭਰਦੀ ਹੈ ਜੋ ਬੇਲਾਗ ਨਜ਼ਰ ਆਉਂਦੀ ਹੈ। ਜ਼ਬਰ ਦੇ ਸੰਦਾਂ ਅਤੇ ਸੰਸਥਾਵਾਂ ਨਾਲ਼ ਲੈਸ ਇਹ ਸੱਤ੍ਹਾ ਪੂਰੇ ਸਮਾਜ ਨੂੰ ਉਵੇਂ ਹੀ ਕੰਟਰੋਲ ਕਰਦੀ ਹੈ ਜਿਵੇਂ ਜਗੀਰੂ ਯੁੱਗ ਵਿੱਚ ਕੋਈ ਪਿੱਤਰਸੱਤ੍ਹਾਵਾਦੀ ਬੰਦਾ ਆਪਣੇ ਟੱਬਰ ਨੂੰ ਕਰਦਾ ਸੀ। 19ਵੀਂ ਸਦੀ ਦੇ ਬਸਤੀਵਾਦ ਤੋਂ ਪਹਿਲਾਂ ਅਫ਼ਰੀਕਾ ਵਿੱਚ ਬਹੁਤ ਸਾਰੇ ਅਜਿਹੇ ਭਾਈਚਾਰੇ ਜਿਹਨਾਂ ਵਿੱਚ ਏਂਗਲਜ਼ ਦੀ ਪਰਿਭਾਸ਼ਾ ਅਨੁਸਾਰ ਅਜਿਹੀ ਕਿਸੇ ਸਰਵਜਨਕ ਸੱਤਾ ਦਾ ਜਨਮ ਨਹੀਂ ਹੋਇਆ ਸੀ ਜਿਸਨੂੰ ਆਪਣੇ ਆਪ ਨੂੰ ਬਣਾਈ ਰੱਖਣ ਲਈ ਟੈਕਸ ਦੀ ਲੋੜ ਸੀ। ਇਸ “ਵਿਸ਼ੇਸ਼ ਸਰਵਜਨਕ ਸੱਤਾ” ਦੀ ਵਿਸ਼ਾਲ ਪੱਧਰ ’ਤੇ ਸ਼ੁਰੂਆਤ ਬਸਤੀਵਾਦ ਨੇ ਕੀਤੀ ਤਾਂ ਕਿ ਬਸਤੀਆਂ ਵਿੱਚ ਰਹਿਣ ਵਾਲ਼ੇ ਲੋਕਾਂ ਨੂੰ ਕੰਟਰੋਲ ਕੀਤਾ ਜਾ ਸਕੇ ਅਤੇ ਉਹਨਾਂ ਨੂੰ ਉਹਨਾਂ ਦੀ ਤੈਅਸ਼ੁਦਾ ਥਾਂ ’ਤੇ ਰੱਖਿਆ ਜਾ ਸਕੇ। ਭਾਵ ਖ਼ਾਣਾਂ ਤੇ ਬਾਗ਼ਾਂ ਵਿੱਚ, ਫ਼ੌਜੀ ਬੈਰਕਾਂ, ਪੁਲਿਸ, ਜੇਲ੍ਹ, ਕਾਲਕੋਠੜੀ ਅਤੇ ਗਵਰਨਰਾਂ ਤੋਂ ਲੈ ਕੇ ਛੋਟੇ-ਛੋਟੇ ਮੁਲਾਜ਼ਮਾਂ ਤੱਕ ਦੀ ਸੰਪੂਰਨ ਨੌਕਰਸ਼ਾਹੀ ਦਾ ਖ਼ਰਚ ਕੱਢਣ ਲਈ ਉਹਨਾਂ ’ਤੇ ਭਾਰੀ ਟੈਕਸ ਲਾਇਆ ਜਾ ਸਕੇ। ਇਸ ਤੋਂ ਪਹਿਲਾਂ ਦੇ ਸਮਾਜ ਜਿਵੇਂ ਨਾਈਜੀਰੀਆ ਦਾ ਇਬੋ ਭਾਈਚਾਰਾ ਜਾਂ ਕੀਨੀਆ ਦਾ ਅਗੀਕੂਯੂ ਭਾਈਚਾਰਾ ਏਂਗਲਜ਼ ਦੇ ਖ਼ੁਦ-ਪ੍ਰੇਰਿਤ ਹਥਿਆਰਬੰਦ ਜਥੇਬੰਦੀ ਦਾ ਸਰੂਪ ਲਗਭਗ ਧਾਰ ਚੁੱਕੇ ਸਨ ਜਿਸ ਵਿੱਚ ਹਰ ਬੰਦਾ ਸਭ ਕੁਝ ਹੁੰਦਾ ਸੀ: ਸਿਪਾਹੀ, ਕਿਸਾਨ, ਸਲਾਹਕਾਰ, ਗਾਇਕ, ਪੁਜਾਰੀ।

ਰਾਜ ਦਾ ਇੱਕ ਕੰਮ ਇਹ ਨਿਸ਼ਚਿਤ ਕਰਨਾ ਹੁੰਦਾ ਹੈ ਕਿ ਸਮਾਜ ਦੀਆਂ ਵੱਖ-ਵੱਖ ਤਾਕਤਾਂ ਸਮਾਜਿਕ ਤਾਣੇ-ਬਾਣੇ ਵਿੱਚ ਆਪਣੀ ਥਾਂ ’ਤੇ ਬਣੀਆਂ ਰਹਿਣ। ਅਜਿਹਾ ਉਹ ਧੱਕੇ ਨਾਲ਼ ਲੱਦੇ ਗਏ ਨਿਯਮਾਂ ਨਾਲ਼ ਕਰਦਾ ਹੈ ਜਿਹਨਾਂ ਨੂੰ ਕਨੂੰਨ ਦੇ ਰੂਪ ਵਿੱਚ ਨਿਯਮਬੱਧ ਵੀ ਕੀਤਾ ਜਾਂਦਾ ਹੈ। ਜਿਹਨਾਂ ਸਮਾਜਾਂ ਵਿੱਚ ਰਾਜ ਨਹੀਂ ਹੁੰਦਾ ਸੀ ਉਹਨਾਂ ਨੂੰ ਬੰਨ੍ਹ ਕੇ ਰੱਖਣ ਦਾ ਕੰਮ ਸੱਭਿਆਚਾਰ ਕਰਦਾ ਸੀ। ਸੱਭਿਆਚਾਰ ਦਾ ਖੇਤਰ ਨਕਲੀ ਅਤੇ ਅਸਲੀ ਕਦਰਾਂ ਤੋਂ ਤੈਅ ਹੁੰਦਾ ਸੀ। ਇਹ ਕਦਰਾਂ ਕਹਾਣੀਆਂ, ਗੀਤਾਂ ਅਤੇ ਹੋਰ ਸੱਭਿਆਚਾਰਕ ਸਰਗਰਮੀਆਂ ਵਿੱਚ ਸ਼ਾਮਲ ਹੁੰਦੀਆਂ ਸਨ। ਇਸ ਤਰ੍ਹਾਂ ਕਹਾਣੀ, ਨਾਚ, ਤਿਉਹਾਰ, ਗੀਤੀ-ਰਿਵਾਜ ਅਤੇ ਇੱਥੋਂ ਤੱਕ ਕਿ ਖੇਡ-ਕੁੱਦ ਵੀ ਨੈਤਿਕ ਅਤੇ ਵਤੀਰੇ ਦੇ ਆਦਰਸ਼ਾਂ ਨੂੰ ਤੈਅ ਕਰਨ, ਮੁੜ-ਤੈਅ ਕਰਨ ਅਤੇ ਫੈਲਾਉਣ ਵਿੱਚ ਇੱਕ-ਦੂਜੇ ਦੀ ਸਹਾਇਤਾ ਕਰਦੇ ਸਨ। ਉਦਾਹਰਣ ਦੇ ਤੌਰ ’ਤੇ ‘ਫੇਸਿੰਗ ਮਾਉਂਟ ਕੇਨਆ’ ਵਿੱਚ ਜ਼ੋਇਓ ਕੇਨਾਟਾ ਦੱਸਦੇ ਹਨ ਕਿ ਕਿਸ ਤਰ੍ਹਾਂ ਰਾਜ-ਵਿਹੂਣੇ ਗਿਕੂਯੂ ਸਮਾਜ ਨੂੰ ਸੰਚਾਲਿਤ (Conduct) ਕਰਨ ਵਾਲ਼ੇ ਨਿਯਮ ਵੀ ਨਾਚ-ਆਸਣਾਂ ਵਿੱਚ ਸਮੋਏ ਹਨ। ਔਕੋਟ ਪੀਬੀਟੇਕ ਆਪਣੀ ਕਿਤਾਬ ‘ਆਰਟਿਸਟ ਦਿ ਰੂਲਰ’ ਵਿੱਚ ਕਹਿੰਦੇ ਹਨ ਕਿ ਕਲਾਕਾਰ ਆਪਣੀ ਅਵਾਜ਼ ਦੀ ਵਰਤੋਂ ਵਾਜੇ (ਹਾਰਪ) ਦੀ ਇਕਸੁਰਤਾ ’ਤੇ ਨਿਯਮਾਂ ਨੂੰ ਗਾਉਣ ਲਈ ਕਰਦਾ ਹੈ ਅਤੇ ਢੋਲ ਦੀ ਤਾਲ ’ਤੇ ਆਪਣੇ ਸਰੀਰ ਨੂੰ ਲਚਕਾ-ਲਚਕਾ ਕੇ ਨਿਯਮਾਂ ਨੂੰ ਐਲਾਨਦਾ ਹੈ। ਉਹ ਆਪਣੇ ਨੈਤਿਕ ਨਿਯਮਾਂ ਨੂੰ ਲੱਕੜ ਜਾਂ ਪੱਥਰ ’ਤੇ ਉਕੇਰਦਾ ਹੈ ਅਤੇ “ਕਰਨਯੋਗ ਅਤੇ ਨਾ-ਕਰਨਯੋਗ” ਨੂੰ ਕੰਧਾਂ ਅਤੇ ਕੈਨਵਸਾਂ ’ਤੇ ਪੇਂਟ ਕਰਦਾ ਹੈ।2 ਰਾਜ ਦੇ ਹੋਂਦ ’ਚ ਆਉਣ ਨਾਲ਼ ਮਿਲ਼ੇ-ਜੁਲ਼ੇ ਸੱਭਿਆਚਾਰ ਦੀ ਸੱਤ੍ਹਾ ਨੂੰ ਰਾਜ ਦੀ ਸੱਤ੍ਹਾ ਵਿੱਚ ਬਦਲ ਦਿੱਤਾ ਗਿਆ। ਪਰ ਇਹ ਪੂਰੀ ਤਰ੍ਹਾਂ ਬਦਲਿਆ ਨਹੀਂ ਜਾ ਸਕਿਆ। ਦੋਵੇਂ ਹੀ ਸੱਤ੍ਹਾਵਾਂ ਨਾਲ਼-ਨਾਲ਼ ਬਣੀਆਂ ਹੋਈਆਂ ਹਨ। ਅਕੋਟੋ ਪੀਬੀਟੇਕ ਕਹਿੰਦੇ ਹਨ ਕਿ ਹਰ ਸਮਾਜ ਵਿੱਚ ਦੋ ਤਰ੍ਹਾਂ ਦੇ ਹਾਕਮ ਹੁੰਦੇ ਹਨ; ਇੱਕ ਉਹ ਜੋ ਲੋਕਾਂ ਨੂੰ ਦਬਾਉਣ ਲਈ ਸਰੀਰਕ ਤਾਕਤ ਦੀ ਵਰਤੋਂ ਕਰਦੇ ਹਨ ਅਤੇ ਇੱਕ ਉਹ ਜੋ ਚੰਗੀਆਂ ਚੀਜ਼ਾਂ ਦੀ ਵਰਤੋਂ ਕਰਦੇ ਹਨ, ਮਿੱਠੇ ਗੀਤਾਂ ਦੀ, ਮਨੋਰੰਜਕ ਕਥਾਵਾਂ ਦੀ, ਲੈਅ ਦੀ, ਚਿੱਤਰਾਂ ਦੇ ਅਕਾਰ ਅਤੇ ਰੰਗਾਂ ਦੀ ਤਾਂ ਕਿ ਬੰਦੇ ਅਤੇ ਸਮਾਜ ਨੂੰ ਸਮਝਦਾਰ ਅਤੇ ਅਤਿ-ਉੱਨਤ ਬਣਾਇਆ ਜਾ ਸਕੇ।3 ਕਵੀ ਸ਼ੈਲੀ ਲਈ ਕਲਾਕਾਰ ਸੰਸਾਰ ਦੇ ਨਿਯਮ-ਘਾੜੇ ਹੁੰਦੇ ਸਨ ਪਰ ਉਹ ਅਪ੍ਰਵਾਨ ਹੁੰਦੇ ਸਨ, ਬਸ ਰਾਹ-ਵਿਹੂਣੇ ਸਮਾਜਾਂ ਨੂੰ ਛੋਟ ਵਜੋਂ ਛੱਡ ਕੇ ਜਿੱਥੇ ਕਲਾ ਅਤੇ ਸੱਭਿਆਚਾਰ ਦੀ ਸੱਤ੍ਹਾ ਸਭ ਤੋਂ ਉੱਪਰ ਹੁੰਦੀ ਸੀ। ਇਸ ਤਰ੍ਹਾਂ ਰਾਜ ਅਤੇ ਕਲਾ ਦੋਵੇਂ ਸਮਾਜ ਨੂੰ ਜੋੜੀ ਰੱਖਦੇ ਹਨ ਅਤੇ ਇਸ ਨਜ਼ਰੀਏ ਤੋਂ ਉਹਨਾਂ ਦਾ ਇੱਕੋ ਜਿਹਾ ਉਦੇਸ਼ ਹੁੰਦਾ ਹੈ। ਬਰਾਬਰੀ ਦੇ ਹੋਰ ਵੀ ਅਧਾਰ ਹਨ। ਉਦਾਹਰਣ ਵਜੋਂ ਲੇਖਣ ਅਤੇ ਕਲਾ ਦੀਆਂ ਹੋਰ ਮੌਖਿਕ ਵਿਧਾਵਾਂ ਸ਼ਬਦਾਂ ’ਤੇ ਅਧਾਰਿਤ ਹੁੰਦੀਆਂ ਹਨ। ਰਾਜ ਵੀ ਸ਼ਬਦਾਂ ’ਤੇ ਅਧਾਰਿਤ ਹੁੰਦਾ ਹੈ ਜੋ ਕਨੂੰਨ ਬਣਾਉਂਦਾ ਹੈ ਭਾਵੇਂ ਉਹ ਲਿਖਿਆ ਹੋਇਆ ਹੋਵੇ ਜਾਂ ਕੇਵਲ ਮੌਖਿਕ ਹੋਵੇ। ਕਲਮ ਲੇਖਕ ਦੇ ਸ਼ਬਦਾਂ ਨੂੰ ਦ੍ਰਿਸ਼ ਰੂਪ ਦਿੰਦੀ ਹੈ, ਬੰਦੂਕ ਹਾਕਮਾਂ ਦੇ ਸ਼ਬਦਾਂ ਦਾ ਦਿਸਦਾ ਪਹਿਰੇਦਾਰ ਹੁੰਦੀ ਹੈ।

ਹਰ ਧੜਵੈਲ ਰਾਜ ਵਿੱਚ ਕਲਮ ਫੜਨ ਵਾਲ਼ੇ ਨੂੰ, ਜੋ ਕਾਗ਼ਜ਼ ’ਤੇ ਸ਼ਬਦ ਉਤਾਰਦਾ ਹੈ – ਬੰਦੂਕ ਫੜਨ ਵਾਲ਼ੇ ਜੋ ਕਨੂੰਨ ਦੇ ਸ਼ਬਦਾਂ ਨੂੰ ਲਾਗੂ ਕਰਦੇ ਹਨ, ਦੇ ਦੁਸ਼ਮਣ ਵਜੋਂ ਦੇਖਿਆ ਜਾਂਦਾ ਹੈ। ਇਸ ਤਰ੍ਹਾਂ ਕਲਮ ਦੀ ਨੋਕ ਅਤੇ ਬੰਦੂਕ ਦੀ ਨੋਕ ਇੱਕ-ਦੂਜੇ ਦੇ ਵਿਰੋਧ ਵਿੱਚ ਖੜੀਆਂ ਰਹਿੰਦੀਆਂ ਹਨ। ਇਸ ਦੇ ਬਾਵਜੂਦ ਇੱਕ ਕਲਾਕਾਰ ਅਤੇ ਇੱਕ ਹਾਕਮ ਬਾਰੇ ਸਭ ਤੋਂ ਅਸਾਨੀ ਨਾਲ਼ ਨਜ਼ਰ ਆਉਣ ਵਾਲ਼ੀ ਗੱਲ ਇਹ ਹੈ ਕਿ ਦੋਵਾਂ ਦੇ ਹੱਕਾਂ ਵਿੱਚ ਬਹੁਤ ਫ਼ਰਕ ਹੈ। ਇੱਕ ਦੇ ਹੱਥ ਵਿੱਚ ਕੇਵਲ ਖੰਭ ਹੈ ਅਤੇ ਦੂਜੇ ਦੇ ਪਿੱਛੇ ਕਤਲ ਦੀ ਇੱਕ ਪੂਰੀ ਮਸ਼ੀਨਰੀ ਹੈ। ਇੱਕ ਦੀ ਯੋਗਤਾ ਕੇਵਲ ਸਿਆਹੀ ਵਹਾਉਣ ਦੀ ਹੈ ਜਦ ਕਿ ਦੂਜੇ ਦੀ ਲਹੂ ਵਹਾਉਣ ਦੀ। ਫਿਰ ਕਿਉਂ ਇੱਕ ਲੇਖਕ ਨੂੰ ਜਾਂ ਵਿਸ਼ਾਲ ਨਜ਼ਰੀਏ ਨਾਲ਼ ਕਹੀਏ ਤਾਂ ਇੱਕ ਕਲਾਕਾਰ ਨੂੰ ਇਸਦੇ ਖੰਭ, ਸਿਆਹੀ ਦੀ ਆਪਣੀ ਦਵਾਤ ਅਤੇ ਕਾਗ਼ਜ਼ ਦੇ ਇੱਕ ਚਿੱਟੇ ਟੋਟੇ ਕਾਰਣ ਇੱਕ ਧੜਵੈਲ ਰਾਜ ਲਈ ਭਾਵੇਂ ਉਹ ਕਿਸੇ ਵਿਚਾਰਧਾਰਾ, ਮਤ ਜਾਂ ਸਿਧਾਂਤ ਦਾ ਕਿਉਂ ਨਾ ਹੋਵੇ – ਖ਼ਤਰੇ ਵਾਂਗ ਦੇਖਿਆ ਜਾਂਦਾ ਹੈ। ਕਿਉਂ ਇਹਨਾਂ ਦੇ ਹਾਕਮ ਅਜ਼ਾਦ ਸ਼ਬਦਾਂ ਤੋਂ ਡਰਦੇ ਹਨ। ਬ੍ਰੈਖ਼ਤ ਨੇ ‘ਹਕੂਮਤ’ ਦੇ ਫ਼ਿਕਰ’ (The Anxietias of the Regime) ਨਾਮੀ ਕਵਿਤਾ ਵਿੱਚ ਪੁੱਛਿਆ ਸੀ:

**ਸੱਤ੍ਹਾ ਦੀ ਅਤੁੱਲ ਤਾਕਤ ਨੂੰ ਦੇਖਦੇ ਹੋਏ**
**ਇਸਦੇ ਤਸੀਹਾ-ਘਰਾਂ ਅਤੇ ਕਾਲਕੋਠੜੀਆਂ ਨੂੰ**
**ਇਸਦੇ ਪਾਪੀ ਪੁਲਿਸ ਮੁਲਾਜ਼ਮਾਂ ਨੂੰ**
**ਇਸਦੇ ਭੈਅ-ਭੀਤ ਜਾਂ ਭ੍ਰਿਸ਼ਟ ਜੱਜਾਂ ਨੂੰ**
**ਇਸਦੀਆਂ ਫਾਈਲਾਂ ਅਤੇ ਮੁਅੱਤਲੀਆਂ ਦੀਆਂ ਸੂਚੀਆਂ ਨੂੰ**
**ਜੋ ਇਮਾਰਤਾਂ ਦੀਆਂ ਛੱਤਾਂ ਤੱਕ ਭਰੀਆਂ ਹੋਈਆਂ ਹਨ**
**ਦੇਖ ਕੇ ਕੋਈ ਵੀ ਸੋਚ ਸਕਦਾ ਹੈ**
**ਕਿ ਉਹਨਾਂ ਨੂੰ ਡਰਨ ਦੀ ਲੋੜ ਨਹੀਂ ਹੈ**
**ਇੱਕ ਸਿੱਧ-ਪੱਧਰੇ ਬੰਦੇ ਦੇ**
**ਇੱਕ ਅਜ਼ਾਦ ਸ਼ਬਦ ਤੋਂ।**

ਕਿਸੇ ਜਮਹੂਰੀ ਪਰ ਜਮਾਤੀ ਸਮਾਜ ਵਿੱਚ ਵੀ ਕਲਾਕਾਰ ਅਤੇ ਹਾਕਮ ਵਿਚਲਾ ਸਬੰਧ ਸਮੱਸਿਆਵਾਂ ਨਾਲ਼ ਭਰਿਆ ਹੁੰਦਾ ਹੈ ਅਤੇ ਅਸਲੀ ਜਾਂ ਸੰਭਵ ਘੋਲ਼ਾਂ ਤੋਂ ਮੁਕਤ ਤਾਂ ਹੁੰਦਾ ਹੀ ਨਹੀਂ। ਇਸਦਾ ਇੱਕ ਕਾਰਣ ਤਾਂ ਇਹ ਹੈ ਕਿ ਸਮਾਜ ਵਿੱਚ ਇਹਨਾਂ ਦੀ ਸਰਗਰਮੀ ਦੋ ਸੱਤ੍ਹਾ-ਕੇਂਦਰਾਂ ਵਾਂਗ ਹੁੰਦੀ ਹੈ, ਇੱਕ ਪਦਾਰਥਕ ਅਤੇ ਦੂਜਾ ਰਸਮੀ ਤੇ ਕਨੂੰਨੀ। ਦੋਵੇਂ ਕੇਂਦਰ ਸਮਾਜ ਦੀ ਭਲਾਈ ਦਾ ਯਤਨ ਕਰਦੇ ਹਨ। ਕੀ ਉਹ ਭਾਈਚਾਰੇ ਪ੍ਰਤੀ ਸ਼ਰਧਾ ਦੇ ਮਾਮਲੇ ਵਿੱਚ ਅਸਲ ਵਿੱਚ ਵਿਰੋਧੀ ਹਨ? ਕੀ ਇੱਕ ਰਾਜ ਦੇ ਰੂਪ ਵਿੱਚ ਰਾਜ ਦੇ ਕਿਰਦਾਰ ਅਤੇ ਕਲਾ ਦੇ ਰੂਪ ਵਿੱਚ ਕਲਾ ਦੇ ਕਿਰਦਾਰ ਵਿਚਾਲੇ ਅਸਲ ਵਿੱਚ ਆਪਸੀ ਵਿਰੋਧ ਹੁੰਦਾ ਹੈ? ਮੈਂ ਕਲਾ ਦੀਆਂ ਘੱਟੋ-ਘੱਟ ਚਾਰ ਅਜਿਹੀਆਂ ਵਿਸ਼ੇਸ਼ਤਾਵਾਂ ਗਿਣਾਵਾਂਗਾ ਜਿਹਨਾਂ ਤੋਂ ਉਹਨਾਂ ਵਿਚਲੇ ਘੋਲ਼ ਦਾ ਪਤਾ ਲੱਗ ਜਾਵੇਗਾ ਕਿ ਕਲਾ ਦੀ ਰਚਨਾਤਮਕ ਸਥਿਤੀ ਰਾਜ ਦੀ ਬਣਤਰੀ ਹਾਲਤ ਨਾਲ਼ ਹਮੇਸ਼ਾ ਅਸਲੀ ਜਾਂ ਸੰਭਾਵਿਤ ਘੋਲ਼ ਵਿੱਚ ਹੁੰਦੀ ਹੈ। ਇਹਨਾਂ ਚਾਰਾਂ ਵਿਸ਼ੇਸ਼ਤਾਵਾਂ ਦਾ ਰਾਜ ਦੇ ਰੂਪ ਵਿੱਚ ਰਾਜ ਦੇ ਅੰਦਰ ਆਪਣਾ ਉਲ਼ਟ ਪੱਖ ਹੁੰਦਾ ਹੈ।

**ਦੋ**

ਸਭ ਤੋਂ ਪਹਿਲਾਂ ਕਲਾ ਦਾ ਇੱਕ ਰੱਬੀ ਪੱਖ ਹੁੰਦਾ ਹੈ। ਕਲਾਕਾਰ ਦੇ ਲਈ ਗਿਕੂਯੂ ਭਾਸ਼ਾ ਵਿੱਚ ਜੋ ਸ਼ਬਦ ਹੈ ਉਹ ਹੈ ਮੂੰਬਿ। ਇਸਦਾ ਅਰਥ ਹੈ ਉਹ ਜੋ ਰਚਨਾ ਰਚਦਾ ਹੈ ਅਰਥਾਤ ਉਸਰੱਈਆ, ਰਚਨਾਕਾਰ। ‘ਮੂੰਬਿ ਵਾ ਇਗੂਰੂ ਨਾਥੀ’ ਭਾਵ ਸਵਰਗ ਅਤੇ ਧਰਤੀ ਦਾ ਰਚਨਾਕਾਰ। ਸਭ ਤੋਂ ਪਹਿਲਾ ਕਲਾਕਾਰ ਇਹੀ ਹੈ। ਮੂੰਬਿ ਵਾ ਨਯਨਗੂ ਵੀ ਹੁੰਦਾ ਹੈ, ਭਾਂਡਿਆਂ ਦਾ ਰਚੇਤਾ। ਇਸੇ ਤਰ੍ਹਾਂ ਮੂੰਬਿ ਤੇ ਮਿਹਿਯਾਨਾਨੋ ਹੁੰਦੇ ਹਨ, ਛਾਇਆਵਾਂ ਦੇ ਰਚੇਤੇ। ਪਲੈਟੋ ਆਪਣੀ ਕਿਤਾਬ ਰਿਪਬਲਿਕ (ਕਿਤਾਬ-10) ਵਿੱਚ ਇੱਕ ਹੀ ਵਸਤੂ ਦੇ ਤਿੰਨ ਰੂਪਾਂ ਦੇ ਰਚੇਤਿਆਂ ਦੀ ਗੱਲ ਕਰਦੇ ਹਨ। ਉਹਨਾਂ ਨੇ ਇੱਕ ਚਾਰਪਾਈ ਦੀ ਉਦਾਹਰਣ ਦਿੱਤੀ ਹੈ। ਮੂਲ ਰੂਪ ਨਾਲ਼ ਜੋ ਕੁਦਰਤ ਵਿੱਚ ਹੁੰਦਾ ਹੈ, ਆਪਣੀ ਆਦਰਸ਼ ਹਾਲਤ ਵਿੱਚ ਪ੍ਰਮਾਤਮਾ ਦਾ ਬਣਾਇਆ ਹੋਇਆ; ਦੂਜਾ ਘਰ ਵਿੱਚ ਹੁੰਦਾ ਹੈ ਤਰਖਾਣ ਦਾ ਬਣਾਇਆ ਹੋਇਆ ਅਤੇ ਤੀਜਾ ਤਸਵੀਰ ਦੇ ਰੂਪ ਵਿੱਚ ਚਿੱਤਰਕਾਰ ਦਾ ਬਣਾਇਆ ਹੋਇਆ। ਗੀਕੂਯੂ ਦਾ ਸ਼ਬਦ ਮੂੰਬਿ ਤਿੰਨਾਂ ਭਾਵਾਂ ਨੂੰ ਸ਼ਾਮਲ ਕਰਦਾ ਹੈ: ਪ੍ਰਮਾਤਮਾ ਜਾਂ ਕੁਦਰਤ, ਮਨੁੱਖੀ ਕਿਰਤ ਜਾਂ ਦੇਖਭਾਲ ਅਤੇ ਮਨੁੱਖ ਦੀ ਕਲਪਨਾ ਜਾਂ ਮਨੁੱਖੀ ਚੇਤਨਾ ਦੀ ਕਲਪਨਾ ਕਰਨ ਦੀ ਯੋਗਤਾ ਨੂੰ। ਭਾਵੇਂ ਪਲੈਟੋ ਮੂੰਬਿ ਦੇ ਤੀਜੇ ਰੂਪ ਨੂੰ ਯਥਾਰਥ ਦੇ ਸਭ ਤੋਂ ਦੂਰ ਰਹਿਣ ਦੇ ਕਾਰਣ ਉਸਦੀ ਅਣਦੇਖੀ ਕਰਦੇ ਹਨ ਪਰ ਜ਼ਿਆਦਾਤਰ ਸੱਭਿਆਚਾਰਾਂ ਵਿੱਚ ਭਗਵਾਨ ਦੀ ਨਕਲ ਦੇ ਰੂਪ ਵਿੱਚ ਰਚਨਾਤਮਕਤਾ ਅਤੇ ਅਧਿਆਤਮਕਤਾ ਦਾ ਇਹ ਸੰਜੋਗ ਮਨੁੱਖੀ ਕਿਰਤ ਅਤੇ ਮਨੁੱਖੀ ਚੇਤਨਾ ਦੇ ਸੰਜੋਗ ਦੇ ਰੂਪ ਵਿੱਚ ਦੇਖਿਆ ਜਾਂਦਾ ਰਿਹਾ ਹੈ। ਗਿਆਨ ਦਾ ਦਰੱਖਤ ਜਿਸ ਤੋਂ ਬਾਇਬਲ ਵਿੱਚ ਆਦਮ ਨੇ ਹਵਾ ਫਲ ਖਾਂਦੇ ਹਨ, ਅਸਲ ਵਿੱਚ ਕਲਾ ਦਾ ਦਰੱਖਤ ਹੈ ਕਿਉਂਕਿ ਉਸਨੂੰ ਖਾਣ ਅਤੇ ਸਵਰਗ ਤੋਂ ਛੇਕੇ ਜਾਣ ਦੇ ਬਾਅਦ ਹੀ ਉਹ ਰਚਨਾ ਸ਼ੁਰੂ ਕਰਦੇ ਹਨ ਅਤੇ ਜਿਉਣ ਤੇ ਮਰਨ ਦਾ ਦਰਦ ਭੋਗਦੇ ਹਨ। ਅਸੀਂ ਰੱਬ ਦੁਆਰਾ ਉਸਾਰੇ ਸੰਸਾਰ ਵਿਰੁੱਧ ਅਤੇ ਉਸਦੇ ਬਰਾਬਰ ਹੀ ਮਨੁੱਖ ਦੁਆਰਾ ਉਸਾਰੇ ਇੱਕ ਸੰਸਾਰ ਦੀ ਗੱਲ ਕਰਦੇ ਹਾਂ। ਸੰਸਾਰ ਦੀਆਂ ਜਿਉਂਦੀਆਂ ਤੇ ਨਿਰਜੀਵ ਵਸਤੂਆਂ ਅਤੇ ਸਮਾਜਿਕ ਵਾਤਾਵਰਣ ਵਿੱਚ ਉਹਨਾਂ ਦੇ ਕਾਲਪਨਿਕ ਪਰਤੌਆਂ ਵਿਚਾਲੇ ਤੁਲਨਾ ਕਰਨ ਦੇ ਪੱਖ ਤੋਂ ਉਹਨਾਂ ਦਾ ਸਬੰਧ ਬਿਲਕੁਲ ਸਪੱਸ਼ਟ ਹੈ। ਉਦਾਹਰਨ ਦੇ ਲਈ ਧਿਆਨ ਦਿਓ ਕਿ ਕਿਵੇਂ ਸ਼ਹਿਰ ਦਾ ਚਾਨਣ ਉੱਪਰੋਂ ਦੇਖਣ ’ਤੇ ਰਾਤ ਨੂੰ ਕੁਦਰਤੀ ਤਾਰਿਆਂ ਵਾਂਗ ਨਜ਼ਰ ਆਉਂਦਾ ਹੈ ਅਤੇ ਮੂਰਤੀਕਲਾ, ਚਿੱਤਰਕਲਾ ਅਤੇ ਰੇਖਾ-ਚਿਤਰਾਂ ਵਿੱਚ ਉਹਨਾਂ ਦੀ ਕਲਪਨਾ ’ਤੇ ਅਧਾਰਿਤ ਸਰੂਪ ਕਿਹੋ ਜਿਹਾ ਲੱਗਦਾ ਹੈ? ਸੰਗੀਤ ਦੇ ਖੇਤਰ ਵਿਚ ਵੀ, ਬ੍ਰਹਿਮੰਡ ਸੰਗੀਤ ਨਾਲ਼ ਭਰਪੂਰ ਹੈ ਅਤੇ ਮਨੁੱਖ ਨੂੰ ਗਾਉਂਦੇ ਹੋਏ ਕੁਦਰਤੀ ਸੰਸਾਰ ਦੀ ਨਕਲ ਕਰਦੇ ਦੇਖਿਆ ਜਾ ਸਕਦਾ ਹੈ। ਪਰ ਭਾਸ਼ਾ ਦੇ ਖੇਤਰ ਵਿੱਚ ਵੀ ਰੱਬ ਅਤੇ ਸ਼ਬਦ ਦਾ ਇੱਕ ਸਬੰਧ ਹੈ ਕਿਉਂਕਿ ਰੱਬ ਆਮ ਤੌਰ ’ਤੇ ਸਾਰੇ ਸੱਭਿਆਚਾਰਾਂ ਵਿੱਚ ਬੁਨਿਆਦੀ ਰੂਪ ਵਿੱਚ ਆਪਣੇ ਆਪ ਨੂੰ ਬਾਨੀ ਵਜੋਂ ਹੀ ਪ੍ਰਗਟ ਕਰਦਾ ਹੈ।

ਓਲਡ ਟੈਸਟਾਮੈਂਟ ਵਿੱਚ ਕਿਹਾ ਹੈ ਸ਼ੁਰੂ ਵਿੱਚ ਸ਼ਬਦ ਸੀ ਅਤੇ ਸ਼ਬਦ ਵਸਤੂ ਵਿੱਚ ਬਦਲ ਗਿਆ। ਜਨਮ ਦੀ ਪੂਰੀ ਕਥਾ ਅਸਲ ਵਿੱਚ ਸ਼ਬਦ ਅਤੇ ਉਸਦੀ ਤਾਕਤ ਦਾ ਕਾਵਿਕ ਜਸ਼ਨ ਹੀ ਹੈ। ਕਿਹਾ ਗਿਆ ਕਿ ਰੌਸ਼ਨੀ ਪੈਦਾ ਹੋਵੇ ਅਤੇ ਰੌਸ਼ਨੀ ਪੈਦਾ ਹੋ ਗਈ। ਕੁਰਾਨ ਵੀ ਉਹੀ ਜਸ਼ਨ ਮੰਨਦਾ ਹੈ: ਇਸ ਵਿੱਚ ਸ਼ਬਦ ਆਪਣੇ ਸਰੂਪ, ਅਕਾਰ ਅਤੇ ਢਾਂਚੇ ਵਿੱਚ ਸਿੱਧੇ ਰੱਬ ਤੋਂ ਜਨਮੇ ਮੰਨੇ ਜਾਂਦੇ ਹਨ। ਆਪਣੇ ਸੁਹਜ, ਆਪਣੀ ਤਾਕਤ, ਆਪਣੀ ਖਿੱਚ ਨਾਲ਼ ਭਾਸ਼ਾ ਸਾਰੇ ਧਰਮਾਂ ਖ਼ਾਸ ਤੌਰ ’ਤੇ ਜਿਹਨਾਂ ਦਾ ਲਿਖਤੀ ਸਿਧਾਂਤ ਹੈ, ਨੂੰ ਮੰਨਣ ਵਾਲ਼ਿਆਂ ਦੀ ਮਦਹੋਸ਼ੀ ਦਾ ਅਧਾਰ ਹੈ। ਇੱਥੋਂ ਤੱਕ ਕਿ ਜਿੱਥੇ ਲਿੱਪੀ ਸੰਕੇਤ ਨਹੀਂ ਹੈ, ਸ਼ਬਦ ਆਪਣੇ ਧੁਨੀ ਰੂਪਾਂ, ਮੌਖਿਕ ਭਾਸ਼ਣ ਵਿੱਚ ਹੋਰ ਵੱਧ ਮਹੱਤਵਪੂਰਨ ਬਣ ਜਾਂਦੇ ਹਨ। ਸਾਰੇ ਤਰ੍ਹਾਂ ਦੇ ਨਿਯਮ-ਕਨੂੰਨ, ਅਚਾਰ-ਵਿਹਾਰ ਅਤੇ ਅਰਦਾਸਾਂ ਅੰਤ ਸ਼ਬਦਾਂ ਦੀ ਹੀ ਖੇਡ ਹਨ। ਈਸਾਈਅਤ ਦਾ ਰਹੱਸ ਲੈਟਿਨ ਦੇ ਪ੍ਰਯੋਗ ਦੁਆਰਾ ਡੂੰਘਾ ਹੋ ਜਾਂਦਾ ਹੈ ਅਤੇ ਇਸਲਾਮ ਦਾ ਉਸੇ ਤਰ੍ਹਾਂ ਅਰਬੀ ਦੀ ਵਰਤੋਂ ਨਾਲ਼। ਕੀਨਿਆ ਦੇ ਗੀਕੂਯੂ ਲੋਕ ਮੰਨਦੇ ਹਨ ਕਿ ਚੰਗੇ ਸ਼ਬਦਾਂ ਵਿੱਚ ਗਾਇਕਾਂ ਦੀ ਅਵਾਜ਼ ਅਸਲ ਵਿੱਚ ਰੱਬ ਦੀ ਅਵਾਜ਼ ਹੁੰਦੀ ਹੈ।

ਰੱਬ ਅਤੇ ਕਲਾ ਦੋਵਾਂ ਦਾ ਬੁਨਿਆਦੀ ਤੱਤ ਰਚਨਾਤਮਕਤਾ ਹੈ। ਉਹ ਵੰਨ-ਸੁਵੰਨੀਆਂ ਚੀਜ਼ਾਂ ਨੂੰ ਇਕੱਠਾ ਲਿਆ ਕੇ ਇੱਕ ਤੀਜੀ ਚੀਜ਼ ਬਣਾਉਂਦੇ ਹਨ, ਜਿਹਨਾਂ ਵਿੱਚ ਉਹਨਾਂ ਸਾਰੀਆਂ ਚੀਜ਼ਾਂ ਦੇ ਕੁਝ ਗੁਣ ਤਾਂ ਹੋ ਸਕਦੇ ਹਨ ਪਰ ਨਿਸ਼ਚਿਤ ਰੂਪ ਵਿੱਚ ਉਹ ਉਹਨਾਂ ਵਿੱਚੋਂ ਕਿਸੇ ਵਰਗੀ ਵੀ ਨਹੀਂ ਹੋਵੇਗੀ, ਇਹ

ਤੀਜੀ ਚੀਜ਼ ਬਣ ਜਾਂਦੀ ਹੈ ਜਿਸਦਾ ਆਪਣਾ ਹੀ ਇੱਕ ਵੱਖਰਾ ਸਰੂਪ ਹੁੰਦਾ ਹੈ; ਇੱਕ ਬਿੰਬ ਦੇ ਰੂਪ ਵਿੱਚ, ਇੱਕ ਵਸਤੂ ਜਾਂ ਜੀਵ ਦੇ ਰੂਪ ਵਿੱਚ। ਮੁੱਢਲੇ ਯੂਨਾਨੀ ਫਿਲਾਸਫਰਾਂ ਦੀ ਇਹ ਸੋਚ ਠੀਕ ਸੀ ਕਿ ਸਾਰਾ ਬ੍ਰਹਿਮੰਡ ਮਿੱਟੀ, ਹਵਾ, ਅੱਗ ਅਤੇ ਪਾਣੀ ਤੋਂ ਬਣਿਆ ਹੈ। ਤਬਦੀਲੀ ਬਿਨ੍ਹਾਂ ਰਚਨਾਤਮਕਤਾ ਬਾਰੇ ਨਹੀਂ ਸੋਚ ਸਕਦੇ। ਤਬਦੀਲੀ ਸਾਰੇ ਤਰ੍ਹਾਂ ਦੀ ਰਚਨਾਤਮਕਤਾ ਦਾ ਅੰਤਿਮ ਸਿੱਟਾ ਹੈ, ਇਹ ਪ੍ਰਗਟਾਅ ਵੀ ਹੈ ਅਤੇ ਸਾਰੀਆਂ ਸਰਗਰਮੀਆਂ ਦਾ ਨਤੀਜਾ ਵੀ। ਪੁਰਾਤਨ ਰੋਮਨ ਧਰਮ ਕਥਾ ਵਿੱਚ ਅਨੇਕਾਂ ਚੀਜ਼ਾਂ ਦੀ ਹੋਂਦ ਦੇ ਆਮ ਕਾਰਣਾਂ ਦੀ ਖੋਜ ਕਰਦੇ ਹੋਏ ਗੌਣ ਕਾਰਣਾਂ ਦੀ ਵੀ ਚਰਚਾ ਕਰਦਾ ਹੈ। ਇਹ ਦਿਲਚਸਪ ਹੈ ਕਿ ਪੰਜ ਗੌਣ ਕਾਰਣਾਂ ਵਿੱਚ ਪਦਾਰਥ, ਮਾਧਿਅਮ (ਕ੍ਰਿਆ) ਰੂਪ, ਉਦੇਸ਼ ਅਤੇ ਭਾਵ ਵਿਚਾਰ ਜਾਂ ਪ੍ਰਣਾਲੀਆਂ ਨੂੰ ਗਿਣਾਇਆ ਗਿਆ ਹੈ ਜਿਸਨੂੰ ਉਹ ਅਰਸਤੂ ਜਾਂ ਪਲੈਟੋ ਨਾਲ ਜੋੜਦਾ ਹੈ। ਉਹ ਇਸ ਤੋਂ ਕੇਵਲ ਸਮੇਂ ਅਤੇ ਸਥਾਨ ਨੂੰ ਹੀ ਨਹੀਂ ਗਤੀ ਨੂੰ ਵੀ ਜੋੜਦਾ ਹੈ ਕਿਉਂਕਿ ਕੁਝ ਵੀ ਗਤੀ ਬਿਨ੍ਹਾਂ ਬਣਾਇਆ ਜਾਂ ਨਸ਼ਟ ਨਹੀਂ ਕੀਤਾ ਜਾ ਸਕਦਾ। ਗਤੀ ਬਿਨ੍ਹਾਂ ਕੋਈ ਕਲਾ ਨਹੀਂ ਹੈ, ਕਿਸੇ ਤਰ੍ਹਾਂ ਦੀ ਤਬਦੀਲੀ ਨਹੀਂ ਹੈ। ਇਹ ਸਾਰੇ ਕਾਰਣ ਇੱਕ ਹੀ ਪ੍ਰਮੁੱਖ ਕਾਰਣ ਦੇ ਹਿੱਸੇ ਹਨ, ਅਧਿਆਤਮਕ ਕਾਰਣ ਦੇ, ਰੱਬ ਦੇ ਜੋ ਕੁਦਰਤੀ ਸੰਸਾਰ ਦਾ ਉਸਰੱਈਆ ਹੈ, ਜਿਸਦੀ ਮਨੁੱਖੀ ਕਾਰਣਾਂ ਨਾਲ ਕਲਾ ਰਾਹੀਂ ਨਕਲ ਤਿਆਰ ਕੀਤੀ ਜਾਂਦੀ ਹੈ। ਪਰ ਉਸਦੇ ਲਈ ਇਹ ਸਪੱਸ਼ਟ ਸੀ ਕਿ ਰਚਨਾਤਮਕਤਾ ਦੀ ਬੁਨਿਆਦ ਗਤੀ ਹੈ। ਕਲਾ ਦੇ ਇਸ ਰੱਬੀ ਪੱਖ ਵਿੱਚ ਹੀ ਕਲਾ ਦੇ ਰਾਜ ਅਤੇ ਰਾਜ ਦੀ ਕਲਾ ਵਿਚਲੇ ਲਾਜ਼ਮੀ ਘੋਲ ਦਾ ਸੰਕੇਤ ਮਿਲਦਾ ਹੈ।

ਰਾਜ ਵੀ ਕਲਾ ਵਾਂਗ ਹੀ ਆਪਣੇ ਆਪ ਨੂੰ ਰੱਬ ਮੰਨਦਾ ਹੈ, ਖ਼ਾਸ ਤੌਰ 'ਤੇ ਮੌਤ ਦੀ ਸਜ਼ਾ ਦੇਣ ਦੀ ਆਪਣੀ ਯੋਗਤਾ ਕਾਰਣ। ਅਸਲ ਵਿੱਚ ਇਸ ਸੰਸਾਰ ਵਿੱਚ ਰਾਜ ਦੀ ਉਤਪਤੀ ਅਧਿਆਤਮ ਦੇ ਹੀ ਭੇਸ ਵਿੱਚ ਹੋਈ। ਰੱਬ ਦੇ ਜਿਸ ਪੱਖ ਨਾਲ ਰਾਜ ਆਪਣੇ ਆਪ ਨੂੰ ਜੋੜਦਾ ਹੈ ਉਹ ਸਵਰਗ ਅਤੇ ਧਰਤੀ ਦੇ ਉਸਰੱਈਏ ਵਾਲਾ ਰੂਪ ਨਹੀਂ ਹੈ ਸਗੋਂ ਬ੍ਰਹਿਮੰਡ ਨੂੰ ਨਿਯਮਤ ਕਰਨ ਵਾਲਾ ਰੂਪ ਹੈ, ਅਜਿਹਾ ਜੋ ਸਭ ਨੂੰ ਉਹਨਾਂ ਦੀ ਥਾਂ 'ਤੇ ਬਣਾ ਕੇ ਰੱਖਦਾ ਹੈ। ਰਾਜ ਧਰਤੀ 'ਤੇ ਓਵੇਂ ਹੀ ਆਪਣੇ ਹੱਕਾਂ ਦੀ ਵਰਤੋਂ ਕਰਦਾ ਹੈ ਜਿਵੇਂ ਰੱਬ ਸਵਰਗ ਵਿੱਚ ਕਰਦਾ ਹੈ। ਰਾਜ ਸਭ ਨੂੰ ਜੋੜੀ ਰੱਖਣਾ ਚਾਹੁੰਦਾ ਹੈ ਭਾਵ ਇਸਦਾ ਸਾਰਾ ਯਤਨ ਸਮਾਜ ਨੂੰ ਉਸਦੀ ਯਥਾਸਥਿਤੀ ਵਿੱਚ ਰਖਵਾਲੀ ਹੇਠ ਅਤੇ ਸੁਰੱਖਿਅਤ ਰੱਖਣ ਦਾ ਹੁੰਦਾ ਹੈ। ਕਨੂੰਨ ਅਤੇ ਉਸਨੂੰ ਲਾਗੂ ਕਰਨ ਦਾ ਉਦੇਸ਼ ਸਮਾਜ ਦੀ ਸਰਗਰਮੀ ਨੂੰ ਕੰਟਰੋਲ ਕਰਨਾ ਹੁੰਦਾ ਹੈ। ਸਥਾਈਪਨ ਹੀ ਉਸਦਾ ਬੁਨਿਆਦੀ ਉਦੇਸ਼ ਹੈ। ਇਹ ਇੱਕ ਦਿਲਚਸਪ ਗੱਲ ਹੈ ਕਿ ਰਾਜ-ਵਿਹੂਣੇ ਸਮਾਜਾਂ ਵਿੱਚ ਰੱਬ ਘੱਟ ਧੜਵੈਲ ਤੇ ਤਾਕਤ ਅਤੇ ਕਮਜ਼ੋਰੀਆਂ ਦੇ ਨਜ਼ਰੀਏ ਤੋਂ ਵੀ ਵੱਧ ਮਨੁੱਖੀ ਹੁੰਦਾ ਹੈ। ਕੀਨਿਆ ਦੇ ਗੀਕੂਯੂ ਅਤੇ ਮਾਸਾਈ ਸਮਾਜ ਵਿੱਚ ਰੱਬ ਦਾ ਇੱਕ ਨਾਂ ਨਗਾਈ ਹੈ ਜਿਸਦਾ ਅਰਥ ਹੁੰਦਾ ਹੈ ਉਧਾਰ ਦੇਣ ਵਾਲਾ, ਵੰਡਣ ਵਾਲਾ ਅਤੇ ਹਿੱਸੇਦਾਰੀ ਕਰਨ ਵਾਲਾ। ਉਹ ਲੋਕ ਰੱਬ ਨੂੰ ਮੁੱਖੀ ਦੇ ਰੂਪ ਵਿੱਚ ਵੀ ਦੇਖਦੇ ਹਨ। ਪਰ ਰਾਜ ਵਾਲੇ ਸਮਾਜਾਂ ਵਿੱਚ ਰੱਬ ਵੱਧ ਗਲਬਾਕਾਰੀ ਹੁੰਦਾ ਹੈ, ਅਧਿਕਾਰ ਅਤੇ ਸਭ ਤੋਂ ਉੱਤਮਤਾ ਦੇ ਨਜ਼ਰੀਏ ਤੋਂ।

ਇਸ ਲਈ ਕੋਈ ਵੀ ਰਾਜ ਇੱਕ ਰਾਜ ਦੇ ਰੂਪ ਵਿੱਚ ਆਪਣੇ ਸੁਭਾਅ ਤੋਂ ਹੀ ਸੁਰੱਖਿਆਵਾਦੀ ਹੁੰਦਾ ਹੈ। ਉਹ ਚਾਹੁੰਦਾ ਹੈ ਕਿ ਚੀਜ਼ਾਂ ਜਿਵੇਂ ਦੀਆਂ ਹਨ ਓਵੇਂ ਦੀਆਂ ਹੀ ਰਹਿਣ ਕਿਉਂਕਿ ਇਸਦਾ ਗਠਨ ਹੀ ਮੁੱਢਲੇ ਤੌਰ 'ਤੇ ਸਮਾਜ ਵਿੱਚ ਵਿਰੋਧੀ ਸਮਾਜਿਕ ਤਾਕਤਾਂ ਅਤੇ ਹਿੱਤਾਂ ਵਿਚਾਲੇ ਮਜ਼ਬੂਤ ਸੰਤੁਲਨ ਨਿਸ਼ਚਿਤ ਕਰਨਾ ਹੁੰਦਾ ਹੈ, ਇਨਕਲਾਬ ਦੇ ਦੌਰ ਵਿੱਚ ਵੀ ਉੱਭਰਦਾ ਹੋਇਆ ਰਾਜ ਆਪਣੇ ਤੋਂ ਪਹਿਲਾਂ ਦੀ ਸੱਤ੍ਹਾ ਅਤੇ ਸੰਸਥਾਵਾਂ ਨਾਲ ਹਿਸਾਬ-ਕਿਤਾਬ ਕਰ ਲੈਣ ਤੋਂ ਬਾਅਦ ਇਨਕਲਾਬ ਦੀਆਂ ਪ੍ਰਾਪਤੀਆਂ ਅਤੇ ਨਵੀਆਂ ਸੰਸਥਾਵਾਂ ਦੀ ਰੱਖਿਆ ਵਿੱਚ ਲੱਗ ਜਾਂਦਾ ਤਾਂ ਕਿ ਉਹ ਫਿਰ ਤੋਂ ਬਦਲ ਨਾ ਜਾਣ। ਕੋਈ ਵੀ ਰਾਜ ਸਥਾਈ ਇਨਕਲਾਬ ਦੀ ਹਾਲਤ ਵਿੱਚ ਨਹੀਂ ਰਹਿ ਸਕਦਾ। ਦੂਜੇ ਪਾਸੇ ਕਲਾ ਆਪਣੇ ਸੁਭਾਅ ਤੋਂ ਹੀ ਇਨਕਲਾਬੀ ਹੁੰਦੀ ਹੈ। ਉਹ ਹਮੇਸ਼ਾ ਆਪਣੇ ਆਪ ਨੂੰ ਖੋਜਦੀ ਰਹਿੰਦੀ ਹੈ, ਆਪਣੇ ਪੁਰਾਣੇ ਰੂਪ ਨੂੰ ਖਾਰਜ ਕਰਦੇ ਹੋਏ। ਇੱਥੋਂ ਤੱਕ ਕਿ ਇੱਕ ਹੀ ਕਲਾਕਾਰ ਦੀਆਂ ਰਚਨਾਵਾਂ ਵਿੱਚ ਪ੍ਰਗਟਾਅ ਦੇ ਨਵੇਂ-ਨਵੇਂ ਰੂਪ ਪ੍ਰਾਪਤ ਕਰਨ ਦਾ ਘੋਲ ਦੇਖਿਆ ਜਾ ਸਕਦਾ ਹੈ। ਆਪਣੇ ਆਪ ਨੂੰ ਬਦਲਣ ਦਾ ਇੱਕ ਲਗਾਤਾਰ ਯਤਨ। ਰੂਪ ਨਾਲ ਆਪਣੇ ਸਬੰਧਾਂ ਦੇ ਪੱਖ ਤੋਂ ਕਲਾ ਚੀਜ਼ਾਂ ਨੂੰ ਇਸੇ ਰੂਪ ਵਿੱਚ ਦੇਖਦੀ ਹੈ ਜਿਵੇਂ ਦਾ ਉਹਨਾਂ ਨੂੰ ਹੋਣਾ ਚਾਹੀਦਾ ਹੈ। ਇਸ ਲਈ 'ਪੋਇਟਿਕਸ' ਵਿੱਚ ਅਰਸਤੂ ਨੇ ਇਹ ਪੁਰਾਤਨ ਨਜ਼ਰੀਆ ਪ੍ਰਗਟ ਕੀਤਾ ਹੈ ਕਿ ਕਵਿਤਾ ਇਤਿਹਾਸ ਦੀ ਤੁਲਨਾ ਵਿੱਚ ਜ਼ਿਆਦਾ ਸੰਸਾਰ-ਵਿਆਪੀ ਹੁੰਦੀ ਹੈ ਕਿਉਂਕਿ ਇਤਿਹਾਸ ਚੀਜ਼ਾਂ ਜਿਵੇਂ ਦੀਆਂ ਹੁੰਦੀਆਂ ਹਨ ਉਹਨਾਂ 'ਤੇ ਉਸੇ ਰੂਪ ਵਿੱਚ ਵਿਚਾਰ ਕਰਦਾ ਹੈ ਪਰ ਕਵਿਤਾ ਇਸ 'ਤੇ ਕਿ ਚੀਜ਼ਾਂ ਕਿਵੇਂ ਦੀਆਂ ਹੋ ਸਕਦੀਆਂ ਹਨ, ਦੂਜੇ ਸ਼ਬਦਾਂ ਵਿੱਚ ਸੰਭਾਵਨਾਵਾਂ 'ਤੇ ਪਰ ਕਲਾ ਸੰਪੂਰਨਤਾ ਪ੍ਰਾਪਤ ਕਰਨ ਦਾ ਯਤਨ ਕਰਦੀ ਹੈ। ਰੂਪ ਅਤੇ ਕਲਾ ਦੀ ਆਦਰਸ਼ ਇਕਰੂਪਤਾ ਪ੍ਰਾਪਤ ਕਰਨ ਦਾ ਯਤਨ। ਪਰ ਕਲਾ ਕਦੇ ਠਹਿਰੀ ਹੋਈ ਨਹੀਂ ਹੁੰਦੀ। ਇਹ ਲਗਾਤਾਰ ਬਦਲਦੀ ਰਹਿੰਦੀ ਹੈ। ਕਲਾ ਯਥਾਰਥ ਦੀ ਬੁਨਿਆਦ ਫੜਨ ਦਾ ਯਤਨ ਕਰਦੀ ਹੈ ਜੋ ਗਤੀ ਵਿੱਚ ਸਮੋਇਆ ਹੈ, ਉਹ ਗਤੀ ਦਾ ਜਸ਼ਨ ਮਨਾਉਂਦੀ ਹੈ। ਕਲਾ ਇੱਕੋ ਵੇਲੇ ਠਹਿਰਾਅ ਵਿੱਚ ਗਤੀ ਹੈ ਅਤੇ ਗਤੀ ਵਿੱਚ ਠਹਿਰਾਅ। ਰਾਜ ਚੀਜ਼ਾਂ ਦੇ 'ਰੂਪ' ਨੂੰ ਸੰਪੂਰਨਤਾ ਪ੍ਰਦਾਨ ਕਰਨ ਦਾ ਯਤਨ ਕਰਦਾ ਹੈ। ਜਿਵੇਂ ਕਨੂੰਨ ਪ੍ਰਬੰਧ ਨੂੰ। ਉੱਥੇ ਵੀ ਜਿੱਥੇ ਬਦਲ ਰਹੇ ਸਾਰਤੱਤ ਨਾਲ ਉਸਦਾ ਘੋਲ ਰਹੇ। ਇਹ ਗਤੀ ਨੂੰ ਜਿੱਥੇ ਹੈ ਉੱਥੇ ਰੋਕ ਦੇਣਾ ਚਾਹੁੰਦਾ ਹੈ ਤਾਂ ਕਿ ਸਮੇਂ ਨੂੰ ਦੁਹਰਾਇਆ ਜਾ ਸਕੇ, ਜਾਣੇ-ਪਛਾਣੇ ਨੂੰ ਕੰਟਰੋਲ ਕੀਤਾ ਜਾ ਸਕੇ। ਗਤੀ ਬਿਨ੍ਹਾਂ ਠਹਿਰਾਅ ਇਹ ਰਾਜ ਦੀ ਕਲਾ ਦਾ ਮੂਲ ਹੈ।

ਇਸ ਤਰ੍ਹਾਂ ਗਤੀ ਅਤੇ ਤਬਦੀਲੀ – ਜਿਸਦਾ ਕਲਾ, ਵਿਚਾਰ, ਕੁਦਰਤ ਅਤੇ ਜੀਵਨ ਵਿੱਚ ਕੇਂਦਰੀ ਮਹੱਤਵ ਹੈ – ਦਾ ਸਪੱਸ਼ਟ ਰੂਪ ਵਿੱਚ ਕਿਸੇ ਵੀ ਖੇਤਰ ਵਿੱਚ ਸਭ ਤੋਂ ਉੱਤਮਤਾ ਪ੍ਰਾਪਤ ਕਰ ਲੈਣ ਦੀ ਧਾਰਨਾ ਨਾਲ ਮੌਲਿਕ ਵਿਰੋਧ ਹੈ, ਅਖ਼ੀਰੀ ਸਿੱਟੇ ਵਜੋਂ, ਅਰਾਮ ਨਾਲ ਜੋ ਕਿ ਮੌਤ ਹੈ। ਕਲਾ ਹੀਗਲ ਦੀ ਇਤਿਹਾਸ ਬਾਰੇ 19ਵੀਂ ਸਦੀ ਦੀ ਵਿਆਖਿਆ ਦੀ ਵਿਰੋਧੀ ਹੈ ਜਿਸਦੇ ਅਨੁਸਾਰ ਇਤਿਹਾਸ ਪੂਰਬ ਤੋਂ ਪੱਛਮ ਪਹੁੰਚਿਆ, ਸੰਭਾਵਨਾ ਵਜੋਂ ਅਫ਼ਰੀਕਾ ਨੂੰ ਛੱਡਦਾ ਹੋਇਆ ਅਤੇ ਅੰਤ ਪ੍ਰਸ਼ਾ ਦੇ ਰਾਜਤੰਤਰ ਵਿੱਚ ਆਦਰਸ਼ ਰੂਪ ਵਿੱਚ ਤਬਦੀਲ ਹੋਇਆ (ਉਹ ਕਿੰਨਾ ਗ਼ਲਤ ਸੀ) ਜਾਂ ਫਿਰ 20ਵੀਂ ਸਦੀ ਦੇ ਉਸਦੇ ਸਹਿਯੋਗੀ ਫਰਾਂਸਿਸ ਫੂਕੋਯਾਮਾ ਦੀ ਵਿਆਖਿਆ ਦੀ ਵੀ ਵਿਰੋਧੀ ਹੈ ਜਿਸਨੇ ਠੰਡੀ ਜੰਗ ਦੇ ਖ਼ਾਤਮੇ ਅਤੇ ਪੂਰਬੀ ਯੂਰਪ ਵਿੱਚ ਕਮਿਊਨਿਸਟ ਸਰਕਾਰਾਂ ਡਿੱਗਣ



ਬਾਅਦ ਐਲਾਨ ਕੀਤਾ ਸੀ ਕਿ ਉਦਾਰ ਅਮਰੀਕੀ ਰਾਜ ਦਾ ਇਤਿਹਾਸ ਖ਼ਤਮ ਹੋ ਗਿਆ ਹੈ। ਅਸੀਂ ਇਹਨਾਂ ਸਾਰੇ ਖੇਤਰਾਂ ਵਿੱਚ ਸਭ ਤੋਂ ਉੱਤਮਤਾ ਪ੍ਰਾਪਤ ਕਰ ਚੁੱਕੇ ਹਾਂ, ਇਸ ਲਈ ਹੁਣ ਉਸੇ ਉਦਾਰ ਹਾਲਤ ਦੀ ਵਿਆਖਿਆ ਕਰਨ ਜੋਗੀ ਗੱਲ ਰਹਿ ਗਈ ਹੈ। "ਲੋਕ ਹੋਰ ਭਲਾ ਕੀ ਚਾਹੁੰਦੇ ਹਨ"? ਰਾਜ ਦੇ ਸੰਚਾਲਕਾਂ ਦਾ ਇਹ ਪ੍ਰਚੱਲਿਤ ਮੁਹਾਵਰਾ ਹੈ। ਅੰਤਿਮ ਹਾਲਤ ਵਿੱਚ ਪਹੁੰਚਣ ਦਾ ਸੰਕਲਪ ਬਹੁਤ ਖ਼ਤਰਨਾਕ ਹੈ ਕਿਉਂਕਿ ਇਸ ਵਿੱਚ ਤਾਨਾਸ਼ਾਹੀ ਅਤੇ ਅਸਹਿਣਸ਼ੀਲਤਾ ਦੇ ਬੀਜ ਸਮੋਏ ਹਨ। ਇਹ ਪਲੈਟੋ ਦੇ ਆਦਰਸ਼ ਗਣਤੰਤਰ ਵਿੱਚ ਰੱਖਿਅਕਾਂ ਦੀ ਗੂੰਜ ਹੈ ਜਿਸਨੂੰ ਕਲਾਕਾਰਾਂ ਤੋਂ ਬਚਾਉਣਾ ਚਾਹੀਦਾ ਹੈ, ਕਿਉਂਕਿ ਉਹ ਆਪਣੇ ਪਾਗਲਪਨ ਦੀਆਂ ਬੇਤਰਤੀਬ ਰਚਨਾਵਾਂ ਨਾਲ ਇਸਦੇ ਠਹਿਰਾਅ ਨੂੰ ਖ਼ਤਰੇ ਵਿੱਚ ਪਾ ਸਕਦੇ ਹਨ।

ਰਾਜ ਜਿੰਨਾ ਵੱਧ ਸੰਪੂਰਨਤਾਵਾਦੀ ਅਤੇ ਕੱਟੜਪੰਥੀ ਹੋਵੇਗਾ ਉਹ ਓਨਾ ਹੀ ਉਹਨਾਂ ਪ੍ਰਤੀ ਹਮਲਾਵਰ ਹੋਵੇਗਾ ਜੋ ਉਸਨੂੰ ਉਸਦੀ ਸਮਾਜਿਕ ਨੈਤਿਕਤਾ ਦੀ ਯਾਦ ਦਵਾਉਣਗੇ। ਕਲਾ ਹਮੇਸ਼ਾ ਵਰਤਮਾਨ ਨੂੰ ਜ਼ਾਹਰ ਸੱਚ ਦੀ ਯਾਦ ਦਵਾਉਂਦੀ ਹੈ, ਤੁਸੀਂ ਵੀ ਇੱਕ ਦਿਨ ਗੁਜਰ ਜਾਣਾ ਹੈ। ਇੱਕ ਬਸਤੀਵਾਦੀ ਰਾਜ ਅਤੇ ਇੱਕ ਨਵ-ਬਸਤੀਵਾਦੀ ਰਾਜ ਜੋ ਕਿ ਕਿਸੇ ਸੰਪੂਰਨਤਾਵਾਦੀ ਰਾਜ ਦੇ ਦੋ ਰੂਪ ਹੁੰਦੇ ਹਨ ਉਹ ਨਿਸ਼ਚਿਤ ਤੌਰ 'ਤੇ ਉਹਨਾਂ ਬਿੰਬਾਂ ਦੇ ਵਿਰੁੱਧ ਹੁੰਦੇ ਹਨ ਜਿਹਨਾਂ ਵਿੱਚ ਤਬਦੀਲੀ ਦੀ ਮੰਗ ਹੁੰਦੀ ਹੈ। ਸੰਪੂਰਨ ਕਲਾ ਸੰਪੂਰਨ ਗਤੀ ਦਾ ਜਸ਼ਨ ਮਨਾਉਂਦੀ ਹੈ। ਇਹੀ ਜੀਵਨ ਹੈ: ਸੰਪੂਰਨ ਰਾਜ ਸੰਪੂਰਨ ਗਤੀ ਦਾ ਅੜਿੱਕਾ ਹੁੰਦਾ ਹੈ, ਇਹੀ ਮੌਤ ਹੈ।

**ਤਿੰਨ**

ਇਸ ਤੋਂ ਬਿਨ੍ਹਾਂ ਕਲਾ ਦਾ ਇੱਕ ਸੁਕਰਾਤਵਾਦੀ ਪੱਖ ਹੈ। ਤੁਹਾਨੂੰ ਉਹਨਾਂ ਦੀ ਕਹਾਣੀ ਯਾਦ ਹੋਵੇਗੀ। ਡੇਲਫੀ ਵਿੱਚ ਕਿਸੇ ਵਿਦਵਾਨ ਨੇ ਸੁਕਰਾਤ ਦੇ ਬਚਪਨ ਦੇ ਦੋਸਤ ਚੇਥੇਰਕੌਨ ਨੂੰ ਕਿਹਾ ਸੀ ਕਿ ਸੁਕਰਾਤ ਤੋਂ ਵੱਡਾ ਬੁੱਧੀਮਾਨ ਸੰਸਾਰ ਵਿੱਚ ਕੋਈ ਨਹੀਂ ਹੈ। ਪਰ ਸੁਕਰਾਤ ਨੇ ਇਸ ਗੱਲ ਨੂੰ ਨਹੀਂ ਮੰਨਿਆ। ਉਹਨਾਂ ਨੇ ਉਹਨਾਂ ਲੋਕਾਂ ਤੋਂ ਪੁੱਛ-ਗਿੱਛ ਸ਼ੁਰੂ ਕਰ ਦਿੱਤੀ, ਜਿਹਨਾਂ ਨੂੰ ਬੁੱਧੀਮਾਨ ਸਮਝਿਆ ਜਾਂਦਾ ਸੀ ਅਤੇ ਉਹਨਾਂ ਨੇ ਦੇਖਿਆ ਕਿ ਉਹ ਤਾਂ ਆਪਣੀ ਅਗਿਆਨਤਾ ਪ੍ਰਤੀ ਸੁਚੇਤ ਹਨ ਪਰ ਬੁੱਧੀਮਾਨ ਮੰਨੇ ਜਾਣ ਵਾਲੇ ਲੋਕਾਂ ਵਿੱਚੋਂ ਜ਼ਿਆਦਾਤਰ ਆਪਣੀ ਅਗਿਆਨਤਾ ਤੋਂ ਜਾਣੂ ਨਹੀਂ ਹਨ। ਇਸ ਲਈ ਸੁਕਰਾਤ ਜਿਸ ਹੱਦ ਤੱਕ ਆਪਣੀ ਅਗਿਆਨਤਾ ਨੂੰ ਪ੍ਰਵਾਨ ਕਰਦੇ ਹਨ ਉਸ ਹੱਦ ਤੱਕ ਹੋਰ ਵੱਧ ਜਾਣਨ ਦਾ ਯਤਨ ਕਰਦੇ ਹਨ ਇਸ ਤਰ੍ਹਾਂ ਉਹ ਦੂਜਿਆਂ ਤੋਂ ਵੱਧ ਬੁੱਧੀਮਾਨ ਸਿੱਧ ਹੁੰਦੇ ਹਨ। ਸਭ ਤੋਂ ਵੱਧ ਬੁੱਧੀਮਾਨ ਉਹ ਹੁੰਦੇ ਹਨ ਜੋ ਇਹ ਸਮਝਦੇ ਹਨ ਕਿ ਉਹਨਾਂ ਦੀ ਬੁੱਧੀ ਕਿਸੇ ਕੰਮ ਦੀ ਨਹੀਂ ਹੈ। ਸਵਾਲ ਪੁੱਛਣ ਨਾਲ ਅਸਰ ਇਹ ਪੈਂਦਾ ਹੈ ਕਿ ਉਹਨਾਂ ਵਿਰੁੱਧ ਕਰੜਾ ਵਿਰੋਧ ਪੈਦਾ ਹੁੰਦਾ ਹੈ। ਉਹਨਾਂ 'ਤੇ ਅਪਰਾਧੀ ਹਾਲਤਾਂ ਦਾ ਦੋਸ਼ ਲੱਗਦਾ ਹੈ ਕਿ "ਉਹ ਅਜਿਹੀਆਂ ਚੀਜ਼ਾਂ ਬਾਰੇ ਪੁੱਛਦੇ ਹਨ ਜੋ ਜਮੀਨ ਦੇ ਹੇਠ ਅਤੇ ਅਸਮਾਨ ਤੋਂ ਪਰ੍ਹੇ ਵੀ ਹਨ ਅਤੇ ਕਮਜ਼ੋਰ ਤਰਕਾਂ ਨਾਲ ਮਜ਼ਬੂਤ ਤਰਕਾਂ ਨੂੰ ਹਰਾ ਦਿੰਦੇ ਹਨ।" ਪਰ ਏਥਨਜ਼ ਦੀ ਹਕੂਮਤ ਦੇ ਸਾਹਮਣੇ ਉਹਨਾਂ 'ਤੇ ਦੋਸ਼ ਲਾਉਣ ਵਾਲਿਆਂ ਦੀਆਂ ਅਸਲੀ ਸ਼ਕਾਇਤਾਂ 'ਤੇ ਧਿਆਨ ਦਿਓ: ਉਹਨਾਂ ਦਾ ਕਹਿਣਾ ਹੈ ਕਿ ਕਈ ਨੌਜਵਾਨਾਂ ਦਾ ਦਿਮਾਗ਼ ਖ਼ਰਾਬ ਕਰਨ ਦੇ ਦੋਸ਼ੀ ਹਨ ਅਤੇ ਰਾਜ ਦੁਆਰਾ ਪ੍ਰਵਾਨੇ ਰੱਬ ਦੀ ਬਜਾਏ ਆਪਣੇ ਹੀ ਬਣਾਏ 'ਰੱਬ' 'ਤੇ ਵਿਸ਼ਵਾਸ ਕਰਨ ਦੇ ਦੋਸ਼ੀ ਹਨ। ਸਵਾਲ ਪੁੱਛਣ ਦਾ ਮਾਅਰਕਾ ਮਾਰਦੇ ਹੋਏ ਉਹ ਆਪਣੀ ਚੇਤਨਾ ਦੀ ਆਵਾਜ਼ ਦੀ ਨਕਲ ਕਰਦੇ ਹਨ। ਆਪਣੇ ਬਚਾਅ ਵਿੱਚ, ਆਪਣੇ ਤਰਕਾਂ ਦੀ ਹਮਾਇਤ ਵਿੱਚ ਉਹ ਸਮਾਜ ਦੀ ਤੁਲਨਾ ਇੱਕ ਵਿਸ਼ਾਲ ਕੁਲੀਨ ਘੋੜੇ ਨਾਲ ਕਰਦੇ ਹਨ ਜੋ ਆਪਣੇ ਭਾਰੀ ਸਰੀਰ ਵਿੱਚ ਹੀ ਆਲਸੀ ਪਏ ਰਹਿਣ ਨੂੰ ਸਰਾਪਿਆ ਹੁੰਦਾ ਹੈ ਅਤੇ ਜਾਗਣ ਲਈ ਉਸਨੂੰ ਵੱਡੀ ਮੱਖੀ ਦੀ ਲੋੜ ਹੁੰਦੀ ਹੈ। ਪਰ ਅਜਿਹਾ ਲੱਗਦਾ ਹੈ ਕਿ ਰੱਬ ਨੇ ਮੈਨੂੰ ਇਸ ਸਰੀਰ ਵਿੱਚ ਇੱਕ ਅਜਿਹੀ ਹੀ ਮੱਖੀ ਦੀ ਭੂਮਿਕਾ ਨਿਭਾਉਣ ਲਈ ਭੇਜਿਆ ਹੈ ਅਤੇ ਹਮੇਸ਼ਾ ਮੈਂ ਇੱਥੇ, ਉੱਥੇ ਹਰ ਥਾਂ ਤੁਹਾਡੇ ਵਿੱਚੋਂ ਹਰੇਕ ਨੂੰ ਜਗਾਉਣ, ਪ੍ਰੇਰਿਤ ਕਰਨ ਅਤੇ ਝਿੜਕਣ ਵਿੱਚ ਗ਼ਲਤੀ ਨਹੀਂ ਕਰਾਂਗਾ।" ਉਹ ਲੋਕਾਂ ਤੋਂ ਸਵਾਲ ਪੁੱਛਣਾ ਸ਼ੁਰੂ ਕਰਦੇ ਹਨ ਅਤੇ ਇਸਦੇ ਲਈ ਅੰਤ ਰਾਜ ਉਹਨਾਂ ਨੂੰ ਜ਼ਹਿਰ ਪੀਣ ਲਈ ਮਜਬੂਰ ਕਰਦਾ ਹੈ। ਉਹਨਾਂ ਨੇ ਸਵਾਲ ਖੜ੍ਹੇ ਕਰਨ ਦੇ ਹੱਕ ਲਈ ਮੌਤ ਨੂੰ ਗਲ਼ ਲਾਇਆ। ਇਹ ਸਵਾਲ ਕਿੰਨਾ ਵੀ ਬੇ-ਰੋਚਕ ਕਿਉਂ ਨਾ ਹੋਵੇ? ਨਾ ਕਿ, ਹੋਰ ਯਕੀਨਨ ਹੀ ਨਹੀਂ, ਜਵਾਬ ਦੇਣ ਦੀ ਅਜਾਰੇਦਾਰੀ ਦੇ ਪੱਖ ਵਿੱਚ ਨਹੀਂ ਭਾਵੇਂ ਜਵਾਬ ਜਿੰਨਾ ਵੀ ਠੀਕ ਕਿਉਂ ਨਾ ਲੱਗੇ। ਉਹਨਾਂ ਦੀਆਂ ਟਿੱਪਣੀਆਂ ਜਿੰਨੀਆਂ ਵੀ ਘ੍ਰਿਣਤ ਕਿਉਂ ਨਾ ਹੋਣ, ਸੁਕਰਾਤ ਸਮਾਜ ਵਿੱਚ ਕਲਾਕਾਰ ਦੀ ਹੈਸੀਅਤ ਬਾਰੇ ਗੱਲ ਕਰਦੇ ਹਨ।

ਕਲਾ ਦੇ ਕੋਲ ਜਵਾਬਾਂ ਦੇ ਬਰਕਸ ਸਵਾਲ ਜ਼ਿਆਦਾ ਹੁੰਦੇ ਹਨ। ਕਲਾ ਦੀ ਕੁਝ ਗੱਲ ਕੁਝ ਨਾ ਜਾਣਨ ਵਿੱਚ ਹੁੰਦੀ ਹੈ ਅਤੇ ਇਹ ਸਭ ਕੁਝ ਜਾਣਨਾ ਚਾਹੁੰਦੀ ਹੈ। ਇਸ ਤਰ੍ਹਾਂ ਇਸਦਾ ਖੋਜੀ ਕਿਰਦਾਰ ਹੁੰਦਾ ਹੈ। ਅਸਲ ਵਿੱਚ ਕਲਾ ਕੋਲ ਸ਼ਾਇਦ ਹੀ ਕੋਈ ਜਵਾਬ ਹੁੰਦਾ ਹੈ। ਸਵਾਲਾਂ ਵਿੱਚ ਜਵਾਬ ਲੁਕੇ ਹੋ ਸਕਦੇ ਹਨ। ਪਰ ਆਮ ਤੌਰ 'ਤੇ ਉਹ ਸੰਕੇਤ ਮਾਤਰ ਹੁੰਦੇ ਹਨ। ਖੁੱਲ੍ਹੀਆਂ ਹੋਈਆਂ ਸੰਭਾਵਨਾਵਾਂ ਕੋਈ ਨਿਸ਼ਚਿਤ ਬਿਨ੍ਹਾਂ ਕਾਰਨ ਤੋਂ ਨਹੀਂ। ਇਸ ਨਜ਼ਰੀਏ ਤੋਂ ਕਲਾ ਦਾ ਸਵਾਲ ਸਾਡੇ ਰੋਜ਼ਾਨਾ ਸੁਆਗਤਾਂ ਨਾਲ ਬਹੁਤ ਮਿਲਦਾ-ਜੁਲਦਾ ਹੈ। ਅਸੀਂ ਸਾਰੇ ਆਪਣੇ ਰੋਜ਼ਾਨਾ ਮੇਲ-ਜੋਲ ਦੇ ਤਰੀਕਿਆਂ ਤੋਂ ਜਾਣੂ ਹਾਂ, "ਤੁਸੀਂ ਕਿਵੇਂ ਹੋ? 'ਤੁਸੀਂ ਕੀ ਕਰ ਰਹੇ ਹੋ?' 'ਕਿੱਥੇ ਜਾ ਰਹੇ ਹੋ?' ਇਹਨਾਂ ਵਿੱਚ ਮੁੱਖ ਗੱਲ ਹੈ ਕਿ ਜਵਾਬ ਸੁਆਗਤ ਪ੍ਰਵਾਨ ਕਰਨ ਵਾਲੇ 'ਤੇ ਨਿਰਭਰ ਹੁੰਦਾ ਹੈ। ਇਸਦੇ ਅਤੇ ਰਾਜ ਦੇ ਕੋਲ ਜਵਾਬ ਹੀ ਜਵਾਬ ਹੁੰਦੇ ਹਨ ਅਤੇ ਸ਼ਾਇਦ ਹੀ ਕਦੇ ਕੋਈ ਸਵਾਲ ਹੁੰਦਾ ਹੈ। ਰਾਜ ਜਿੰਨਾ ਹੀ ਧੜਵੈਲ ਹੁੰਦਾ ਹੈ ਓਨਾ ਹੀ ਘੱਟ ਉਸਦੇ ਕੋਲ ਸਵਾਲ ਹੁੰਦੇ ਹਨ, ਇਹ ਓਨਾ ਹੀ ਘੱਟ ਦੂਜੇ ਦੇ ਸਵਾਲ ਨੂੰ ਮਹੱਤਵ ਦਿੰਦਾ ਹੈ। ਉਹਨਾਂ ਅਖੌਤੀ ਬੁੱਧੀਮਾਨ ਏਥਨਸ ਵਾਸੀਆਂ ਦੇ ਵਾਂਗ ਜਿਹਨਾਂ ਨੂੰ ਆਪਣੀ ਬੁੱਧੀ 'ਤੇ ਇੰਨਾ ਯਕੀਨ ਸੀ ਕਿ ਸੁਕਰਾਤ ਤੋਂ ਕੁਝ ਵੀ ਸਿੱਖਣਾ ਨਹੀਂ ਚਾਹੁੰਦੇ ਸਨ, ਅਜਿਹੇ ਰਾਜ ਦੀ ਤਸਵੀਰ ਅੰਤਿਮ ਰਾਜ ਦਾ ਜਾਣਕਾਰ ਹੋਣ ਵਾਲੇ ਦੰਭੀ ਦੀ ਹੁੰਦੀ ਹੈ। ਦੂਜੇ ਸ਼ਬਦਾਂ ਵਿੱਚ ਸੰਪੂਰਨ ਗਿਆਨ ਦੇ ਲਈ ਪੂਰਨ ਅਧਿਕਾਰ ਪ੍ਰਾਪਤ ਕੀਤਾ ਜਾਂਦਾ ਹੈ। ਅਜਿਹਾ ਰਾਜ ਉਹਨਾਂ ਲੋਕਾਂ ਨੂੰ ਵਿਦਰੋਹੀ, ਦੇਸ਼-ਧ੍ਰੋਹੀ ਅਤੇ ਪਾਗਲ ਮੰਨਦਾ ਹੈ ਜੋ ਸਵਾਲ ਪੁੱਛਦੇ ਹਨ।

ਕਿਸੇ ਨਵ-ਬਸਤੀਵਾਦੀ ਰਾਜ ਵਿੱਚ ਜਾਂ ਕਿਸੇ ਤਾਨਾਸ਼ਾਹੀ ਰਾਜ ਵਿੱਚ ਸਵਾਲ ਪੁੱਛਣ ਵਾਲੇ ਲੇਖਕ ਦੀ ਹਾਸੋਹੀਣੀ ਹਾਲਤ ਦਾ ਚੰਗਾ ਬਿਰਤਾਂਤ ਗਿਕੂਯੂ ਭਾਸ਼ਾ ਵਿੱਚ ਲਿਖੇ ਮੇਰੇ ਨਾਵਲ 'ਮਾਟੀਗਾਰੀ' ਵਿੱਚ ਦਿੱਤਾ ਗਿਆ ਹੈ ਜੋ ਕੀਨਿਆ ਵਿੱਚ 1986 ਵਿੱਚ ਛਪਿਆ ਸੀ। 1982 ਤੋਂ 1986 ਵਿਚਾਲੇ ਅਨੇਕ ਲੇਖਕ ਅਤੇ ਬੁੱਧੀਜੀਵੀ ਕੈਦ ਕਰ ਲਏ ਗਏ ਜਾਂ ਦੇਸ਼-ਨਿਕਾਲੇ ਵਿੱਚ ਜਾਣ ਲਈ ਮਜਬੂਰ ਕਰ ਦਿੱਤੇ ਗਏ ਸਨ। 1986 ਦਾ ਸਾਲ ਖ਼ਾਸ ਤੌਰ 'ਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਖ਼ਰਾਬ ਸੀ। ਇੱਥੋਂ ਤੱਕ ਕਿ ਯੂਨੀਵਰਸਿਟੀ ਦੀਆਂ ਕਲਾਸਾਂ ਵਿੱਚ ਹੋਣ ਵਾਲੀਆਂ ਬਹਿਸਾਂ 'ਤੇ ਵੀ ਆਮ ਤੌਰ 'ਤੇ ਪੁਲਿਸ ਵਾਲੇ ਭੇਸ ਬਦਲ ਕੇ ਨਿਗਾਹ ਰੱਖਦੇ ਸਨ। ਅਜਿਹੇ ਮਾਹੌਲ ਵਿੱਚ ਰਾਸ਼ਟਰਪਤੀ ਡੈਨੀਅਲ ਅਰਪ ਮੋਈ ਨੇ ਮੇਰੇ ਨਾਵਲ ਦੇ ਨਾਇਕ ਨੂੰ ਫੌਰੀ ਗ੍ਰਿਫ਼ਤਾਰ ਕਰਨ ਦਾ ਹੁਕਮ ਜਾਰੀ ਕੀਤਾ ਕਿਉਂਕਿ ਉਹਨਾਂ ਕੋਲ਼ ਗੁਪਤ-ਵਿਭਾਗ ਦੀ ਰਿਪੋਰਟ ਭੇਜੀ ਗਈ ਸੀ ਕਿ ਮਾਟੀਗੀਰੀ ਨਾਂ ਦਾ ਇੱਕ ਬੰਦਾ ਦੇਸ਼ ਵਿੱਚ ਹੋ ਰਹੀਆਂ ਘਟਨਾਵਾਂ ਦੇ ਸੰਦਰਭ ਵਿੱਚ ਸੱਚਾਈ ਅਤੇ ਨਿਆਂ ਦੇ ਘੋਲ ਵਿੱਚ ਸਵਾਲ ਉਠਾਉਂਦਾ ਫਿਰਦਾ ਹੈ। ਅਸਲ ਵਿੱਚ ਮਾਟੀਗੀਰੀ ਇੱਕ ਹੀ ਸਵਾਲ ਪੁੱਛਦਾ ਹੈ ਕਿ ਇੱਕ ਉੱਤਰ-ਬਸਤੀਵਾਦੀ ਸਮਾਜ ਵਿੱਚ ਸ਼ਾਂਤੀ ਦੇ ਹਮਾਇਤੀ ਕਿਸੇ ਬੰਦੇ ਨੂੰ ਸੱਚਾਈ ਅਤੇ ਨਿਆਂ ਕਿੱਥੇ ਮਿਲ ਸਕਦਾ ਹੈ? ਜਦ ਪੁਲਿਸ ਨੂੰ ਪਤਾ ਲੱਗਿਆ ਕਿ ਮਾਟੀਗੀਰੀ ਇਸੇ ਨਾਂ ਦੇ ਨਾਵਲ ਦਾ ਇੱਕ ਕਿਰਦਾਰ ਮਾਤਰ ਹੈ ਤਾਂ ਬੁੱਢੇ ਤੋਰੋਇਸ਼ਿ ਅਰਪ ਮੋਈ ਨੇ ਨਾਵਲ ਨੂੰ ਹੀ ਜ਼ਬਤ ਕਰਨ ਦਾ ਹੁਕਮ ਜਾਰੀ ਕਰ ਦਿੱਤਾ। ਕੋਈ ਕਿਤਾਬ ਸਵਾਲ ਖੜ੍ਹੇ ਕਰਨ ਦੀ ਹਿੰਮਤ ਕਿਵੇਂ ਕਰ ਸਕਦੀ ਹੈ? ਇਸ ਲਈ 1987 ਦੀ ਫਰਵਰੀ ਵਿੱਚ ਵਿਉਂਤਬੱਧ ਪੁਲਿਸ ਕਾਰਵਾਈ ਦੇ ਤਹਿਤ ਸਾਰੀਆਂ ਦੁਕਾਨਾਂ ਤੋਂ ਅਤੇ ਇੱਥੋਂ ਤੱਕ ਕਿ ਪ੍ਰਕਾਸ਼ਕ ਦੇ ਗੋਦਾਮ 'ਚੋਂ ਵੀ ਕਿਤਾਬ ਜ਼ਬਤ ਕਰ ਲਈ ਗਈ। ਕਲਾ ਅਤੇ ਸਾਹਿਤ ਦਾ ਸੰਸਾਰ ਬਹੁਤ ਤ੍ਰਾਸਦਿਕ ਹੁੰਦਾ ਹੈ। ਜੋ ਕੁਝ ਵੀ ਉਸ ਕਿਤਾਬ ਨਾਲ ਅਸਲ ਜੀਵਨ ਵਿੱਚ ਵਾਪਰਿਆ ਉਹ ਨਾਵਲ ਦੀ ਕਹਾਣੀ ਦੇ ਸੰਸਾਰ ਵਿੱਚ ਪਹਿਲਾਂ ਹੀ



ਵਾਪਰ ਚੁੱਕਿਆ ਸੀ। ਕਹਾਣੀ ਵਿੱਚ ਇੱਕ ਥਾਂ ਮਾਟੀਗੀਰੀ ਗ੍ਰਿਫ਼ਤਾਰ ਹੁੰਦਾ ਹੈ ਅਤੇ ਪਹਿਲਾਂ ਪੁਲਿਸ ਦੀ ਕੈਦ ਵਿੱਚ ਰੱਖਿਆ ਜਾਂਦਾ ਹੈ ਅਤੇ ਫਿਰ ਇੱਕ ਪਾਗਲਖ਼ਾਨੇ ਵਿੱਚ ਕਿਉਂਕਿ ਕੇਵਲ ਸਿਆਸੀ ਰੂਪ ਵਿੱਚ ਪਾਗ਼ਲ ਹੀ ਅਜਿਹੇ ਸਵਾਲ ਪੁੱਛ ਸਕਦੇ ਹਨ ਜਿਹੋ-ਜਿਹੇ ਉਹ ਮਿਲਣ ਵਾਲ਼ੇ ਨੂੰ ਪੁੱਛਦਾ ਸੀ। ਦੂਜੀ ਥਾਂ ਮਾਟੀਗੀਰੀ ਭੱਜ ਰਿਹਾ ਹੈ। ਇਸ ਦੇ ਪਿੱਛੇ ਰਾਜ ਦਾ ਹਥਿਆਰ ਬਲ ਹੈ। ਤ੍ਰਾਸਦਿਕ ਦੀ ਇੱਕ ਹੋਰ ਹਾਲਤ: ਨਾਵਲ ਦੇ ਨਾਇਕ ਅਤੇ ਨਾਵਲ ਮਾਟੀਗੀਰੀ ਨਾਲ਼ ਜੋ ਹੁੰਦਾ ਹੈ, ਕੀਨਿਆ ਦੇ ਅਨੇਕ ਲੇਖਕਾਂ ਨਾਲ਼ ਉਹੀ ਹੋਇਆ। ਤਾਨਾਸ਼ਾਹੀ ਰਾਜ ਨੇ ਆਮ ਵਧਾਈ-ਪੱਤਰਾਂ ਪ੍ਰਤੀ ਵੀ ਘੱਟੋ-ਘੱਟ ਨਰਮੀ ਨਹੀਂ ਦਿਖਾਈ। 1969 ਵਿੱਚ ਕੀਨਿਆਈ ਲੇਖਕ ਅਬਦੂਲ ਲਤੀਫ਼ ਅਬਦੁੱਲਾ ਨੂੰ ਇੱਕ ਪਰਚਾ ਕੱਢਣ ’ਤੇ ਜੇਲ੍ਹ ਭੇਜ ਦਿੱਤਾ ਗਿਆ ਜਿਹਨਾਂ ਨੇ ਪੁੱਛਿਆ ਸੀ: “ਕੀਨਿਆ ਤਵੇਂਡਾ ਵਾਪੀ?” “ਕੀਨਿਆ, ਅਸੀਂ ਕਿੱਥੇ ਜਾ ਰਹੇ ਹਾਂ?”

ਖੋਜ ਦੀ ਕਲਾਤਮਕ ਪ੍ਰਕ੍ਰਿਆ ਦੇ ਮੂਲ ਸੁਭਾਅ ਤੋਂ ਹੀ ਸੁਕਰਾਤਵਾਦੀ ਪੱਖ ਪੈਦਾ ਹੁੰਦਾ ਹੈ। ਅਸੀਂ ਕਲਾ ਦੀ ਪ੍ਰੀਭਾਸ਼ਾ ਸ਼ਬਦਾਂ ਵਿੱਚ, ਸੰਗੀਤ ਵਿੱਚ ਜਾਂ ਰੰਗਾਂ ਵਿੱਚ ਸੁਚੇਤ ਰੂਪ ਵਿੱਚ ਸੁਪਨੇ ਦੇਖਣ ਦੇ ਰੂਪ ਵਿੱਚ ਕਰ ਸਕਦੇ ਹਾਂ। ਤੁਸੀਂ ਜਾਣਦੇ ਹੋ ਕਿ ਕਈ ਵਾਰ ਰਾਤ ਨੂੰ ਸਾਡੇ ਸੁਪਨਿਆਂ ਵਿੱਚ ਸਭ ਤੋਂ ਵੱਧ ਅਸਲੀ ਹਾਲਤਾਂ ਵੀ ਪ੍ਰਾਪਤ ਹੁੰਦੀਆਂ ਹਨ। ਸਾਡੇ ਸੁਪਨਿਆਂ ਲਈ ਕੁਝ ਵੀ ਪਵਿੱਤਰ ਨਹੀਂ ਹੈ ਜੋ ਇਸਦੀ ਨਿਗਰਾਨੀ ਜਾਂ ਪਹੁੰਚ ਤੋਂ ਪਰ੍ਹੇ ਹੋਵੇ, ਕੱਚੇ ਮਾਲ ਦੇ ਰੂਪ ਵਿੱਚ, ਇਸਦੇ ਬਿੰਬਾਂ ਲਈ। ਸਾਡੇ ਸੁਪਨੇ ਅਤੇ ਦੁੱਖਦਾਈ-ਸੁਪਨਿਆਂ ਵਿੱਚ ਮੌਤ ਅਤੇ ਭੂਤਾਂ ਵਰਗੀਆਂ ਅਮੂਰਤ ਧਾਰਣਾਵਾਂ ਵਿੱਚ ਸ਼ੱਕ ਚਲਿਆ ਆ ਸਕਦਾ ਹੈ। ਸਾਨੂੰ ਖੰਭ ਲੱਗ ਜਾਂਦੇ ਹਨ, ਅਸੀਂ ਉੱਡਦੇ ਹਾਂ, ਅਸੀਂ ਆਪ ਨੂੰ ਮਰਦੇ ਹੋਏ ਅਤੇ ਦੱਬਿਆ ਜਾਣਾ ਦੇਖਦੇ ਹਾਂ ਅਤੇ ਫਿਰ ਜਾਗਦੇ ਸੰਸਾਰ ਵਿੱਚ ਜਾਗ ਜਾਂਦੇ ਹਾਂ। ਅਸੀਂ ਸਵਰਗ ਜਾਂ ਨਰਕ ਦੇ ਦਰਵਾਜੇ ਤੱਕ ਚਲੇ ਜਾਂਦੇ ਹਾਂ ਅਤੇ ਵਾਪਸ ਆ ਜਾਂਦੇ ਹਾਂ। ਅਸੀਂ ਮਰੇ ਹੋਏ ਲੋਕਾਂ ਨਾਲ਼ ਗੱਲ ਕਰਦੇ ਹਾਂ ਜੋ ਸੁਪਨੇ ਵਿੱਚ ਮੁੜ-ਜਿਉਂਦੇ ਅਤੇ ਪੂਰੀ ਤਰ੍ਹਾਂ ਜਿਉਂਦੇ ਲੱਗਦੇ ਹਨ। ਸਾਡੇ ਕੋਲ਼ ਪੈਸਾ ਹੁੰਦਾ ਹੈ, ਅਸੀਂ ਪਿਆਰ ਕਰਦੇ ਹਾਂ, ਇੱਥੋਂ ਤੱਕ ਕਿ ਆਪਣੇ ਦੁਸ਼ਮਣਾਂ ਦੇ ਨਾਲ਼ ਵੀ, ਕੁਝ ਵੀ ਕਰ ਸਕਦੇ ਹਾਂ ਅਤੇ ਜਦ ਅਸੀਂ ਜਾਗਦੇ ਹਾਂ ਤਾਂ ਮਿੱਠੀਆਂ-ਮਿੱਠੀਆਂ ਯਾਦਾਂ ਵਿੱਚ ਪੁੱਛਦੇ ਹਾਂ, ਕੀ ਸੱਚਮੁੱਚ ਉੱਡ ਰਹੇ ਸਾਂ? ਸੱਚਮੁੱਚ ਫਲਾਨੇ-ਫਲਾਨੇ ਨਾਲ਼ ਪਿਆਰ ਕਰ ਰਹੇ ਸਾਂ? ਹੌਲ਼ੀ-ਹੌਲ਼ੀ ਅਸੀਂ ਚਾਹੀਏ ਜਾਂ ਨਾ ਚਾਹੀਏ ਇਹ ਸਵਾਲ ਸਾਨੂੰ ਇਹਨਾਂ ਚੀਜ਼ਾਂ ਬਾਰੇ ਸੋਚਣ ’ਤੇ ਮਜ਼ਬੂਰ ਕਰ ਦਿੰਦੇ ਹਨ, ਸਧਾਰਨ ਤੌਰ ’ਤੇ ਅਤਿ ਨਾਟਕੀ ਚੀਜ਼ਾਂ ਬਾਰੇ ਵਿਚਾਰ ਕਰਨ ’ਤੇ। ਅਸੀਂ ਸਾਰੇ ਕਦੇ-ਕਦੇ ਅਜਿਹੇ ਵਾਕ ਬੋਲਦੇ ਹੀ ਹਾਂ, ‘ਓਏ, ਮੈਂ ਆਹ ਸੁਪਨਾ ਦੇਖਿਆ’ ਅਤੇ ‘ਮੈਂ ਭਿਆਨਕ ਸੁਪਨਾ ਦੇਖਿਆ’ ਅਤੇ ਸੱਚਮੁੱਚ ਅਸੀਂ ਉਹਨਾਂ ਨੂੰ ਸੁਣਾਉਂਦੇ ਵੀ ਹਾਂ ਜਿੰਨਾ ਯਾਦ ਰਹਿੰਦਾ ਹੈ ਅਤੇ ਹੈਰਾਨੀ ਨਾਲ਼ ਇਹਨਾਂ ਦਾ ਮਤਲਬ ਵੀ ਕੱਢਦੇ ਹਾਂ। ਸੁਪਨੇ ਅਤੇ ਸੁਪਨਿਆਂ ਦੀ ਵਿਆਖਿਆ ਦਾ ਵਰਤਾਰਾ ਪੁਰਾਣੇ ਸਮੇਂ ਤੋਂ ਹੀ ਮਨੁੱਖ ਨੂੰ ਪ੍ਰੇਸ਼ਾਨ ਕਰਦਾ ਰਿਹਾ ਹੈ। ਅਜਿਹੇ ਲੋਕਾਂ ਵਿੱਚ ਅਰਸਤੂ, ਬਾਇਬਲ ਦੇ ਜੋਸਫ਼ ਫਰਾਇਡ ਅਤੇ ਯੁੰਗ ਸ਼ਾਮਲ ਹਨ। ਆਪਣੇ ਲੇਖ ‘ਦਿਨ ਦੇ ਸੁਪਨੇ ਅਤੇ ਰਚਨਾਕਾਰ’ (ਡੇ-ਡ੍ਰੀਮਿੰਗ ਐਂਡ ਕ੍ਰਿਏਟਿਵ ਰਾਇਟਸ) ਵਿੱਚ ਫਰਾਇਡ ਨੇ ਕਲਾ ਨੂੰ ਸੁਪਨੇ ਨਾਲ਼ ਜੋੜਿਆ ਹੈ। ਨਿਤਸ਼ੇ ਨੇ ਆਪਣੀ ਪ੍ਰਸਿੱਧ ਕਿਰਤ ‘ਦਿ ਬਰਥ ਆਫ਼ ਟ੍ਰੈਜ਼ੇਡੀ’ ਵਿੱਚ ਕਲਾ ਦੇ ਸੋਮਿਆਂ ਦਾ ਸਬੰਧ ਸੁਪਨਿਆਂ ਦੇ ਸੰਸਾਰ ਨਾਲ਼ ਹੀ ਮਦਹੋਸ਼ੀ ਨਾਲ਼ ਜੋੜਿਆ ਹੈ, ਉਹ ਹਾਂਸ ਸਾਕਸ ਦੀ ਉਦਾਹਰਣ ਦਿੰਦਾ ਹੈ, “ਸਾਰੀ ਗਦ-ਰਚਨਾ ਅਤੇ ਕਵਿਤਾ ਲਿਖਣਾ ਹੋਰ ਕੁਝ ਨਹੀਂ ਸਗੋਂ (ਸੁਪਨਿਆਂ ਦੀ) ਵਿਆਖਿਆ ਕਰਨਾ ਹੈ।”8 ਉਹ ਲਿਖਦਾ ਹੈ ਕਿ ਸੁਪਨਿਆਂ ਦੇ ਸੰਸਾਰ ਦੀ ਖ਼ੂਬਸੂਰਤ ਮਜੂਦਗੀ, ਸਾਰੇ ਰੂਪਕ ਕਲਾਵਾਂ ਦੀ ਮੁੱਢਲੀ ਸ਼ਰਤ ਹੁੰਦੀ ਹੈ ਜਿਸਦੀ ਰਚਨਾ ਵਿੱਚ ਹਰ ਬੰਦਾ ਇੱਕੋ-ਇੱਕ ਕਲਾਕਾਰ ਹੁੰਦਾ ਹੈ... ਅਤੇ ਕਵਿਤਾ ਵਿੱਚ ਵੀ ਇਹ ਮਹੱਤਵਪੂਰਨ ਹੁੰਦੀ ਹੈ। ਆਪਣੇ ਸੁਪਨਿਆਂ ਵਿੱਚ ਅਸੀਂ ਰੂਪ ਨੂੰ ਫੌਰੀ ਮਹਿਸੂਸ ਕਰਕੇ ਖ਼ੁਸ਼ ਹੁੰਦੇ ਹਾਂ।”9 ਇਹਨਾਂ ਪ੍ਰਕ੍ਰਿਆਵਾਂ ਤੋਂ ਸੁਪਨਿਆਂ ਦਾ ਜਨਮ ਹੁੰਦਾ ਹੈ ਜਿਵੇਂ ਕਿ ਫਰਾਇਡ ਨੇ ਆਪਣੀ ਕਿਤਾਬ ‘ਇੰਟਰਪ੍ਰਟੇਸ਼ਨ ਆਫ਼ ਡਰੀਮਜ਼’ ਵਿੱਚ ਦੱਸਿਆ ਹੈ ਅਤੇ ਇਸ ਵਿੱਚ ਇਹ ਤੱਥ ਵੀ ਸ਼ਾਮਲ ਹੈ ਕਿ ਬਹੁਤ ਸਾਰੇ ਸੁਪਨੇ ਬਚਪਨ ਦੇ ਤਜ਼ਰਬਿਆਂ ’ਤੇ ਅਧਾਰਿਤ ਹੁੰਦੇ ਹਨ, ਉਹ ਪ੍ਰਕ੍ਰਿਆਵਾਂ ਬਹੁਤ ਕੁਝ ਅਜਿਹੀਆਂ ਹੀ ਹੁੰਦੀਆਂ ਹਨ ਜੋ ਕਲਾਕਾਰ ਦੀਆਂ ਕਲਪਨਾਵਾਂ ਨੂੰ ਉਸ ਸਮੇਂ ਪ੍ਰੇਰਿਤ ਕਰਦੀਆਂ ਹਨ ਜਦ ਕੋਈ ਕਲਾ ਦੀ ਖੋਜ ਵਿੱਚ ਲੱਗਿਆ ਹੁੰਦਾ ਹੈ। ਸਾਡੇ ਸਧਾਰਨ ਸੁਪਨਿਆਂ ਦੇ ਵਿਸ਼ਿਆਂ ਵਿੱਚ ਅਤੇ ਕਲਾ ਦੇ ਸੁਪਨਿਆਂ ਵਿੱਚ ਫ਼ਰਕ ਇਹ ਹੁੰਦਾ ਹੈ ਕਿ ਇੱਕ ਸਾਡੇ ਅੰਤਰ-ਆਤਮਾ ਵਿਚ ਪੈਦਾ ਹੁੰਦਾ ਹੈ ਅਤੇ ਦੂਜਾ ਸੁਚੇਤ ਅਵਸਥਾ ਵਿੱਚ ਜਾਂ ਜਿਵੇਂ ਉਹ ਅਚੇਤ ਨੂੰ ਸੁਚੇਤ ਰੂਪ ਵਿੱਚ ਖੋਲ੍ਹਦਾ ਹੈ ਅਤੇ ਕਲਪਨਾਵਾਂ ’ਤੇ ਸਵਾਰ ਹੋ ਕੇ ਸਾਡੇ ਸਮਾਜਿਕ, ਅਧਿਆਤਮਕ ਅਤੇ ਮਨੋਵਿਗਿਆਨਕ ਪੱਧਰ ਦੇ ਹਰ ਕੋਨੇ ਵਿੱਚ ਪਹੁੰਚਾ ਜਾਂਦਾ ਹੈ। ਜਿੰਨਾ ਜ਼ਿਆਦਾ ਸਾਡਾ ਸੁਚੇਤ ਮਨ ਸੁਪਨਿਆਂ ਦੀ ਪ੍ਰਕ੍ਰਿਆ ਵਿੱਚ ਸ਼ਾਮਲ ਹੁੰਦਾ ਹੈ ਓਨਾ ਹੀ ਬਿੰਬ ਸਪੱਸ਼ਟ ਹੁੰਦਾ ਹੈ। ਸਾਨੂੰ ਸਮਾਜ ਵਿੱਚ ਕਿਸੇ ਵੀ ਤਰ੍ਹਾਂ ਦੇ ਦਬਾਅ ਦਾ ਸਾਹਮਣਾ ਨਹੀਂ ਕਰਨਾ ਪੈਂਦਾ ਹੈ। ਆਪਣੇ ਸਾਰੇ ਨਾਟਕਾਂ ਵਿੱਚ ਸ਼ੇਕਸਪੀਅਰ ਕਿੱਥੇ ਦਿਸਦਾ ਹੈ? ਅਸਲ ਵਿੱਚ ਉਸਦੇ ਵਿਚਾਰ ਕਿਹੜੇ ਹਨ? ਅਜਿਹਾ ਲੱਗਦਾ ਹੈ ਕਿ ਉਸਦੇ ਨਾਟਕ ਉਸਦੀਆਂ ਕਲਪਨਾਵਾਂ ਦੀ ਸੰਪੂਰਨ ਅਤੇ ਸਪੱਸ਼ਟ ਵਿਆਖਿਆ ’ਚੋਂ ਨਿੱਕਲ਼ ਆਉਂਦੇ ਹਨ, ਕਲਾ ਦੇ ਵਾਂਗ ਘੜੇ ਗਏ ਤੌੜੇ ’ਚੋ ਨਿੱਕਲ਼ਕੇ। ਇਹ ਗੱਲ ਮਨੁੱਖ ਦੀਆਂ ਕਲਪਨਾਵਾਂ ਦੀਆਂ ਸਭ ਤੋਂ ਉੱਤਮ ਰਚਨਾਵਾਂ ਬਾਰੇ ਸੱਚ ਹੈ ਭਾਵੇਂ ਉਹ ਕਿਸੇ ਵੀ ਸੱਭਿਆਚਾਰ ਦੀ ਉਪਜ ਕਿਉਂ ਨਾ ਹੋਣ, ਖ਼ਾਸ ਤੌਰ ’ਤੇ ਕਲਾ ਸਾਹਿਤ ਦੇ ਸੰਦਰਭ ਵਿੱਚ ਉਹ ਸੰਪੂਰਨ ਲੱਗਦੇ ਹਨ। ਜਿਵੇਂ ਬਿਨ੍ਹਾਂ ਕਿਸੇ ਖੇਚਲ ਰਚੇ ਗਏ ਹੋਣ। ਸੁਚੇਤ ਹੋ ਕੇ ਸੁਪਨੇ ਨੂੰ ਅਸੀਂ ਵੀ ਜੀਵਿਆ, ਆਪਣੀ ਅਸਲ ਸਥਿਤੀ ਵਿੱਚ ਜਿੱਥੇ ਅਚੇਤਨ ਨੂੰ ਪ੍ਰੇਰਿਤ ਕਰਕੇ ਚੇਤਨਾ ਵੱਖ ਹੋ ਜਾਂਦੀ ਹੈ, ਖ਼ੁਦ ਵੀ ਸੁਪਨੇ ਦੀ ਪ੍ਰਕ੍ਰਿਆ ਵਿੱਚ ਪੂਰੀ ਤਰ੍ਹਾਂ ਸ਼ਾਮਲ ਹੋ ਜਾਂਦੀ ਹੈ। ਪਲੈਟੋ ਨੇ ਇਸਨੂੰ ਹੀ ‘ਆਯਨ’ (ion) ਵਿੱਚ ਪਵਿੱਤਰ ਪ੍ਰੇਰਣਾ ਜਾਂ ਸਮਾਧੀ ਕਿਹਾ ਹੈ: ਅਜਿਹੇ ਬੰਦੇ ਕਲਾ ਦੀ ਦੇਵੀ ਦੇ ਪ੍ਰਭਾਵ ਵਿੱਚ ਹੁੰਦੇ ਹਨ, ਬਾਸ਼ਿਕ ਦੀਆਂ ਕੁਆਰੀਆਂ ਵਾਂਗ ਜੋ ਇੱਕੋ-ਇੱਕ ਡਾਯੋਨਿਸਸ ਦੇ ਪ੍ਰਭਾਵ ਵਿੱਚ ਨਦੀਆਂ ’ਚੋਂ ਦੁੱਧ ਅਤੇ ਸ਼ਹਿਦ ਕੱਢਦੀਆਂ ਸਨ।

“ਕਿਉਂਕਿ ਉਹ ਕਹਿੰਦੀਆਂ ਹਨ ਕਿ ਆਪਣੇ ਗੀਤ ਸ਼ਹਿਦ-ਲੱਦੇ ਪਹਾੜਾਂ ਤੋਂ ਲਿਆਉਂਦੀਆਂ ਹਨ, ਕਲਾ ਦੀ ਦੇਵੀ ਦੇ ਬਗ਼ੀਚਿਆਂ ਅਤੇ ਘਾਟੀਆਂ ’ਚੋਂ, ਮਧੂ-ਮੱਖੀਆਂ ਵਾਂਗ ਇਸ ਫੁੱਲ ਤੋਂ ਉਸ ਫੁੱਲ ਤੱਕ ਉੱਡ-ਉੱਡ ਕੇ ਅਤੇ ਇਹ ਸੱਚ ਹੈ। ਕਿਉਂਕਿ ਕਵੀ ਇੱਕ ਚਾਨਣਾ ਹੁੰਦਾ ਹੈ-ਖੰਭ ਲੱਗਿਆ-ਇੱਕ ਪਰਤੌਅ ਦੀ ਚੀਜ਼ ਅਤੇ ਉਦੋਂ ਤੱਕ ਉਸ ਵਿੱਚ ਕੋਈ ਨਵੀਂ ਚੀਜ਼ ਨਹੀਂ ਪੈਦਾ ਹੁੰਦੀ ਜਦ ਤੱਕ ਉਹ ਪ੍ਰੇਰਿਤ ਨਹੀਂ ਹੁੰਦਾ, ਆਪਣੇ ਦੁੱਖਾਂ ਤੋਂ ਉੱਪਰ ਨਹੀਂ ਉੱਠ ਜਾਂਦਾ, ਦਿਮਾਗ਼ ਉਸਦੇ ਵੱਸ ਵਿੱਚ ਨਹੀਂ ਰਹਿ ਜਾਂਦਾ ਅਤੇ ਜੇਕਰ ਉਹ ਅਜਿਹੀ ਹਾਲਤ ਵਿੱਚ ਨਹੀਂ ਪਹੁੰਚਦਾ, ਉਹ ਤਾਕਤਹੀਣ ਹੁੰਦਾ ਅਤੇ ਸਟੀਕ ਵਾਕ ਬੋਲਣ ਦੇ ਯੋਗ ਨਹੀਂ ਹੁੰਦਾ। ਮਨੁੱਖ ਦੀਆਂ ਸਰਗਰਮੀਆਂ ਬਾਰੇ ਬਹੁਤ ਸਾਰੇ ਸ਼ਬਦ ਜਿਹਨਾਂ ਦੀ ਕਵੀ ਵਰਤੋਂ ਕਰਦਾ ਹੈ... ਕਵੀ ਆਪਣੀ ਕਲਾ ਦੀ ਪ੍ਰੇਰਨਾ ਨਾਲ਼ ਨਹੀਂ ਗਾਉਂਦਾ ਹੈ ਸਗੋਂ ਇਸੇ ਅਲੌਕਿਕ ਤਾਕਤ ਦੀ ਪ੍ਰੇਰਨਾ ਨਾਲ਼ ਗਾਉਂਦਾ ਹੈ।”

ਭਾਵੇਂ ਕਿ ਇਹ ਉਦਾਹਰਣ ਤਰਕ-ਸ਼ਕਤੀ ਨੂੰ ਓਨੀ ਮਹੱਤਤਾ ਨਹੀਂ ਦਿੰਦੀ, ਪਰ ਇਹ ਪ੍ਰੇਰਨਾ ਦੇ ਰੂਪ ਵਿੱਚ ਕਲਾਤਮਕ ਪ੍ਰਕ੍ਰਿਆ ਦੀ ਚੰਗੀ ਗੀਤਮਈ ਪੇਸ਼ਕਾਰੀ ਹੈ। ਪਲੈਟੋ ਦੀ ਵਿਆਖਿਆ ਕਲਾਤਮਕ ਪ੍ਰਕ੍ਰਿਆ ਦੇ ਪਾਗ਼ਲਪਨ ਨਾਲ਼ ਜੋੜੇ ਜਾਣ ਦਾ ਇੱਕ ਸੋਮਾ ਹੈ। ਵਿਲੀਅਮ ਸ਼ੇਕਸਪੀਅਰ ਦੇ ਅਨੁਸਾਰ ਪਾਗ਼ਲ, ਪ੍ਰੇਮੀ ਅਤੇ ਪਤੀ ਵਿੱਚ ਇੱਕ ਚੀਜ਼ ਆਮ ਹੁੰਦੀ ਹੈ ਕਿ ਇਹਨਾਂ ਸਾਰਿਆਂ ਕੋਲ਼ ਕਲਪਨਾ ਸ਼ਕਤੀ ਹੁੰਦੀ ਹੈ। ਪ੍ਰੇਮੀ ਅਤੇ ਪਾਗ਼ਲ ਖ਼ਾਸ ਤੌਰ ’ਤੇ ਅਜਿਹੇ ਹੀ ਉਪਜਾਊ ਦਿਮਾਗ਼ ਵਾਲ਼ੇ ਹੁੰਦੇ ਹਨ-

ਬਦਲਦੀ ਹੋਈ ਅਜਿਹੀ ਕਲਪਨਾ ਹੈ
ਜੋ ਥੋਪਦੇ ਹਨ

ਨਿਸ਼ਚਿਤ ਤਰਕ ਨਹੀਂ ਕਰਦੀਆਂ
ਸਿੱਧਾ ਸਿੱਟੇ ’ਤੇ ਪਹੁੰਚਾ ਦਿੰਦੀਆਂ ਹਨ।

ਇਹ ਬਦਲਦੀਆਂ ਹੋਈਆਂ
ਪਰਿਕਲਪਨਾਵਾਂ ਹੀ ਹਨ ਜੋ ਨੇੜੇ-ਤੇੜੇ
ਦੀਆਂ ਚੀਜ਼ਾਂ ਨੂੰ ਸੁਹਜ ਜਾਂ ਮਗਨਤਾ
ਦੀਆਂ ਚੀਜ਼ਾਂ ਵਿੱਚ ਬਦਲ ਦਿੰਦੀਆਂ ਹਨ।
ਪਰ ਕਵੀ ਵੀ ਇਹਨਾਂ ਬਦਲਦੀਆਂ
ਹੋਈਆਂ ਪਰਿਕਲਪਨਾਵਾਂ ਦਾ ਦੀਵਾਨਾ ਹੋ
ਜਾਂਦਾ ਹੈ

ਉਸਦੀਆਂ ਅੱਖਾਂ, ਇੱਕ ਖ਼ੂਬਸੂਰਤ
ਉਤੇਜਨਾਮਈ ਗਤੀਮਾਨਤਾ ਵਿੱਚ

ਸਵਰਗ ਤੋਂ ਧਰਤੀ ਅਤੇ ਧਰਤੀ ਤੋਂ
ਸਵਰਗ ਤੱਕ ਨਜ਼ਰ ਦੌੜਾਉਂਦੀਆਂ ਹਨ

ਅਤੇ ਜਿਵੇਂ ਹੀ ਕਲਪਨਾ ਰੂਪ
ਧਾਰਦੀ ਹੈ,

ਅਗਿਆਤ ਚੀਜ਼ਾਂ ਦਾ ਰੂਪ, ਕਵੀ
ਦੀ ਕਲਮ ਉਸਨੂੰ ਅਕਾਰ ਦੇ ਦਿੰਦੀ ਹੈ

ਅਤੇ ਹਵਾਈ ਗੱਲਾਂ ਨੂੰ, ਜੋ ਨਹੀਂ
ਹੁੰਦੀਆਂ ਉਹਨਾਂ ਨੂੰ

ਆਸਰਾ ਅਤੇ ਥਾਂ ਦਿੰਦੀਆਂ ਹਨ

ਪਰ ਪਾਗ਼ਲਪਨ ਉਦੋਂ ਕਿਹਾ ਜਾਵੇਗਾ ਜਦ ਸੁਪਨੇ ਦੇਖਣ ਦੀ ਪ੍ਰਕ੍ਰਿਆ, ਬਿੰਬਾਂ ਦੀ ਅਜ਼ਾਦ ਬੁਣਤਰ ਤੇ ਉਹਨਾਂ ਨੂੰ ਜੋੜਨ ਦੀ ਪ੍ਰਕ੍ਰਿਆ ਚੇਤਨਾ ਤੋਂ ਕੰਟਰਲ ਨਹੀਂ ਹੋ ਪਾਉਂਦੀ, ਜੇਕਰ ਬੰਦਾ ਪੂਰੀ ਤਰ੍ਹਾਂ ਜਾਗਿਆ ਹੋਇਆ ਹੋਵੇ ਤਾਂ ਹੀ ਸਚੇਤ ਹਾਲਤ ਵਿੱਚ ਸੁਪਨੇ ਦੇਖਣ, ਜੜ-ਚੇਤਨ ਅਵਸਥਾ ਵਿੱਚ ਸੁਪਨੇ ਤੇ ਪਾਗ਼ਲ ਅਵਸਥਾ ਦੀਆਂ ਨਕਲਾਂ ਵਿਚ ਸਬੰਧ ਸਵਾਲ ਪੁੱਛਣ ਦੀ ਅਜ਼ਾਦੀ ਹੈ, ਭਾਵੇਂ ਉਹ ਸਵਾਲ ਕਿੰਨਾ ਵੀ ਵਰਜਿਤ ਜਾਂ ਪਵਿੱਤਰ ਕਿਉਂ ਨਾ ਹੋਵੇ। ਉਦਾਹਰਣ ਦੇ ਲਈ ਇੱਕ ਪਾਗਲ ਬੰਦਾ ਕੁਝ ਵੀ ਬੋਲ ਸਕਦਾ ਹੈ, ਕੋਈ ਵੀ ਸਵਾਲ ਪੁੱਛ ਸਕਦਾ ਹੈ ਅਤੇ ਵੱਖ-ਵੱਖ ਹਾਲਤਾਂ ਨੂੰ ਵੀ ਆਪਸ ਵਿੱਚ ਜੋੜ ਸਕਦਾ ਹੈ। ਜਿਸ ਤਰ੍ਹਾਂ ਚੰਗੇ ਲੋਕ ਇੱਕ ਪਾਗਲ ਦੀ ਹਾਜ਼ਰੀ ਤੋਂ ਪ੍ਰੇਸ਼ਾਨ ਰਹਿੰਦੇ ਹਨ ਉਸੇ ਤਰ੍ਹਾਂ ਰਾਜ ਆਪਣੇ ਆਪ ਵਿੱਚ ਸੁਪਨਿਆਂ ਦੇ ਬੇਕਾਬੂ ਕਿਰਦਾਰ ਤੋਂ ਪ੍ਰੇਸ਼ਾਨ ਰਹਿੰਦਾ ਹੈ। ਪਰ ਕਲਾਤਮਕ ਤਸਵੀਰ ਦੂਜੀ ਤਰ੍ਹਾਂ ਦੇ ਸੁਪਨਿਆਂ ਤੋਂ ਅਤੇ ਪਾਗ਼ਲਪਨ ਦੀਆਂ ਘੜੀਆਂ ਤੋਂ ਵੱਖ ਹੁੰਦੀ ਹੈ ਕਿਉਂਕਿ ਬਿੰਬ ਸੁਚੇਤਨ ਅਵਸਥਾ ਵਿੱਚ ਸੁਪਨਿਆਂ ਵਿੱਚ ਪੈਦਾ ਹੁੰਦੇ ਹਨ-ਕਲਪਨਾ ਦੇ ਖੰਭਾਂ ’ਤੇ ਜੇਕਰ ਤਰਕ ਅਧਾਰਿਤ ਅਤੇ ਭਾਵਨਾਵਾਂ ਦਾ ਨਿਖੇਧ ਹੋਵੇ ਤਾਂ ਸਗੋਂ ਇਸ ਲਈ ਵੀ ਕਿ ਮਨੁੱਖ ਜਾਤੀ ਦੇ ਸੁਪਨਿਆਂ ਦਾ ਪ੍ਰਤੌਅ ਵੀ ਹੁੰਦੇ ਹਨ। ਬਿਹਤਰ ਜ਼ਿੰਦਗੀ ਦੀ ਕੋਈ ਵੀ ਪਰਿਕਲਪਨਾ ਚੀਜ਼ਾਂ ਦੀ ਮੌਜੂਦਾ ਹਾਲਤ ’ਤੇ ਸਵਾਲ ਖੜੇ ਕਰਦੀ ਹੈ। ਇਹੀ ਸੁਕਰਾਤ ਦੀ ਦੁਵਿਧਾ ਸੀ। ਸਵਾਲ ਉਠਾਉਣਾ ਅਲੋਚਨਾ ਦਾ ਇੱਕ ਢੰਗ ਹੋ ਸਕਦਾ ਹੈ ਅਤੇ ਇਹ ਰਾਜ ਦੇ ਲਈ ਪ੍ਰੇਸ਼ਾਨੀ ਦਾ ਓਨਾ ਹੀ ਵੱਡਾ ਸਬਕ ਹੋ ਸਕਦਾ ਹੈ ਜੋ ਸਮਝਦਾ ਹੈ ਕਿ ਉਸਨੂੰ ਸਭ ਕੁਝ ਪਤਾ ਹੈ ਜਿਵੇਂ ਏਥੇਨੀਅਨ ਯੂਨਾਨ ਵਿੱਚ ਸੀ ਜੋ ਸਮਝਦੇ ਸਨ ਕਿ ਸੰਸਾਰ ਵਿੱਚ ਜਾਣਨ ਯੋਗ ਜਿੰਨੀਆਂ ਗੱਲਾਂ ਹਨ ਉਹ ਸਭ ਉਹਨਾਂ ਨੂੰ ਪਤਾ ਹੈ। ਇਸ ਤਰ੍ਹਾਂ ਕਲਾ ਸਾਡੇ ਸੁਪਨਿਆਂ ਦਾ ਰਾਖਾ ਹੁੰਦੀ ਹੈ। ਉੱਤਰ-ਬਸਤੀਵਾਦੀ ਰਾਜ ਵੀ ਆਮ ਤੌਰ ’ਤੇ ਅਜਿਹੇ ਸੁਪਨਿਆਂ ਨੂੰ ਕੁਚਲ ਦਿੰਦਾ ਹੈ ਅਤੇ ਲੋਕਾਂ ਨੂੰ ਸ਼ੱਕ ਵਿੱਚ ਜਿਉਂਣ ਲਈ ਮਜ਼ਬੂਰ ਕਰ ਦਿੰਦਾ ਹੈ। ਮੇਰੇ ਨਾਵਲ ਮਾਟੀਗੀਰੀ ਵਿੱਚ ਇੱਕ ਦ੍ਰਿਸ਼ ਹੈ ਜਿਸ ਵਿੱਚ ਕਥਾ ਵਿੱਚ ਸਥਿਤ ਰਾਜ ਸੁਪਨਿਆਂ ਵਿਰੁੱਧ ਹੁਕਮ ਜਾਰੀ ਕਰਦਾ ਹੈ। ਸੁਪਨੇ ਦੇਖਣਾ ਵਿਚਾਰ ਅਤੇ ਕਲਪਨਾ ਦਾ ਅਪਰਾਧ ਬਣ ਜਾਂਦਾ ਹੈ।

### ਚਾਰ

ਸੁਕਰਾਤ ਦੇ ਸੰਕਲਪ ਪਹਿਲਾਂ ਵਾਲ਼ੇ, ਕਲਾ ਦੇ ਰੱਬੀ ਪੱਖ ਨਾਲ਼ ਸਬੰਧਿਤ ਹੈ। ਪਰ ਇੱਕ ਤੀਜੇ ਪੱਖ ਨਾਲ਼ ਵੀ ਸਬੰਧਿਤ ਹੈ ਜਿਸਨੂੰ ਅਸੀਂ ਐਂਡਰਸਨ ਦੀ ਧਾਰਣਾ ਕਹਿ ਸਕਦੇ ਹਾਂ। ਤੁਸੀਂ ਸਾਰੇ 19ਵੀਂ ਸਦੀ ਦੇ ਡੇਨਿਸ਼ ਲੇਖਕ ਹਾਂਸ ਕ੍ਰਿਸ਼ਚਿਅਨ ਨੂੰ ਜਾਣਦੇ ਹੋ; ਉਹਨਾਂ ਦੀਆਂ ਰਚਨਾਵਾਂ ਹੁਣ ਮਨੁੱਖ ਜਾਤੀ ਦੀ ਅਮਾਨਤ ਬਣ ਗਈਆਂ ਹਨ। ਤੁਹਾਨੂੰ ਰਾਜੇ ਦੇ ਨਵੇਂ ਕੱਪੜੇ ਵਾਲ਼ੀ ਕਹਾਣੀ ਯਾਦ ਹੋਵੇਗੀ। ਤੁਹਾਨੂੰ ਯਾਦ ਹੋਵੇਗਾ ਕਿ ਕਿਵੇਂ ਸਾਰੇ ਲੋਕ ਇਸ ਗੱਲ ’ਤੇ ਵਿਸ਼ਵਾਸ ਕਰਨ ਅਤੇ ਇਸਦੀ ਸੌਂਹ ਖਾਣ ’ਤੇ ਮਜ਼ਬੂਰ ਹੋ ਗਏ ਸਨ ਕਿ ਰਾਜਾ ਨੇ ਨਾ ਕੇਵਲ ਪੂਰੇ ਕੱਪੜੇ ਪਹਿਨੇ ਹੋਏ ਹੈ ਸਗੋਂ ਸਭ ਤੋਂ ਸੋਹਣੇ ਕੱਪੜੇ ਪਾਏ ਹੋਏ ਹਨ। ਉਹ ਨੰਗਾ ਸੀ। ਪਰ ਇੱਕ ਬੱਚੇ ਦੇ ਕਹਿਣ ਤੋਂ ਪਹਿਲਾਂ ਕੋਈ ਵੀ ਉਸਨੂੰ ਨੰਗਾ ਕਹਿਣ ਲਈ ਤਿਆਰ ਨਹੀਂ ਸੀ।

(ਬਾਕੀ ਅਗਲੇ ਅੰਕ ’ਚ)

ਅਨੁਵਾਦ: ਕੁਲਦੀਪ

* ਕਿਤਾਬ ਦਾ ਨਾਮ ਹੈ ‘ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ’ — ਸੰ:

Certified General Accountant
Tax & Accounting
Attends all Audits and Prepares Appeals
Sukhdev Singh, CGA
Tel: 905.793.0909
Fax: 905.450.2165 #10-2084 Steels Ave. E.,
sukhdevss@excite.com Brampton, ON L6T 5A6



# ਫਰੀਦਾ ਬਾਰਿ ਪਰਾਇਐ ਬੈਸਣਾ

ਵਰਿੰਦਰ ਵਾਲੀਆ



ਢਾਈ ਦਰਿਆਵਾਂ ਵਾਲੇ ਸੂਬੇ ਦੀ ਸਰਕਾਰ ਦੇ ਢਾਈ ਸਾਲਾਂ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਕਰੀਏ ਤਾਂ ਪੱਲੇ ਨਿਰਾਸ਼ਾ ਹੀ ਪੈਂਦੀ ਹੈ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ-ਭਾਜਪਾ ਸਰਕਾਰ ਵੱਲੋਂ ਆਪਣੀ ਦੂਜੀ ਪਾਰੀ ਦਾ ਅੱਧਾ ਪੰਧ ਮੁਕਾਉਣ ਤੋਂ ਬਾਅਦ ਸੂਬੇ ਦੀ ਹਰ ਦੀਵਾਰ 'ਤੇ ਲਿਖਿਆ ਮਿਲਦਾ ਹੈ ਕਿ ਪੰਜਾਬ ਲਈ 'ਅੱਛੇ ਦਿਨ' ਅਜੇ ਦੂਰ ਦੀ ਕੌਡੀ ਹਨ। ਪੰਜਾਬੀ ਸੂਬਾ ਬਣਨ ਤੋਂ ਬਾਅਦ ਬਾਦਲ ਸਾਹਿਬ ਪਹਿਲੇ ਖ਼ੁਸ਼ਕਿਸਮਤ ਵਿਅਕਤੀ ਹਨ ਜਿਨ੍ਹਾਂ ਨੂੰ ਲਗਾਤਾਰ ਦੂਜੀ ਵਾਰ ਮੁੱਖ ਮੰਤਰੀ ਬਣਨਾ ਨਸੀਬ ਹੋਇਆ ਹੈ।

ਕੇਂਦਰ ਵਿੱਚ ਕਾਂਗਰਸ ਦੀ ਹਕੂਮਤ ਵੇਲੇ ਅਕਾਲੀ ਸਰਕਾਰ ਦੀ ਔਸਤ ਉਮਰ ਦੋ-ਢਾਈ ਸੌ ਦਿਨਾਂ ਤੋਂ ਵੱਧ ਨਹੀਂ ਸੀ ਹੁੰਦੀ।

ਅੱਜ ਕੇਂਦਰ ਵਿੱਚ ਅਕਾਲੀ ਦਲ ਦੀ ਭਾਈਵਾਲ ਪਾਰਟੀ ਦੀ ਸਰਕਾਰ ਹੋਣ ਦੇ ਬਾਵਜੂਦ ਪੰਜਾਬ ਦੇ ਬੁਰੇ ਹਾਲ ਤੇ ਬੈਂਕੇ ਦਿਹਾੜੇ ਹਨ। ਲੋਕ-ਲੁਭਾਊ ਨੀਤੀਆਂ ਅਤੇ ਫ਼ਜ਼ੂਲਖ਼ਰਚੀ ਕਾਰਨ ਪੰਜਾਬ ਸਰਕਾਰ ਸਿਰ ਕਰਜ਼ਾ ਅਮਰਵੇਲ ਵਾਂਗ ਵਧ ਰਿਹਾ ਹੈ। ਚਲੰਤ ਮਾਲੀ ਸਾਲ ਦੇ ਅੰਤ ਤਕ ਕਰਜ਼ੇ ਦੀ ਪੰਡ ਦਾ ਬੋਝ ਇੱਕ ਕਰੋੜ ਤੇਰਾਂ ਲੱਖ ਰੁਪਏ ਹੋ ਜਾਣਾ ਹੈ। ਇਸੇ ਕਰਕੇ ਮੁੱਖ ਮੰਤਰੀ ਨੇ ਹੁਣ ਪੰਜਾਬ ਨੂੰ ਕੈਲੇਫੋਰਨੀਆ ਬਣਾਉਣ ਦੇ ਸੁਫ਼ਨੇ ਵੇਚਣੇ ਬੰਦ ਕਰ ਦਿੱਤੇ ਹਨ। ਮਜ਼ੇ ਦੀ ਗੱਲ ਇਹ ਹੈ ਕਿ ਹਾਕਮ ਸ਼੍ਰੇਣੀ ਕਰਜ਼ੇ ਦੇ ਇਸ ਭਾਰ ਨੂੰ 'ਸ਼ੁਭ ਸ਼ਗਨ' ਕਰਾਰ ਦੇ ਰਹੀ ਹੈ। ਪੰਜਾਬ ਦੇ ਵਿੱਤ ਮੰਤਰੀ ਇਸ ਦੀ ਤੁਲਨਾ ਜਪਾਨ ਅਤੇ ਅਮਰੀਕਾ ਨਾਲ ਕਰਦੇ ਹੋਏ ਦਾਅਵਾ ਕਰ ਰਹੇ ਹਨ ਕਿ ਦੁਨੀਆਂ ਦੇ ਸ਼ਕਤੀਸ਼ਾਲੀ ਮੁਲਕ ਵੀ ਕਰਜ਼ਾਈ ਹਨ। ਇਸ ਲਈ ਉਹ ਸੂਬੇ ਸਿਰ ਚੜ੍ਹੇ ਕਰਜ਼ੇ ਨੂੰ ਅਣਹੋਣੀ ਨਹੀਂ ਮੰਨਦੇ।

ਇਹ ਕੇਹਾ ਲੋਕਤੰਤਰ ਹੈ ਜਿੱਥੇ ਲੋਕ ਗ਼ਰੀਬ ਅਤੇ ਹਾਕਮ ਦਿਨ-ਬ-ਦਿਨ ਅਮੀਰ ਹੁੰਦੇ ਜਾ ਰਹੇ ਹਨ। ਸਰਕਾਰੀ ਖ਼ਜ਼ਾਨੇ ਮੂੰਹ ਚਿੜ੍ਹਾ ਰਹੇ ਹਨ। ਮੁਲਾਜ਼ਮਾਂ ਨੂੰ ਸਮੇਂ ਸਿਰ ਤਨਖ਼ਾਹ ਨਹੀਂ ਮਿਲਦੀ। ਕਰੋੜਾਂ ਦੀਆਂ ਅਦਾਇਗੀਆਂ 'ਤੇ ਅਚਾਨਕ ਅਣ-ਐਲਾਨੀ ਰੋਕ ਲੱਗ ਜਾਂਦੀ ਹੈ ਜਿਸ ਨਾਲ ਰੋਜ਼ਮਰ੍ਹਾ ਦੇ ਕੰਮਾਂ 'ਤੇ ਅਸਰ ਪੈਂਦਾ ਹੈ। ਬੇਰੁਜ਼ਗਾਰੀ ਛੜੱਪੇ ਮਾਰ ਕੇ ਵਧ ਰਹੀ ਹੈ। ਨੌਜਵਾਨ ਆਪਣੀਆਂ ਮੰਗਾਂ ਨੂੰ ਲੈ ਕੇ ਪਾਣੀ ਦੀਆਂ ਟੈਂਕੀਆਂ 'ਤੇ ਚੜ੍ਹ ਰਹੇ ਹਨ। ਰੈਗੂਲਰ ਭਰਤੀ ਨਾਂਹ ਦੇ ਬਰਾਬਰ ਹੈ। ਪੜ੍ਹੇ-ਲਿਖੇ ਨੌਜਵਾਨਾਂ ਨੂੰ ਠੇਕੇ 'ਤੇ ਭਰਤੀ ਕਰਨ ਦੀ ਪਿਰਤ ਪੈ ਗਈ ਹੈ। ਸ਼ਰਾਬ ਦੇ ਠੇਕਿਆਂ ਦੀ ਗਿਣਤੀ ਦਿਨ-ਬ-ਦਿਨ ਵਧ ਰਹੀ ਹੈ। ਇੰਜ ਜਾਪਦਾ ਹੈ ਜਿਵੇਂ ਸਰਕਾਰ ਠੇਕੇ ਜਾਂ ਠੇਕਿਆਂ ਦੇ ਸਿਰ 'ਤੇ ਚੱਲ ਰਹੀ ਹੈ। ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਕਰਨ ਦਾ ਠੇਕਾ ਕੁਝ ਚਾਪਲੂਸਾਂ ਕੋਲ ਹੈ ਜੋ ਚੰਮ ਦੀਆਂ ਚਲਾ ਰਹੇ ਹਨ। ਨਸ਼ਿਆਂ ਖ਼ਿਲਾਫ਼ ਮੁਹਿੰਮ ਠੁੱਸ ਹੋ ਕੇ ਰਹਿ ਗਈ ਹੈ। ਨਿੱਕੀਆਂ-ਮੱਛੀਆਂ ਕੁੰਡੀਆਂ ਵਿੱਚ ਫਸ ਰਹੀਆਂ ਹਨ ਪਰ ਮਗਰਮੱਛ ਜਾਲ ਫਾੜ ਕੇ ਬਾਹਰ ਨਿਕਲ ਜਾਂਦੇ ਹਨ।

ਅੰਨਦਾਤਾ ਖ਼ੁਦਕੁਸ਼ੀਆਂ ਦੇ ਰਾਹ ਤੁਰ ਪਿਆ ਹੈ। ਉਹ ਸਮਾਂ ਪਤਾ ਨਹੀਂ ਕਿੱਥੇ ਗਿਆ ਜਦੋਂ ਕਣਕਾਂ ਦੇ ਬੋਹਲ ਵੇਖ ਕੇ ਦਮਾਮੇ ਮਾਰਦਾ ਹੋਇਆ ਜੱਟ ਮੇਲਿਆਂ 'ਤੇ ਜਾਂਦਾ ਸੀ। ਅੱਜ-ਕੱਲ੍ਹ ਖੇਤੀਬਾੜੀ ਦਾ ਧੰਦਾ ਲਾਹੇਵੰਦਾ ਨਹੀਂ ਰਿਹਾ। ਸਾਰਾ ਬੋਹਲ ਵੇਚ ਕੇ ਵੀ ਪੱਲੇ ਕੁਝ ਨਹੀਂ ਪੈਂਦਾ-ਬੋਹਲ ਸਾਰਾ ਵੇਚ ਘੱਤਿਆ, ਛਿੱਲਾਂ ਪੰਦਰਾਂ ਨਾ ਜੱਟ ਨੂੰ ਥਿਆਈਆਂ।

ਪੰਜਾਬ ਸਰਕਾਰ ਦੀ ਮੰਦੀ ਆਰਥਿਕ ਦਸ਼ਾ ਦੇ ਕਾਰਨ ਲੱਭਣ ਲਈ ਸਾਡੇ ਰਿਪੋਰਟਰਾਂ - ਦਵਿੰਦਰ ਪਾਲ, ਤਰਲੋਚਨ ਸਿੰਘ ਤੇ ਚਰਨਜੀਤ ਭੁੱਲਰ ਨੇ ਤੱਥਾਂ ਨੂੰ ਲੈ ਕੇ ਕਈ ਵਾਰ ਵਿਸ਼ਲੇਸ਼ਣ ਕੀਤਾ ਹੈ। ਪੰਜਾਬ ਦੇ ਕਰਜ਼ੇ ਦਾ ਭਾਂਡਾ ਅਕਸਰ ਅਤਿਵਾਦ ਨਾਲ ਲੜਾਈ ਲੜਨ ਸਿਰ ਭੰਨਿਆ ਜਾਂਦਾ ਹੈ। ਤਤਕਾਲੀ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਨੇ ਭਾਵੇਂ 8500 ਕਰੋੜ ਰੁਪਿਆ ਮੁਆਫ਼ ਕਰ ਦਿੱਤਾ ਸੀ, ਫਿਰ ਵੀ ਕਰਜ਼ੇ ਦੀ ਪੰਡ ਹਰ ਸਾਲ ਭਾਰੀ ਹੁੰਦੀ ਗਈ। ਇਸ ਦਾ ਮੁਢਲਾ ਕਾਰਨ ਨੀਤੀਆਂ ਘੜਨ ਵੇਲੇ ਕੀਤੀਆਂ ਜਾਂਦੀਆਂ ਬਦਨੀਤੀਆਂ ਹਨ। ਲੋਕ-ਲੁਭਾਊ ਨਾਅਰੇ ਦੇ ਕੇ ਚੋਣਾਂ ਜਿੱਤੀਆਂ ਜਾਂਦੀਆਂ ਹਨ। ਸਰਕਾਰ ਬਣਨ ਤੋਂ ਬਾਅਦ ਜਿੱਤੇ ਹੋਣ ਜਾਂ ਹਾਰੇ, ਆਪਣੇ ਲੋਕਾਂ ਨੂੰ ਝੰਡੀਆਂ ਵਾਲੀਆਂ ਮਹਿੰਗੀਆਂ ਕਾਰਾਂ ਦੇਣ ਦੀ ਹੋੜ ਲੱਗ ਜਾਂਦੀ ਹੈ।

ਵਿਧਾਨ ਸਭਾ ਦੇ ਹਾਲੀਆ ਬਜਟ ਸੈਸ਼ਨ ਦੌਰਾਨ ਪੇਸ਼ ਕੀਤੇ ਗਏ ਤੱਥਾਂ ਮੁਤਾਬਕ ਕਾਂਗਰਸ ਦੇ ਪੰਜ ਸਾਲਾ ਰਾਜ ਤੋਂ ਬਾਅਦ 1997 ਵਿੱਚ ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਹੋਂਦ ਵਿੱਚ ਆਈ ਤਾਂ ਸੂਬੇ ਸਿਰ ਕਰਜ਼ੇ ਦਾ ਭਾਰ ਕੇਵਲ 15,000 ਕਰੋੜ ਰੁਪਏ ਸੀ ਜਿਸ ਵਿੱਚ ਅਤਿਵਾਦ ਦੇ ਸਮੇਂ ਦਾ ਆਰਥਿਕ ਬੋਝ ਵੀ ਸ਼ਾਮਲ ਸੀ। ਬਾਦਲ ਸਰਕਾਰ ਵੱਲੋਂ ਕੰਮ ਚਲਾਉਣ ਲਈ ਤਕਰੀਬਨ 21854 ਕਰੋੜ ਰੁਪਏ ਲੈਣ ਤੋਂ ਬਾਅਦ ਇਹ ਕਰਜ਼ਾ 36854 ਕਰੋੜ ਹੋ ਗਿਆ ਸੀ। ਇਸ ਦੌਰਾਨ ਗੱਠਜੋੜ ਸਰਕਾਰ ਨੇ ਕਿਸਾਨਾਂ ਨੂੰ ਮੁਫ਼ਤ ਬਿਜਲੀ-ਪਾਣੀ ਦੀ ਸਹੂਲਤ ਦਾ ਤੋਹਫ਼ਾ ਦੇ ਕੇ ਖ਼ਜ਼ਾਨੇ 'ਤੇ ਹੋਰ ਬੋਝ ਪਾ ਦਿੱਤਾ ਸੀ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਪੰਜ ਸਾਲਾਂ ਦੌਰਾਨ 15301 ਕਰੋੜ ਰੁਪਏ ਦਾ ਕਰਜ਼ਾ ਲਿਆ ਸੀ। ਜਦੋਂ 2007 ਵਿੱਚ ਸੱਤਾ ਮੁੜ ਅਕਾਲੀ-ਭਾਜਪਾ ਗੱਠਜੋੜ ਦੇ ਹੱਥ ਆਈ ਤਾਂ ਕਰਜ਼ਾ 51155 ਕਰੋੜ ਰੁਪਏ ਹੋ ਚੁੱਕਾ ਸੀ। ਇਸ ਤਰ੍ਹਾਂ ਗੱਠਜੋੜ ਸਰਕਾਰ ਵੱਲੋਂ ਅੱਠ ਸਾਲਾਂ ਦੌਰਾਨ 61845 ਕਰੋੜ ਰੁਪਏ ਦਾ ਕਰਜ਼ਾ ਲਿਆ ਗਿਆ ਜਿਸ ਵਿੱਚ ਚਲੰਤ ਮਾਲੀ ਸਾਲ ਦੌਰਾਨ ਲਿਆ ਜਾਣ ਵਾਲਾ ਕਰਜ਼ਾ ਵੀ ਸ਼ਾਮਲ ਹੈ। ਇਸ ਵੇਲੇ ਪੰਜਾਬ ਦੀ ਵਿੱਤੀ ਹਾਲਤ ਦਾ ਬਸ ਰੱਬ ਹੀ ਰਾਖਾ ਹੈ। ਸਰਕਾਰ ਦੀ ਕੁੱਲ ਕਮਾਈ ਦਾ 78.81 ਫ਼ੀਸਦੀ ਹਿੱਸਾ ਬੱਝਵੇਂ ਖ਼ਰਚਿਆਂ ਵਿੱਚ ਚਲਾ ਜਾਂਦਾ ਹੈ ਜਿਸ ਵਿੱਚ ਤਨਖ਼ਾਹਾਂ, ਪੈਨਸ਼ਨਾਂ, ਸਬਸਿਡੀਆਂ, ਕਰਜ਼ੇ ਦਾ ਵਿਆਜ਼ ਅਤੇ ਇਸ ਦੀ ਕਿਸ਼ਤ ਸ਼ਾਮਲ ਹੈ। ਕਰਜ਼ੇ ਦਾ ਬੋਝ ਇੱਕ ਕਰੋੜ ਲੱਖ ਤੋਂ ਵਧ ਗਿਆ ਹੈ ਤਾਂ ਮਾਮਲਾ ਪੀਰ 'ਲਖਦਾਤਾ' ਦੇ ਵੱਸੋਂ ਵੀ ਬਾਹਰ ਹੋ ਗਿਆ ਜਾਪਦਾ ਹੈ।



ਪੰਜਾਬੀ ਦੇ ਮੁਹਾਵਰਿਆਂ, ਅਖਾਣਾਂ ਤੇ ਲੋਕੋਕਤੀਆਂ ਵਿੱਚ ਲੋਕ ਸਿਆਣਪਾਂ ਛੁਪੀਆਂ ਹੋਈਆਂ ਹਨ ਜਿਨ੍ਹਾਂ ਨੂੰ ਪੜ੍ਹਨ ਅਤੇ ਸਮਝਣ ਦਾ ਕਿਸੇ ਕੋਲ ਹੁਣ ਸਮਾਂ ਹੀ ਨਹੀਂ ਹੈ। ਸਿਆਣੇ ਕਹਿੰਦੇ ਹਨ ਚਾਦਰ ਵੇਖ ਕੇ ਪੈਰ ਪਸਾਰਨੇ ਚਾਹੀਦੇ ਹਨ। ਜੇ ਮੂਲ ਨਾਲੋਂ ਵਿਆਜ਼ ਵਧ ਜਾਵੇ ਤਾਂ ਇਸ ਨੂੰ 'ਦਾੜ੍ਹੀ ਨਾਲੋਂ ਮੁੱਛਾਂ ਵੱਡੀਆਂ' ਹੋਣਾ ਕਿਹਾ ਜਾਂਦਾ ਹੈ। ਘਰ ਦੀ ਸੁਆਣੀ, ਸਰਫੇ ਦੀ ਬਜਾਏ ਫ਼ਜ਼ੂਲਖ਼ਰਚੀ 'ਤੇ ਉਤਰ ਆਵੇ ਤਾਂ ਘਰ ਦਾ ਉੱਜੜਨਾ ਲਾਜ਼ਮੀ ਹੁੰਦਾ ਹੈ - ਤਿੱਤਰ ਖੰਭੀ ਬੱਦਲੀ, ਰੰਨ ਮਲਾਈ ਖਾ; ਉਹ ਵੱਸੇ, ਉਹ ਉੱਜੜੇ, ਕਦੇ ਨਾ ਖਾਲੀ ਜਾ!

ਪੰਜਾਬ ਵਿੱਚ ਬਣੀਆਂ ਕਾਂਗਰਸ ਅਤੇ ਅਕਾਲੀ-ਭਾਜਪਾ ਸਰਕਾਰਾਂ ਵੱਲੋਂ ਖ਼ਰਚ ਕਰਨ ਵੇਲੇ ਲੋਕ ਸਿਆਣਪਾਂ ਤੋਂ ਕੋਈ ਸੇਧ ਨਹੀਂ ਲਈ ਗਈ। ਮੁੱਖ ਮੰਤਰੀ ਦੇ ਹੈਲੀਕਾਪਟਰ ਦਾ ਰੋਜ਼ਾਨਾ ਖ਼ਰਚ ਤਿੰਨ ਲੱਖ ਰੁਪਏ ਹੈ। ਪਿਛਲੇ 19 ਸਾਲਾਂ ਵਿੱਚ ਇਸ ਦਾ ਭਾੜਾ 117 ਕਰੋੜ ਰੁਪਏ ਤਾਰਿਆ ਗਿਆ। ਅਕਾਲੀ-ਭਾਜਪਾ ਸਰਕਾਰ (2007-2012) ਵੇਲੇ ਹੈਲੀਕਾਪਟਰ ਦਾ ਭਾੜਾ 53.81 ਕਰੋੜ ਰਿਹਾ ਜਦੋਂਕਿ ਕੈਪਟਨ ਸਰਕਾਰ ਦੀ ਪੰਜ ਸਾਲਾ ਹਕੂਮਤ ਵੇਲੇ ਇਹ ਖ਼ਰਚਾ 22.62 ਕਰੋੜ ਰੁਪਏ ਸੀ। ਮੁੱਖ ਸੰਸਦੀ ਸਕੱਤਰਾਂ ਦੀ ਫ਼ੌਜ ਨੇ ਪਿਛਲੇ ਪੰਜ ਸਾਲਾਂ ਦੌਰਾਨ ਖ਼ਜ਼ਾਨੇ 'ਤੇ 20 ਕਰੋੜ ਰੁਪਏ ਔਸਤਨ ਤੇਲ ਖ਼ਰਚੇ ਦਾ ਬੋਝ ਪਾਇਆ ਹੈ। ਇਸ ਤੋਂ ਇਲਾਵਾ ਮੁੱਖ ਮੰਤਰੀ ਅਤੇ ਉਪ-ਮੁੱਖ ਮੰਤਰੀ ਪਿਉ-ਪੁੱਤਰਾਂ ਦਾ ਰੋਜ਼ਾਨਾ ਤੇਲ ਖ਼ਰਚ ਇੱਕ ਲੱਖ ਰੁਪਏ ਹੈ। ਇਸ ਹਿਸਾਬ ਨਾਲ ਪਿਛਲੇ ਛੇ ਸਾਲਾਂ ਵਿੱਚ ਇਹ ਖ਼ਰਚਾ ਵੀਹ ਕਰੋੜ ਤੋਂ ਵਧ ਗਿਆ ਹੈ।

ਨੱਕੋ-ਨੱਕ ਕਰਜ਼ਾਈ ਸਰਕਾਰ ਮਹਿੰਗੀਆਂ ਕਾਰਾਂ ਖ਼ਰੀਦ ਰਹੀ ਹੈ। ਪਿਛਲੇ ਕਈ ਸਾਲਾਂ ਤੋਂ ਪੰਜਾਬ ਸਰਕਾਰ ਨੂੰ ਠੂਠਾ ਫੜ ਕੇ ਕੇਂਦਰ ਦੇ ਦਰ 'ਤੇ ਕਰਜ਼ਾ ਮੁਆਫ਼ ਕਰਨ ਲਈ ਜਾਣਾ ਪੈਂਦਾ ਹੈ। ਗੁਜਰਾਲ ਤੋਂ ਬਾਅਦ ਪੰਜਾਬ ਦੀ ਬਾਂਹ ਹੋਰ ਕਿਸੇ ਨੇ ਨਹੀਂ ਫੜੀ। ਪਿਛਲੀਆਂ ਕੇਂਦਰੀ ਸਰਕਾਰਾਂ ਨੂੰ ਪਾਣੀ ਪੀ-ਪੀ ਕੇ ਕੋਸਣ ਵਾਲੀ ਪੰਜਾਬ ਦੀ ਗੱਠਜੋੜ ਸਰਕਾਰ ਨੇ ਹੁਣ ਸੁਰ ਬਦਲੀ ਹੋਈ ਹੈ ਕਿਉਂਕਿ ਹੁਣ ਕੇਂਦਰ ਵਿੱਚ ਵੀ ਉਨ੍ਹਾਂ ਦੀ ਭਾਈਵਾਲੀ ਵਾਲੀ ਸਰਕਾਰ ਹੈ। ਕਰਜ਼ਾ ਮੁਆਫ਼ ਹੋਵੇ ਜਾਂ ਨਾ, ਭਾਈਵਾਲੀ 'ਤੇ ਹਰਫ਼ ਨਹੀਂ ਆਉਣਾ ਚਾਹੀਦਾ। ਵਿੱਤੀ ਪੈਕੇਜ ਦੀ ਮੰਗ ਵੇਲੇ ਕੇਂਦਰ ਨੇ ਪੰਜਾਬ ਨੂੰ ਅੰਗੂਠਾ ਦਿਖਾਇਆ ਹੈ। ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਸਗੋਂ ਅਰਧ-ਸਰਕਾਰੀ ਪੱਤਰ ਲਿਖ ਕੇ ਨਸੀਹਤ ਦਿੱਤੀ ਹੈ ਕਿ ਰਾਜ ਸਰਕਾਰ ਇਨਫਰਾਸਟ੍ਰਕਚਰ ਡਿਵੈਲਪਮੈਂਟ ਫੰਡ ਤੇ ਖੇਤੀ ਵਿਕਾਸ ਫੰਡ ਦੀ ਵਸੂਲੀ ਕਰਨ ਤੋਂ ਇਲਾਵਾ ਪਾਵਰ ਸਬਸਿਡੀ ਵਿੱਚ ਸੁਧਾਰ ਲਿਆ ਕੇ ਆਪਣੀ ਵਿੱਤੀ ਸਿਹਤ ਵਿੱਚ ਸੁਧਾਰ ਲਿਆਵੇ। ਸ੍ਰੀ ਜੇਤਲੀ ਵੱਲੋਂ ਲਿਖੇ ਗਏ ਪੱਤਰ ਵਿੱਚ ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਅੰਮ੍ਰਿਤਸਰ ਹਲਕੇ ਤੋਂ ਉਨ੍ਹਾਂ ਦੀ ਹੋਈ ਹਾਰ ਦੀ ਮਾਯੂਸੀ ਵੀ ਕਿਤੇ ਨਾ ਕਿਤੇ ਝਲਕਦੀ ਹੈ। ਅੰਮ੍ਰਿਤਸਰੀਆਂ ਨੇ ਜੇ ਉਨ੍ਹਾਂ ਨੂੰ ਜਿਤਾਇਆ ਹੁੰਦਾ ਤਾਂ ਖ਼ੈਰ ਪੈਣ ਦੀ ਸੰਭਾਵਨਾ ਹੋ ਸਕਦੀ ਸੀ।

ਇਸ ਵੇਲੇ ਸਰਕਾਰੀ ਖ਼ਜ਼ਾਨੇ ਦੀ ਹਾਲਤ ਬਹੁਤ ਪੇਤਲੀ ਹੈ। ਡੰਗ ਟਪਾਉਣ ਲਈ ਨਵੇਂ-ਨਵੇਂ ਪੈਂਤੜੇ ਵਰਤੇ ਜਾ ਰਹੇ ਹਨ। ਪੰਜਾਬ ਨੂੰ ਮੁੜ ਦੇਸ਼ ਦਾ ਸਭ ਤੋਂ ਖ਼ੁਸ਼ਹਾਲ ਸੂਬਾ ਬਣਾਉਣ ਲਈ ਸਾਬਤ ਕਦਮ ਚੱਲਣ ਦੀ ਲੋੜ ਹੈ। ਆਈ-ਚਲਾਈ ਨਾਲ ਸੁਫ਼ਨੇ ਸਾਕਾਰ ਨਹੀਂ ਹੋ ਸਕਦੇ। ਲਾਲੇ ਵਾਂਗ ਰੋਜ਼ ਗੱਲਾ ਗਿਣਨਾ ਪਵੇਗਾ। ਪੰਜਾਬ ਵਿੱਚ ਇਸ ਵੇਲੇ ਪੰਜੀਰੀ ਵੀ ਕਰਜ਼ੇ ਹੇਠ ਆਈ ਹੋਈ ਹੈ। ਜਨਮ ਲੈਣ ਵੇਲੇ ਵੀ ਬੱਚਾ-ਬੱਚਾ ਕਰਜ਼ਾਈ ਹੁੰਦਾ ਹੈ। ਖ਼ਰਚਿਆਂ ਨੂੰ ਘਟਾ ਕੇ ਆਮਦਨ ਵਧਾਉਣੀ ਪਵੇਗੀ। ਪਾਈ-ਪਾਈ ਦਾ ਹਿਸਾਬ ਰੱਖਣਾ ਪਵੇਗਾ। ਪੰਜਾਬ ਦੀ ਆਰਥਿਕ ਹਾਲਤ ਇੰਨੀ ਖ਼ਸਤਾ ਹੈ ਕਿ ਇਸ ਨੂੰ ਪਾਈ ਤਾਂ ਕੀ ਸਭ ਤੋਂ ਛੋਟੇ ਸਿੱਕੇ ਦਮੜੀਆਂ ਦਾ ਵੀ ਹਿਸਾਬ-ਕਿਤਾਬ ਰੱਖਣਾ ਚਾਹੀਦਾ ਹੈ। ਪੰਜਾਬੀ ਦੇ ਆਦਿ ਕਵੀ ਬਾਬਾ ਫ਼ਰੀਦ ਦੇ ਆਗਮਨ ਪੁਰਬ 'ਤੇ 'ਰੁਖੀ ਸੁਖੀ ਖਾਇਕੈ/ਠੰਢਾ ਪਾਣੀ ਪੀਉ' ਦਾ ਪ੍ਰਣ ਲੈ ਕੇ ਫ਼ਜ਼ੂਲਖ਼ਰਚੀ ਘਟਾਉਣ ਦਾ ਪ੍ਰਣ ਲੈਣਾ ਚਾਹੀਦਾ ਹੈ। ਇੰਜ ਪਰਾਇਆਂ ਦੇ ਦਰ 'ਤੇ ਹੋਣ ਵਾਲੀ ਖੱਜਲ-ਖੁਆਰੀ ਤੋਂ ਬਚਾਅ ਰਹੇਗਾ:

**ਫਰੀਦਾ ਬਾਰਿ ਪਰਾਇਐ ਬੈਸਣਾ,**
**ਸਾਂਈ ਮੁਝੈ ਨ ਦੇਹਿ**
**ਜੇ ਤੂ ਏਵੈ ਰਖਸੀ,**
**ਜੀਉ ਸਰੀਰਹੁ ਲੇਹਿ**

## Kamagata Maru revisited

# Bramptonian paid rich tribute on centenary commemoration



Shamshad Elahee Shams

Rationalist Society Ontario-Brampton and Indo Canadian Workers Association-Brampton jointly put up a mesmerising show in Brampton on Sep 14,2014. Chinguacousy Secondary School's auditorium witnessed this historic event on the part of South Asian Community where people participated with full enthusiasm with national fervor and felt pride to be associated of their forefather's revolutionary past by paying rich tribute in a jam packed hall of 700 seats.

The event started with a brief Speeches delivered by Joginder Singh Grewal and Dr Baljinder Singh Sekhon, Amrit Singh Dhillon followed by a historic play 'SUTEY SUTEY PANIAN CH AA GIA UBAL' (Silent water set on fire) written and directed by Harkesh Chaudhry of Lok Kala Mach-Mullanpura Punjab India who endured enormous pain for the preparation of drama within eleven days. Mr Harkesh was here in Toronto on a short visit from India.

Addressing the audience, Dr Baljinder Sekhon castigated the Harper regime whose immigration policies are going back to the 1914 era when Canada pursued racist policies to maintain Canada a white country. He said, the latest changes in immigration laws (C-24) will make more difficult for new immigrants and existing Asians families in Canada to sponsor their beloved ones. Mr. Joginder Grewal spoke about the historical importance of Kamagata Maru event which compelled Canadian Government to bring changes in their immigration policies.

Play set out in the atmosphere of 1900s era giving inch by inch details of then peasant's miserable conditions and hardship when farmers were not able to feed their families because of atrocious high taxation rate. Consequently, the per capita income dwindled from Rs 28 to 18 from 1880 to 1899. India faced about 25 famines in last fifty years of 19th century which were manufactured by British rule and their wheat stock piling policies. Under those precarious socio-economic situations of India; Sardar Gurdit Singh, a businessman from Amritsar hired a ship from a Japanese Company by paying $11,000 so that 376 persons could sail direct from India to Vancouver in their pursuit of better livelihood. Filled with dreams on the foreign shores, these passengers were faced with the harsh Canadian Immigration laws, implemented by ruthless Immigration Officer W.C.Hopkinson who has also served Indian Police under British rule. Hopkinson with the help of his informer Bela Singh and Harnam Singh managed to infiltrate Kamagat Maru passengers and their Vancouver based supporters i.e. Khalsa Dewaan Society and Gadar Party. His conspiracy bore fruits and he successfully sent the ship back to India in order to maintain Canada a White Country, the prime motto of then Canadian government.

Upon the return to Indian shore, Kamagata Maru passengers were faced yet another blow from British rulers as they were fired upon when about 20 passengers were killed, several injured and (barring few) rest of them faced imprisonment. Play ends with raising burning questions from the audiences, whether it is justified to brand Gurdit Singh merely a businessman? Whether it is appropriate to derecognise role to Gadri Leader Sohan Singh Bakhna? Is it easy to forget the martyrdom of Kartar Singh Sarabha? Is that proper homage to Bhagat Singh without realising his dream?

It is pertinent to note that all criminals on the side of Canadian government were killed by Gadarites. Hopkinson, his informer Harnam Singh and Arjan Singh were killed in Vancouver on Sep 3 and Sep 5 1914 whereas Hopkinson was shot dead in the court room by Mewa Singh on October 21, 1914. Bela Singh relocated to India but revolutionaries did not spare him and killed him in 1935.

The play was a visual retreat with fantastic cut to cut scenes and able to convey its message forcefully that audience was not able to move a bit. It narrated all the historic incidents in an absolute dramatic way. Set was beautifully designed by Balraj Shokar, imbibed with so many lyrical compositions enacted by more than ten characters so was the music on its heights. All the songs sang during the play were taken from the annals of Gadar Lehar publication.

Selected characters of the same drama team, presented second play "Bhoot" (Ghost) written by Bramptonian author Kulwinder Khera, reflecting the ideology of rationalist movement against superstitions and unscientific culture prevailed in south Asian community. It's a tale of a young girl who is fighting with her oneself in pursuit for her love. Her inner conflict is narrated in a way that her parents start believing that their house is under some demonic attack. They try to bring in Baba and Gyani ji etc who are just interested in making money. The friend of the girl's father intervene and find out the inner conflict of young woman and expose the cultural backwardness of his friend, at last he manage to convince the parents not to be a victim of society but to play a leading role to change it.

The artists who played roles in two plays and one chorographic event were Samar, Amninder, Antarpreet Kaur,Navnoor, Ram Singh, Vikramjit,Amarjeet Kaur, Karamjeet, Sharanjeet Singh Raju, Sumeet, Anita and Bupendra Singh. Lightings were managed by Kulwinder Khera, Surjeet Malli, Music was conducted by Navnoor who also took responsibility of Production.

The best attraction of the event was a magic show, performed by Scott Dietrich. His interactive magical tricks were widely enjoyed by kids and wholeheartedly appreciated by youngsters and elders too. Programme lasted about five hours. The unique programme came out with a thunderous success despite all odd and ruckus created by some dissident elements and some ex-member of Rationalist society. Some scrupulous elements were active thru media and fundamentalist religious organisation who once threatened to protest against this programme on some unfounded rumors of so-called blasphemy. Undoubtedly, the success and high turn out on the venue is the real testimony of a complete rejection of anti-social elements and a victory to democratic aspirations of the masses.

# $15 minimum wage movement spills into Canada




Today, the federal NDP is slated to use its Official Opposition Day to table a motion that would have Parliament Hill vote on a proposal to reinstate the federal minimum wage, which has been dormant since 1996.

The motion asks parliamentarians to consider incrementally raising the federal minimum wage to $15 an hour over a five-year period.

For a while there, it looked like it would never happen – a Canadian $15 minimum wage movement.

South of the border, Americans have been rallying for a $15 minimum wage for over a year. This month, workers walked off the job and protests took place in an estimated 150 American cities in an effort to raise that country's low federal minimum wage (it's $7.25 an hour) to $15.

There have been victories. In Seattle, the newly elected mayor committed to raise the city's minimum wage to $15 an hour and is well on the way to making that reality.

But here in Canada, the minimum wage debate has been trapped in a time warp. The federal minimum wage was abandoned in 1996. In Canada, it's been up to the provinces and territories to determine the legislated, mandated minimum wage that an employer is expected to pay employees.

And provincially, any attempt to increase the minimum wage on a steady basis has been overly cautious, muted by a loud and powerful business lobby.

In Ontario last year, the provincial government took cover under an appointed panel to look into how to set its minimum wage. That consultation process was rocked by a consistent, coordinated grassroots campaign to lift Ontario's minimum wage to $14 an hour. To no avail. The government settled on $11 an hour, with a promise to peg it to inflation every year moving forward.

Yes, the minimum wage is inching upward in most Canadian provinces, but it pales in comparison with what a living wage would actually be. For instance, in Toronto, CCPA Economist Hugh Mackenzie and Unifor Economist Jim Stanford calculated the living wage to be $16.60 an hour in 2008. It would be higher today, to reflect the rising cost of living.

So it is an interesting development to see federal NDP Leader Thomas Mulcair announce that his party will campaign on re-awakening the idea of a $15 federal minimum wage.

The question before Parliament today is an important one. There are several reasons why a $15 an hour minimum wage would be a welcome starting point.

First of all, it would represent the boldest minimum wage in Canada – bolder than any Canadian province or territory. I know. How sad is that?

It's the beginning of a national conversation about the inadequacy of the current minimum wage level.

It's the beginning of a national conversation about the value of a minimum wage that is a living wage – one that can actually help a household pay all of its most basic bills, such as housing, transit to work, child care, and food.

Last year, we at the CCPA-Ontario recommended that the Ontario minimum wage be pegged at 60% of the average industrial wage. Why? Because the lowest paid worker in the labour market should be paid in relation to what the rest of workers are paid. That's only fair.

Federally, CCPA-Ontario Economist Kaylie Tiessen estimates that a minimum wage set at 60% of the average national industrial wage would be $14.49 an hour – given the average wage in Canada was $24.15 in 2013 (CANSIM Table 282-0070). A $15 federal minimum wage would do the trick.

That still falls short of many living wage calculations in Canada. But as a symbolic gesture, it's important.

And for those federal workers who would benefit from a raise – those workers who are playing by all the rules but struggling to scrape by – it would be more than a symbolic gesture; it would be a meaningful contribution to their household bottom line.

A $15 federal minimum wage in Canada, regardless of how many (or how few) workers in federally regulated companies or agencies it might help, is a good starting point.

It helps set a new tone for the value of decent work in Canada. A decent minimum wage – one a worker can live on – is vital to any prime minister or premier who expresses the political will to reduce income inequality in Canada's labour market.

Hopefully it'll give the provinces the political courage they've been lacking to pursue a similar goal.

***Courtesy : Canadian Centre for Policy Alternative***




## Community meeting to expose consumer exploitation



To expose exploitation of residents in another neighbourhood by adding $ 14,000 development fee to each household, ( 122 houses in sub division ) which was charged at the time of closing for delayed permits and related issues with very little to no notice. Why should the homeowners suffer? We are hard working individuals who sacrifice to live a decent life in the city of Brampton. Many more concerns of residents. To expose inability of City to provide justice to hardworking residents. Exploitation by TARION. Homeowners shall be requesting for a solution to the above problem.

The objective of HOWA is to create awareness of fundamental rights of Citizens. To ensure policies of governing bodies such as Municipalities, Tarion, School Board, Ministry of Consumer Affairs and Elected Representatives (MP's, MPP's & Councilors) are fair to protect consumer rights. HOWA is a volunteer organization. HOWA will lobby for Lower Property Taxes; Initiate Employment/Industry; Reduce Auto Insurance Rates; University in Brampton; Transparent Policies; Improve School Education System; Dissolve Tarion; HOWA representation in Tarion & Consumer Boards.

HOWA shall be asking the city as well as elected reps the following concerns of residents :-

Why this is not regional issue as all the approvals and developments levy directly connected to region?

Why Levy was increased in Feb. 2013 and permit applied in March?

Why Residents are penalised for extensive increase of development charges?

Why builder failed to apply permit on time? Region may be the cause?

# User fees threatened for patients across Canada if court challenge negotiations fail to uphold Medicare



**At a press conference this morning, speakers Natalie Mehra, Executive Director, Ontario Health Coalition, Dr. Rupinder Brar, Board Member, Canadian Doctors for Medicare, Dr. Ryan Meili, Vice-Chair, Canadian Doctors for Medicare and Steven Shrybman, LL.B., Partner, Sack Goldblatt Mitchell raise the alarm about the threat of user fees for patients across Canada if B.C. court challenge negotiations fail to uphold Medicare.**

Toronto -- As Ontario's new Health Minister Dr. Eric Hoskins sits down with provincial and territorial Health Ministers for their fall meeting this week, experts and patient advocates hope that he'll carry a strong message. Across Canada advocates are calling on the B.C. Health Minister to hang tough on the Medicare court challenge which threatens open season on patient user fees for surgeries, diagnostics and other procedures.

The case was scheduled to begin on September 8, but lawyers for both Brian Day, owner of one of the largest private clinics in Canada, and the B.C. government asked the court for a delay in order to negotiate a settlement. Negotiations are now happening behind closed doors and the court date is delayed until March 2015.

Following a provincial audit in 2012 which revealed that Day was charging hundreds of thousands of dollars in unlawful user fees to patients, Day filed a Charter Challenge to nullify the laws that he was violating. His case aims to bring down the laws that protect single-tier Medicare and forbid clinics like his from extra-billing patients and charging user fees for care that currently must be provided without charge under the public health care system. The litigation has far-reaching implications for the entire country.

Day's clinics were first exposed by patients who complained they were unlawfully billed for medical procedures. The B.C. government responded by trying to audit the clinics. Day refused to let in auditors until forced by a court order, and even then the clinics did not fully comply with auditors. Auditors had access to only a portion of the clinics' billings and only one month's worth of data. Nevertheless, what they found was astonishing. In a period of about 30 days, patients were subject to almost half a million dollars in user charges. The five patients who brought the initial legal petition have had their trial delayed while Day's Charter Challenge to the laws upholding single-tier Medicare is heard. They are still waiting for redress.

"In order to protect patients, the B.C. government must hold private clinic owners and operators accountable when they break the laws prohibiting extra-billing and user fees," said lawyer Steven Shrybman, a partner at Sack Goldblatt Mitchell who is acting for the B.C. Health Coalition and Canadian Doctors for Medicare, intervenors in the court challenge. Shrybman is well-known for his successful Supreme Court challenge against Ontario's attempted sale of Hydro One and the recent election fraud cases in Federal Court. "Though the challenge was launched in British Columbia, it has the potential to bring two-tier care to Canadians across the country," he warned.

"Advocates of public health care from Ontario and across the country are calling on the B.C. government to take a tough stand in these negotiations. These are the laws that uphold Medicare and defend patients," said Dr. Ryan Meili, Vice-Chair of Canadian Doctors for Medicare. "A simple slap on the wrist encourages more violations in provinces from coast to coast."

The problem is already creeping into Ontario, according to Natalie Mehra, executive director of the Ontario Health Coalition, where the government is proposing to expand private clinics. "Patients are being confused by private clinic operators who are manipulating them into paying thousands of dollars for health care services that they have already paid for in their taxes," she warned. "The public should know that you cannot be charged by a doctor or private clinic operator for surgery, diagnostic tests or any other medically necessary hospital or physician service. Extra user fees charged to sick and elderly patients are unlawful and immoral and governments should be delivering that message."

Advocates warned that this court case should also raise alarm bells in Ontario's government about the dangers of private clinics. At risk is our public health system in which access to health care is based on need, not wealth.

CENTUM®
E Z Mortgage Group Inc.
All your financial needs.
private loans .debt consolidation.
self employment. secured line of credit.
business loan. bad credit no problem.
1st, 2nd & 3d Mortgages get approved
Brokerage Licence #2105
Cell:416-625-3352
hs_7matharu@yahoo.ca,
Fax: 905-676-8018
Website: www.centum.ca/ezmortgage
7050-14A Bramalea Road Mississauga, ON L5S 1T1

HARJIT SINGH
Mortgage cunsultant
Lic#M08007991

# ਤਰਕਸ਼ੀਲ ਮੇਲੇ ਵਿੱਚ ਰੈਡ ਵਿੱਲੋ ਕਲੱਬ ਦੇ ਮੈਂਬਰਾਂ ਦੀ ਭਰਵੀਂ ਸ਼ਮੂਲੀਅਤ



ਨਾਰਥ ਅਮਰੀਕਨ ਤਰਕਸ਼ੀਲ ਸੁਸਾਇਟੀ ਤੇ ਇੰਡੀਅਨ ਵਰਕਰਜ਼ ਐਸੋਸੀਏਸਨ ਨੇ ਪਿੱਛਲੇ ਦਿਨੀਂ ਬਰੈਪਟਨ ਦੇ ਚਿੰਗਕਊਜੀ ਸਕੂਲ ਵਿੱਚ ਕਾਮਾਗਾਟਾਮਾਰੂ ਕਾਂਡ ਦੀ ਸੌਵੀਂ ਵਰ੍ਹੇਗੰਢ ਨੂੰ ਸਮਰਪਤ ਨਾਟਕ ਮੇਲੇ ਦਾ ਆਯੋਜਨ ਕੀਤਾ ਗਿਆ। ਇਸ ਨਾਟਕ ਮੇਲੇ ਵਿੱਚ ਸੱਤ ਸੌ ਸੀਟਾਂ ਵਾਲਾ ਹਾਲ ਨੱਕੋ ਨੱਕ ਭਰਿਆ ਹੋਇਆ ਸੀ। ਦਰਸਕਾਂ ਵਿੱਚ ਰੈਡ ਵਿੱਲੋ ਕਲੱਬ ਦੇ ਮਰਦ ਤੇ ਇਸਤਰੀ ਮੈਂਬਰ ਭਾਰੀ ਗਿਣਤੀ ਵਿੱਚ ਸ਼ਾਮਲ ਹੋਏ। ਸੰਬੋਧਨ ਕਰਨ ਵਾਲਿਆਂ ਵਿੱਚ ਸੁਸਾਇਟੀ ਦੇ ਆਗੂ ਡਾ. ਬਲਜਿੰਦਰ ਸੇਖੋਂ ਨੇ ਉਨੀ ਸੌ ਚੌਦਾਂ ਦੀਆਂ ਇਮੀਗਰੇਸਨ ਨੀਤੀਆਂ ਤੋਂ ਸੁਰੂ ਕਰਕੇ ਅੱਜ ਤੱਕ ਦੀਆਂ ਨਵੀਆਂ ਨੀਤੀਆਂ ਨਾਲ ਮੇਲ ਕਰਦੇ ਹੋਏ ਦੱਸਿਆ ਕਿ ਹੁਣ ਵੀ ਪਰਿਵਾਰਾਂ ਨੂੰ ਮੰਗਾਉਣਾ ਉਨਾ ਹੀ ਮੁਸ਼ਕਲ ਹੁੰਦਾ ਜਾ ਰਿਹਾ ਹੈ। ਜੋਗਿੰਦਰ ਗਰੇਵਾਲ ਨੇ ਕਾਮਾਗਾਟਾਮਾਰੂ ਘਟਨਾ ਦੇ ਇਤਿਹਾਸਕ ਮਹੱਤਵ ਨੂੰ ਉਜਾਗਰ ਕੀਤਾ। ਜਿਸ ਨਾਲ ਕਨੇਡਾ ਸਰਕਾਰ ਨੂੰ ਆਪਣੀਆਂ ਇਮੀਗਰੇਸਨ ਨੀਤੀਆਂ ਵਿੱਚ ਤਬਦੀਲੀ ਲਿਆਉਣੀ ਪਈ। ਅੰਮ੍ਰਿਤ ਢਿੱਲੋਂ ਨੇ ਭਾਵਪੂਰਤ ਸ਼ਬਦਾਂ ਵਿੱਚ ਸੰਬੋਧਨ ਕੀਤਾ।

ਲ਼ੋਕ ਕਲਾ ਮੰਚ ਦੇ ਹਰਕੇਸ਼ ਚੌਧਰੀ ਦਾ ਲਿਖਿਆ ਤੇ ਨਿਰਦੇਸ਼ਤ ਨਾਟਕ 'ਸੁੱਤੇ ਸੁੱਤੇ ਪਾਣੀਆਂ 'ਚ ਆ ਗਿਆ ਉਬਾਲ'ਕਾਮਾਗਾਟਾਮਾਰੂ ਕਾਂਡ ਨੂੰ ਪ੍ਰਤੱਖ ਰੂਪ ਵਿੱਚ ਪੇਸ਼ ਕਰਦਾ ਸੀ। ਵੀਹਵੀਂ ਸਦੀ ਦੇ ਸ਼ੁਰੂ ਵਿੱਚ ਕਿਸਾਨ ਤੇ ਹੋਰ ਗਰੀਬ ਲੋਕ ਆਪਣੀ ਰੋਜ਼ੀ ਰੋਟੀ ਦੀ ਭਾਲ ਵਿੱਚ ਵਿਦੇਸ਼ਾਂ ਨੂੰ ਚੱਲ ਪਏ। ਵਪਾਰੀ ਗੁਰਦਿੱਤ ਸਿੰਘ ਨੇ ਅਜਿਹੇ ਲੋਕਾਂ ਨੂੰ ਕਨੇਡਾ ਪਚਾਉਣ ਲਈ ਜਪਾਨੀ ਕੰਪਨੀ ਤੋਂ ਕਾਮਾਗਾਟਾਮਾਰੂ ਜਹਾਜ਼ ਕਿਰਾਏਤੇ ਲਿਆ ਜੋ ਤਿੰਨ ਸੌ ਛਹੱਤਰ ਮੁਸਾਫਿਰਾਂ ਨੂੰਲੈ ਕੇ ਕਨੇਡਾ ਲਈ ਰਵਾਨਾ ਹੋਇਆ। ਸਾਰੇ ਮੁਸਾਫਿਰ ਕਨੇਡਾ ਪਹੁਚੰਣ ਲਈ ਪੂਰੇ ਉਤਸਾਹ ਵਿੱਚ ਸਨ ਪਰ ਉਹਨਾਂ ਨੂੰ ਕਨੇਡਾ ਦੀਧਰਤੀ ਤੇ ਉਤਰਨ ਦੀ ਆਗਿਆ ਨਾ ਮਿਲਣ ਕਰਕੇ ਉਹਨਾਂ ਦੀਆਂ ਆਸਾਂ 'ਤੇ ਪਾਣੀ ਫਿਰ ਗਿਆ। ਇਮੀਗਰੇਸਨ ਅਧਿਕਾਰੀ ਹਾਪਕਿਨਸਨ ਨੇ ਬੇਲਾ ਸਿੰਘ ਤੇ ਹਰਨਾਮ ਸਿੰਘ ਵਰਗੇ ਗੱਦਾਰਾਂ ਦੀ ਸਹਾਇਤਾ ਨਾਲ ਉਹਨਾਂ ਮੁਸਾਫਿਰਾਂ ਨੂੰ ਤੰਗ ਕਰਨ ਤੇ ਵਾਪਿਸ ਭੇਜਣ ਲਈ ਹਰ ਹੀਲਾ ਵਰਤਿਆ, ਪਰ ਗਦਰ ਪਾਰਟੀ ਤੇ ਖਾਲਸਾ ਦੀਵਾਨ ਸੁਸਾਇਟੀ ਨੇ ਉਹਨਾਂ ਦੀ ਹੱਦੋਂ ਵੱਧ ਸਹਾਇਤਾ ਕੀਤੀ। ਉਸ ਸਮੇਂ ਦੀ ਕਨੇਡਾ ਸਰਕਾਰ ਇਸ ਨੂੰ ਗੋਰਿਆਂ ਦਾ ਦੇਸ ਹੀ ਰੱਖਣਾ ਚਾਹੁੰਦੀ ਸੀ। ਸਿੱਟੇ ਵੱਜੋਂ ਜਹਾਜ਼ ਨੂੰ ਵਪਿਸ ਭਾਰਤ ਮੁੜਨਾ ਪਿਆ। ਕਨੈਡਾ ਵਿੱਚ ਕਮਾਈ ਕਰਨ ਆਏ ਗੈਰ ਰਾਜਸੀ ਮੁਸਾਫਿਰ ਗਦਰੀ ਬਣ ਕੇ ਵਾਪਿਸ ਮੁੜੇ ਜਿਹਨਾਂ ਨੇ ਭਾਰਤ ਨੂੰ ਗੋਰਿਆਂ ਤੋਂ ਅਜ਼ਾਦ ਕਰਾਉਣ ਦੀ ਠਾਣ ਲਈ। ਭਾਰਤ ਵਾਪਸ ਪਹੁੰਚਣ 'ਤੇ ਕਲਕੱਤੇ ਦੇ ਬਜਬਜਘਾਟ ਤੇ ਵੀ ਮੁਸਾਫਿਰਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਬਹੁਤ ਸਾਰੇ ਜ਼ਖਮੀ ਹੋ ਗਏ ਤੇ ਅਨੇਕਾਂ ਨੂੰ ਜੇਲ ਭੇਜ ਦਿੱਤਾ ਗਿਆ। ਨਾਟਕ ਦਾ ਅੰਤ ਦਰਸ਼ਕਾਂ ਅੱਗੇ ਕੁੱਝ ਮਹੱਤਵਪੂਰਨ ਸਵਾਲ ਛੱਡਦਾ ਹੈ ਕਿ ਕੀ ਗੁਰਦਿੱਤ ਸਿੰਘ ਕੇਵਲ ਵਪਾਰੀ ਹੀ ਸੀ? ਗਦਰੀ ਲੀਡਰ ਸੋਹਨ














ਸਿੰਘ ਭਕਨਾ ਦਾ ਕੀ ਰੋਲ ਸੀ ? ਕੀ ਕਰਤਾਰ ਸਿੰਘ ਸਰਾਭੇ ਤੇ ਭਗਤ ਸਿੰਘ ਦੀਆਂ ਕੁਰਬਾਨੀਆਂ ਨੂੰ ਮਜ਼ਬੀ ਰੰਗ ਵਿੱਚ ਰੰਗ ਕੇ ਉਹਨਾਂ ਦੇ ਅਸਲ ਮੰਤਵ ਨੂੰ ਭੁੱਲਣਾ ਠੀਕ ਹੈ ? ਸਮਾਂ ਪਾ ਕੇ ਗਦਰ ਪਾਰਟੀ ਦੇ ਯੋਧਿਆਂ ਨੇ ਹਾਪਕਿਨਸਨ ਗਦਾਰ ਬੇਲਾ ਸਿੰਘ ਟੇ ਹਰਨਾਮ ਸਿੰਘ ਨੂੰ ਮਾਰ ਮੁਕਾਇਆ। ਨਾਟਕ ਦੇ ਸਾਰੇ ਗੀਤ ਗਦਰ ਲਹਿਰ ਨਾਲ ਸਬੰਧਤ ਦਸਤਾਂਵੇਜਾਂ ਵਿੱਚੋਂ ਸਨ। ਨਾਟਕ ਦੇ ਲੇਖਕ, ਨਿਰਦੇਸ਼ਕ ਤੇ ਮੁੱਖ ਪਾਤਰ ਹਰਕੇਸ਼ ਚੌਧਰੀ ਬਾਬਾ ਗੁਰਦਿੱਤ ਸਿੰਘ ਦਾ ਰੋਲ ਨਿਭਾਕੇ ਕਲਾ ਦੀਆਂ ਸਿਖਰਾਂ ਨੂੰ ਛੂਹ ਗਿਆ। ਬਲਰਾਜ ਸ਼ੋਕਰ ਦੁਆਰਾ ਤਿਆਰ ਕੀਤਾ ਕਾਮਾਗਾਟਾਮਾਰੂ ਜਹਾਜ਼ ਦਾ ਸੈੱਟ ਬਹੁਤ ਹੀ ਕਮਾਲ ਦਾ ਸੀ।

ਇਸ ਪ੍ਰੋਗਰਾਮ ਦੌਰਾਨ ਭਗਤ ਸਿੰਘ ਬਾਰੇ ਕੋਰੋਗ੍ਰਾਫੀ ਕਮਾਲ ਦੀ ਪੇਸ਼ਕਾਰੀ ਸੀ। ਜਾਦੂਗਰ ਸਕਾਟ ਨੇ ਜਾਦੂ ਦੇ ਟਰਿੱਕਾਂ ਨਾਲ ਬੱਚਿਆਂ ਦਾ ਭਰਪੂਰ ਮਨੋਰੰਜਨ ਕੀਤਾ ਤੇ ਇਹ ਵੀ ਸਮਝਾਇਆ ਕਿ ਜਾਦੂ ਕੋਈ ਗੈਬੀ ਸ਼ਕਤੀ ਨਹੀਂ, ਇਹ ਸਿਰਫ ਤੇ ਸਿਰਫ ਹੱਥ ਦੀ ਸਫਾਈ ਦੀ ਕਲਾ ਹੈ। ਬਲਜੀਤ ਬੈਂਸ ਵੱਲੋਂ ਬਹੁਤ ਵਧੀਆ ਗੀਤ ਪੇਸ਼ ਕੀਤੇ ਗਏ। ਅੰਤ ਵਿੱਚ ਵਹਿਮਾਂ ਭਰਮਾਂ ਤੇ ਗਲਤ ਸਮਾਜਿਕ ਕਦਰਾਂ ਕੀਮਤਾਂ ਨੂੰ ਤੋੜਦਾ ਹੋਇਆ ਨਾਟਕ 'ਭੂਤ'ਪੇਸ਼ ਕੀਤਾ ਗਿਆ। ਕੁਲਵਿੰਦਰ ਖਹਿਰਾ ਦਾ ਲਿਖਿਆ ਇਹ ਨਾਟਕ ਤਰਕਸ਼ੀਲ ਸੁਸਾਇਟੀ ਦੀ ਵਿਚਾਰਧਾਰਾ ਨੂੰ ਪ੍ਰਗਟ ਕਰਦਾ ਸੀ। ਇਸ ਵਿੱਚ ਦੱਸਿਆ ਗਿਆ ਕਿ ਪ੍ਰੀਵਾਰ ਦੀ ਨੌਜਵਾਨ ਲੜਕੀ ਆਪਣੀਆਂ ਸੱਧਰਾਂ ਪੂਰੀਆਂ ਨਾ ਹੋਣ ਕਾਰਨ ਰਾਤ ਨੂੰ ਭੂਤ ਭੂਤ ਦਾ ਰੌਲਾ ਪਾ ਕੇ ਆਪਣੇ ਕਮਰੇ ਵਿੱਚੋਂ ਬਾਹਰ ਨੂੰ ਭੱਜਦੀ ਹੈ। ਪ੍ਰੀਵਾਰ ਦੇ ਮੈਂਬਰ ਅਸਲੀਅਤ ਜਾਨਣ ਦੀ ਥਾਂ ਵਹਿਮਾਂ ਭਰਮਾਂ ਵਿੱਚ ਪੈ ਜਾਂਦੇ ਹਨ। ਸਮਾਜ ਵਿੱਚ ਵਿਚਰ ਰਹੇ ਲੋਟੂ ਤੇ ਪਖੰਡੀ ਬਾਬੇ ਉਹਨਾਂ ਦੀ ਲੁੱਟ ਕਰਦੇ ਹਨ। ਭਾਈ ਜੀ ਵੀ ਅਸਲੀਅਤ ਵੱਲ ਜਾਣਦੀ ਬਜਾਏ ਮੂਲ ਮੰਤਰ ਦਾ ਜਾਪ ਤੇ ਪਾਠ ਕਰਾਉਣ ਨੂੰ ਹੀ ਸਮੱਸਿਆ ਦਾ ਹੱਲ ਦੱਸਦੇ ਹਨ। ਪਹਿਲਾਂ ਹੀ ਲੁੱਟ ਦਾ ਸ਼ਿਕਾਰ ਹੋਏ ਪ੍ਰੀਵਾਰ ਨੂੰ ਪਾਠ ਤੇ ਆਉਣ ਵਾਲਾ ਕਾਫੀ ਸਾਰਾ ਖਰਚਾ ਵੀ ਗਿਣਾ ਦਿੰਦੇ ਹਨ। ਅੰਤ ਵਿੱਚ ਪ੍ਰੀਵਾਰ ਦਾ ਤਰਕਸ਼ੀਲ ਦੋਸਤ ਸਮੱਸਿਆ ਦੀ ਡੂੰਘਾਈ ਤੱਕ ਜਾਕੇ ਇਸਦਾ ਹੱਲ ਲੱਭ ਲੈਂਦਾ ਹੈ। ਲੜਕੀ ਦੇ ਮਾਪੇ ਅਸਲੀ ਅਤੇ ਜਾਣ ਕੇ ਲੜਕੀ ਦੀ ਸ਼ਾਦੀ ਵੇਲਾ ਵਿਹਾ ਚੁੱਕੀਆਂ ਕਦਰਾਂ ਕੀਮਤਾਂਨੂੰ ਛੱਡਦੇ ਹੋਏ ਉਸਦੀ ਮਰਜ਼ੀ ਅਨੁਸਾਰ ਕਰਨ ਦਾ ਮਨ ਬਣਾ ਲੈਂਦੇ ਹਨ। ਇਸ ਤਰ੍ਹਾਂ ਇਹ ਨਾਟਕ ਵਹਿਮਾਂ ਭਰਮਾਂ ਨੂੰ ਤੋੜਦਾ ਹੋਇਆ ਜਾਤਪਾਤ ਤੋਂ ਉੱਪਰ ਉਠਣ ਦੀ ਪ੍ਰੇਰਣਾ ਦਿੰਦਾ ਹੈ। ਦੋਹਾਂ ਨਾਟਕਾਂ ਵਿੱਚ ਟੀਮ ਮਨੇਜਰ ਤੇ ਅਦਾਕਾਰ ਨਵਨੂਰ, ਅਮਨਿੰਦਰ ਢਿਲੋਂ, ਭੁਪਿੰਦਰ ਸਿੰਘ, ਰਾਂਜੂਤੂਰ, ਸਮਰ, ਅੰਤਰਪ੍ਰੀਤ, ਕਰਮਜੀਤ ਗਿੱਲ, ਬਿਕਰਮਜੀਤ ਰੱਖੜਾ, ਅਮਰਜੀਤ ਕੌਰ ਤੇ ਰੋਮੀ ਗਿੱਲ ਨੇ ਆਪਣੇ ਕਿਰਦਾਰਾਂ ਨੂੰ ਬਾਖੂਬੀ ਨਿਭਾਇਆ। ਇਸ ਦੌਰਾਨ ਪੰਜਾਬੀ ਆਰਟਸ ਐਸੋਸੀਏਸ਼ਨ ਵੱਲੋ ਹਰਕੇਸ਼ ਚੌਧਰੀ ਦਾ ਵਿਸ਼ੇਸ਼ ਸਨਮਾਨ ਕੀਤਾ। ਨਾਟਕ ਵਿੱਚ ਕੰਮ ਕਰਦੇ ਹੋਰ ਕਲਾਕਰਾਂ ਦਾ ਵੀ ਸਨਮਾਨ ਕੀਤਾ ਗਿਆ। ਇਹ ਪ੍ਰੋਗਰਾਮ ਪਿਛਲੇ ਕੁੱਝ ਦਿਨਾਂ ਤੋਂ ਆ ਰਹੀਆਂ ਮੁਸ਼ਕਿਲਾਂ ਦੇ ਬਾਵਜੂਦ ਯਾਦਗਾਰੀ ਹੋ ਨਿਬੜਿਆ। ਇਸਦਾ ਸਿਹਰਾ ਇਸਦੀ ਆਗੂ ਟੀਮ ਤੇ ਅਗਾਂਹਵਧੂ ਸੋਚ ਦੇ ਮਾਲਕ ਦਰਸ਼ਕਾਂ ਦਿਰ ਬੱਝਦਾ ਹੈ।

**ਹਰਜੀਤ ਬੇਦੀ, ਪਰਮਜੀਤ ਬੜਿੰਗ**

905-794-8871,905-913-2775


## ਸੰਤ ਰਾਮ ਉਦਾਸੀ ਵਿਸ਼ੇਸ਼ ਅੰਕ



ਅਦਾਰਾ 'ਸਰੋਕਾਰਾਂ ਦੀ ਆਵਾਜ਼' ਵਲੋਂ ਜਲਦੀ ਹੀ ਸੰਤ ਰਾਮ ਉਦਾਸੀ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਜਿਸ ਵਿਚ ਸੰਤ ਰਾਮ ਉਦਾਸੀ ਦੇ ਜੀਵਨ ਬਾਰੇ ਵਿਸ਼ੇਸ਼ ਲੇਖ, ਕਵਿਤਾਵਾਂ ਆਦਿ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ। ਸੋ ਆਪ ਨੂੰ ਬੇਨਤੀ ਕਰਦੇ ਹਾਂ ਕਿ ਆਪ ਜਲਦੀ ਹੀ ਉਨ੍ਹਾਂ ਦੇ ਜੀਵਨ ਬਾਰੇ ਛਪਣਯੋਗ ਸਮੱਗਰੀ ਭੇਜਣ ਦੀ ਕ੍ਰਿਪਾਲਤਾ ਕਰੋ।

**HARBANS SINGH**
**416-817-7142**
Email: ppapmg@gmail.com
Website: www.ppapmg.com


Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com


Paul Dosanjh
Sales Representative





Kulwant Singh Pannu
Sales Representative
416.276.1566
k.pannu@hotmail.com
AIR MILES
Century 21
Century 21 Green Realty Inc., Brokerage
REALTOR
Bus: 905.565.9565
Fax: 905.565.9522
24 Hour Pager Service
151 Superior Blvd. Unit 19-21
Mississauga ON L5T 1L2
MLS
Buy Green, Build Green...Save Environment!!!
Each office is independently owned and operated. Trademarks of AIRMILES International Trading B.V. used under license by Loyalty Management Group Canada Inc. and Century 21 Canada Ltd. Partnership




RE-ELECT
On October 27th, 2014
Vicky Dhillon
City Councillor
Wards 9 & 10
City of Brampton
Tel: 416 936 1000
www.vickydhillon.com





RE-ELECT
Vicky Dhillon
Champion on keeping the City safe against DRUGS and CRIMINALS
APPROVED The hiring of INTEGRITY commissioner.
APPROVED 60 Million dollars for Revitalization of Peel Memorial HOSPITAL.
APPROVED the building of additional SPORTS fields and LIBRARY.
OPPOSED The building of TOWNHOUSES on COMMERCIAL land.
E-mail: re-electvicky@rogers.com
@vickydhillon10



"Building a safer and stronger community together"

Velocity Colission

Complete truck - auto body repair & electrical centre

Tel: 905.673.7878
Fax: 905.673.7876
Cell: 416.817.5760

7120 Tranmere Drive
Mississauga, ON L5S 1L9





Varun Mehra
Sales Representative

cell: 416.833.2162
email: varun.m.mehra@gmail.com
web: www.properties2profit.com

Century 21 Millennium Inc. Brokerage*

Commercial
Residential
Investment properties

We fulfill your dreams!





Home Life/Superstars
Real Estate Ltd., Brokerage
Each office is independently owned & operated

*Residential *Commercial
*Investment *Condominium

Cell : 416-274-1146
Email : sliddar@hotmail.com
*Office : 905-792-7800 *Fax : 905-792-9092

Sukdev Singh Liddar

*2555 Steeles Ave E. Unit 11 *Brampton *ON*L6T4L6





CHERA IMMIGRATION CONSULTANCY SERVICES

22 Years of Service

Specializing in:

- Appeals
- H&C Cases
- PRRA Appeals
- Sponsorships
- Refugee Claims
- Admissibility Hearings
- Super Visa / Affidavits/ Declarations
- Skilled Workers
- Citizenship Matters
- Work/Study Permits

WE PROVIDE ALL IMMIGRATION AND CITIZENSHIP SERVICES.

Sardara Singh Chera
B.A., M.A.
Former Member (Commissioner) Of The Immigration And Refugee Board Of Canada
Commissioner Of Oath
Regulated Canadian Immigration Consultant

Tel: 905-461-9885
sschera@rogers.com

2355 Derry Rd. E. Unit # 35 Skyport Corporate Centre Mississauga, ON. L5S 1V6





Rush Lube Inc.

Complete Truck Repairs & Truck Wash with Drive Thru Truck Services

Jaskaranjit Singh (Jas)

TEL: 905 - 453 - 6344
FAX: 905 - 456 - 2065
EMAIL: rushlube@hotmail.com

32 Rutherford Road South
Brampton, ON, L6W 3J1





Brampton Crematorium & Visitation Centre Inc.

Brampton
Crematorium & Visitation Centre
www.BcVc.info
30 Bramwin Court, Brampton, ON, L6T 5A9

* ਸਾਰੀ ਰਸਮ ਇੱਕੋ ਛੱਤ ਹੇਠ ਹੋਵੇਗੀ
* ਤਜਰਬੇਕਾਰ ਅਤੇ ਪੇਸ਼ਾਵਰ ਫਿਊਨਰਲ ਡਾਇਰੈਕਟਰ
* 27 ਹਜ਼ਾਰ ਸੁਕੇਅਰ ਫੁੱਟ
* 5 ਵਿਜ਼ੀਟੇਸ਼ਨ ਹਾਲ
* ਵੈਕੁਮ ਸੁਵਿਧਾਵਾਂ

ਫਿਊਨਰਲ ਹੋਮ

24/7 Service Available

Inderjit S. Bal
416-666-7655

Tel: 905-458-2222





WE GETTHINGS DONE

Metro Immiaration
(Division of Metro Legal & Immigration Inc.)

*Family Sponsorship *Spousal *Super Visa *Visitor Visa
*Skilled Workers *Investors *PNP *Nannies *Business
Applicants *Student Visa *Work Permits (LMO) *Appeals

Head Office : 2355 Derry Rd. E *#12 Miss. *ON *L551V6
*905-673-1200 *1-800-694-133 India Office : 98148-66633
*Brampotn : 905-794-6003 *Toronto : 416-840-7554
*info@metroimmigration.com
*www.metroimmigration.com *www.metroimmigration.org

Suresh Gupta
Certified Immigration Practitioner (RCIC)

ਨਵੇਂ ਸਮਾਜ ਦਾ ਹੋਕਾ ਦੇ ਗਿਆ

# ਗੁਰਸ਼ਰਨ ਭਾਅ ਜੀ ਦੀ ਯਾਦ 'ਚ ਰਾਤ ਭਰ ਦਾ ਨਾਟਕ ਮੇਲਾ







**ਅਮੋਲਕ ਸਿੰਘ**

ਬਰਨਾਲਾ : ਪੰਜਾਬੀ ਰੰਗ ਮੰਚ ਦੇ ਸ਼੍ਰੋਮਣੀ ਨਾਟਕਕਾਰ ਗੁਰਸ਼ਰਨ ਸਿੰਘ ਦੀ ਯਾਦ 'ਚ ਸਥਾਨਕ ਦਾਣਾ ਮੰਡੀ 'ਚ ਮਨਾਏ ਇਨਕਲਾਬੀ ਰੰਗ ਮੰਚ ਦੇ ਦਿਹਾੜੇ ਮੌਕੇ ਸਾਰੀ ਰਾਤ ਹੋਇਆ ਸੂਬਾਈ ਨਾਟਕ ਮੇਲਾ, ਲੋਕਾਂ ਦੇ ਉਮੜੇ ਸ਼ੈਲਾਬ ਦੇ ਮਨਾਂ 'ਤੇ ਅਮਿੱਟ ਛਾਪ ਛੱਡ ਗਿਆ।

ਗੁਰਸ਼ਰਨ ਭਾਅ ਜੀ ਦੇ ਹੱਥੀਂ ਕੋਈ ਤਿੰਨ ਦਹਾਕੇ ਪਹਿਲਾਂ ਲਾਏ ਬੂਟੇ, ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਵੱਲੋਂ ਆਪਣੀਆਂ ਸੰਗੀ-ਸਾਥੀ ਸਾਹਿਤਕ/ ਸਭਿਆਚਾਰਕ ਸੰਸਥਾਵਾਂ ਅਤੇ ਜਨਤਕ ਜਥੇਬੰਦੀਆਂ ਦੇ ਸਹਿਯੋਗ ਨਾਲ ਲਗਾਏ ਇਸ ਨਾਟਕ ਮੇਲੇ 'ਚ ਚੋਟੀ ਦੇ ਬੁੱਧੀਜੀਵੀ, ਰੰਗ ਕਰਮੀ, ਲੇਖਕ, ਸਾਹਿਤਕਾਰ, ਮਜ਼ਦੂਰ, ਕਿਸਾਨ, ਵਿਦਿਆਰਥੀ, ਨੌਜਵਾਨ ਅਤੇ ਵਿਸ਼ੇਸ਼ ਕਰਕੇ ਔਰਤਾਂ ਨੇ ਵੱਡੀ ਗਿਣਤੀ 'ਚ ਸ਼ਮੂਲੀਅਤ ਕੀਤੀ।

ਦਾਣਾ ਮੰਡੀ ਨੂੰ ਝੰਡਿਆਂ, ਮਾਟੋਆਂ ਅਤੇ ਬੈਨਰਾਂ ਨਾਲ ਸਜਾਇਆ ਗਿਆ। ਨਾਟਕ ਮੇਲੇ 'ਚ ਵਿਸ਼ਾਲ ਗਿਣਤੀ ਵਿੱਚ ਲੱਗੀਆਂ ਪੁਸਤਕ ਸਟਾਲਾਂ ਆਪਣੇ ਆਪ 'ਚ ਮੇਲੇ 'ਚ ਇੱਕ ਹੋਰ ਪੁਸਤਕ ਮੇਲੇ ਦਾ ਪ੍ਰਭਾਵ ਸਿਰਜ ਰਹੀਆਂ ਸਨ।

ਨਾਟਕ ਮੇਲਾ ਕਾਮਾਗਾਟਾ ਮਾਰੂ ਬਜ ਬਜ ਘਾਟ ਦੇ ਸਾਕੇ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਿਤ ਕੀਤਾ ਗਿਆ।

ਜ਼ਿਕਰਯੋਗ ਹੈ ਕਿ 27 ਸਤੰਬਰ 2011 ਨੂੰ ਇਸ ਰਾਤ ਗੁਰਸ਼ਰਨ ਸਿੰਘ ਦਾ ਵਿਛੋੜਾ ਹੋਇਆ ਇਸ ਰਾਤ ਨੂੰ ਭਗਤ ਸਿੰਘ ਦਾ ਜਨਮ ਹੋਇਆ। ਕਾਮਾਗਾਟਾ ਮਾਰੂ, ਭਗਤ ਸਿੰਘ ਅਤੇ ਗੁਰਸ਼ਰਨ ਸਿੰਘ ਤਿੰਨੇ ਇਤਿਹਾਸਕ ਘਟਨਾਵਾਂ ਦੀ ਅਭੁੱਲ ਦੇਣ ਨੂੰ ਕਲਾਵੇ 'ਚ ਲੈਂਦੇ ਮੇਲੇ ਦੇ ਰੰਗ ਡੁੱਲ੍ਹ-ਡੁੱਲ੍ਹ ਪੈ ਰਹੇ ਸਨ।

ਗੁਰਸ਼ਰਨ ਸਿੰਘ ਅਤੇ ਸ਼ਹੀਦ ਭਗਤ ਸਿੰਘ ਦੀਆਂ ਦਿਓ-ਕੱਦ ਤਸਵੀਰਾਂ ਨੂੰ ਗੁਰਸ਼ਰਨ ਸਿੰਘ ਦੀ ਜੀਵਨ ਸਾਥਣ ਕੈਲਾਸ਼ ਕੌਰ, ਬੇਟੀਆਂ ਡਾ. ਨਵਸ਼ਰਨ, ਡਾ. ਅਰੀਤ, ਡਾ. ਅਤੁਲ, ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ, ਜਨਰਲ ਸਕੱਤਰ ਕੰਵਲਜੀਤ ਖੰਨਾ ਦੀ ਅਗਵਾਈ ਦੇ ਸੂਬਾ ਕਮੇਟੀ, ਪ੍ਰੋ. ਅਜਮੇਰ ਸਿੰਘ ਔਲਖ, ਓਮ ਪ੍ਰਕਾਸ਼ ਗਾਸੋ ਸਮੇਤ ਪੰਜਾਬ ਦੀਆਂ ਦਰਜਨਾਂ ਨਾਟਕ ਅਤੇ ਸੰਗੀਤ ਮੰਡਲੀਆਂ ਦੀ ਨਿਰਦੇਸ਼ਕਾਂ, ਰੰਗ ਕਰਮੀਆਂ, ਗੀਤਕਾਰਾਂ, ਸੰਗੀਤਕਾਰਾਂ ਅਤੇ ਗਾਇਕ ਕਲਾਕਾਰਾਂ ਤੋਂ ਇਲਾਵਾ ਕੋਈ ਚਾਰ ਦਰਜਣ ਤੋਂ ਵੱਧ ਜਨਤਕ ਜਥੇਬੰਦੀਆਂ ਦੇ ਆਗੂਆਂ ਨੇ ਆਪਣੇ ਹੱਥਾਂ ਚ ਬਲਦੇ ਚਿਰਾਗ ਲੈ ਕੇ ਫੁੱਲ-ਮਾਲਾਵਾਂ ਨਾਲ ਸ਼ਰਧਾਂਜ਼ਲੀ ਅਰਪਿਤ ਕੀਤੀ।

ਇਸ ਮੌਕੇ ਪੰਜਾਬ ਲੋਕ ਸੱਭਿਆਚਾਰਕ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਨੇ ਗ਼ਦਰੀ ਦੇਸ਼ ਭਗਤਾਂ, ਸ਼ਹੀਦ ਭਗਤ ਸਿੰਘ ਅਤੇ ਗੁਰਸ਼ਰਨ ਸਿੰਘ ਦੀਆਂ ਪਾਈਆਂ ਪੈੜਾਂ 'ਤੇ ਅੱਗੇ ਵਧਦਿਆਂ, ਉਹਨਾਂ ਦੇ ਸੁਪਨਿਆਂ ਦੀ ਆਜ਼ਾਦੀ, ਬਰਾਬਰੀ ਅਤੇ ਲੋਕਾਂ ਦੀ ਪੁੱਗਤ ਵਾਲੇ ਨਵੇਂ ਸਮਾਜ ਦੀ ਸਿਰਜਣਾ ਲਈ ਲੋਕ-ਸੰਗਰਾਮ ਜਾਰੀ ਰੱਖਣ ਦਾ ਅਹਿਦ ਅੱਗੇ ਅੱਗੇ ਪੜ੍ਹਿਆ ਅਤੇ ਖਚਾ-ਖਚ ਭਰੇ ਪੰਡਾਲ ਨੇ ਖੜ੍ਹੇ ਹੋ ਕੇ ਪਿੱਛੇ-ਪਿੱਛੇ ਬੁਲੰਦ ਆਵਾਜ਼ 'ਚ ਬੋਲਿਆ। ਸਮਾਗਮ ਦੀ ਇਸ ਮਹੱਤਵਪੂਰਣ ਅਤੇ ਮੁੱਲਵਾਨ ਕੜੀ ਦਾ ਮਰਦਾਂ-ਔਰਤਾਂ ਨੇ ਆਕਾਸ਼ ਗੂੰਜਾਊ ਨਾਅਰਿਆਂ ਨਾਲ ਹੁੰਗਾਰਾ ਭਰਿਆ।

ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਗੁਰਸ਼ਰਨ ਭਾਅ ਜੀ ਭਾਵੇਂ ਜਿਸਮਾਨੀ ਤੌਰ 'ਤੇ ਵਿੱਛੜ ਗਏ ਪਰ ਉਹਨਾਂ ਦੀ ਪ੍ਰਤੀਬੱਧਤਾ ਅਤੇ ਨਿਹਚਾ ਦੇ ਰੰਗ 'ਚ ਰੰਗਿਆਂ, ਲੋਕਾਂ ਦੇ ਸਰੋਕਾਰਾਂ ਅਤੇ ਮੁਕਤੀ ਨੂੰ ਪਰਨਾਇਆ ਇਨਕਲਾਬੀ ਰੰਗ ਮੰਚ ਉਹਨਾਂ ਦੀ ਅਮੀਰ ਵਿਰਾਸਤ ਨੂੰ ਅੱਗੇ ਤੋਰਨ ਲਈ ਸਦਾ ਸੰਘਰਸ਼ਸ਼ੀਲ ਰਹੇਗਾ। ਅਮੋਲਕ ਸਿੰਘ ਨੇ ਕਿਹਾ ਕਿ ਚੋਟੀ ਦੇ ਕਵੀ ਵਰਵਰਾ ਰਾਓ, ਜਤਿਨ ਮਰਾਂਡੀ, ਕਬੀਰ ਕਲਾ ਮੰਚ ਅਤੇ ਬਾਲ ਕਲਾ ਮੰਚ ਛਤੀਸਗੜ੍ਹ ਦੀ ਗ੍ਰਿਫਤਾਰੀ ਸਮੂਹ ਜਮਹੂਰੀ ਸ਼ਕਤੀਆਂ ਲਈ ਤਿੱਖੀ ਚਣੌਤੀ ਹੈ।

ਗੁਰਸ਼ਰਨ ਭਾਅ ਜੀ ਦੀ ਧੀ ਡਾ. ਨਵਸ਼ਰਨ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁਲਕ ਦੇ ਸਿਰ ਦਰਪੇਸ਼ ਤਿੱਖੀਆਂ ਚੁਣੌਤੀਆਂ ਖਾਸ ਕਰਕੇ ਔਰਤ ਵਰਗ ਦੀ ਤਰਾਸਦੀ ਨੂੰ ਮੁਖ਼ਾਤਬ ਸਾਡੇ ਪਿਤਾ ਦੇ ਰੰਗ ਮੰਚ ਦਾ ਭਵਿੱਖ ਰੌਸ਼ਨ ਹੈ।

ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਦੇ ਜਨਰਲ ਸਕੱਤਰ ਡਾ. ਰਘਬੀਰ ਕੌਰ ਨੇ ਕਿਹਾ ਕਿ ਕਾਮਾਗਾਟਾ ਮਾਰੂ ਦੀ ਸ਼ਤਾਬਦੀ ਨੂੰ ਸਮਰਪਤ ਗੁਰਸ਼ਰਨ ਸਿੰਘ ਯਾਦਗਾਰੀ ਨਾਟਕ ਮੇਲਾ ਪੰਜਾਬ ਦੇ ਇਤਿਹਾਸ ਵਿੱਚ ਸਿਰਮੌਰ ਸਥਾਨ ਹਾਸਲ ਕਰ ਗਿਆ ਹੈ। ਉਹਨਾਂ ਕਿਹਾ ਇਹ ਮੇਲਾ ਖਾਸ ਕਰਕੇ ਨੌਜਵਾਨ ਪੀੜ੍ਹੀ ਨੂੰ ਇਨਕਲਾਬੀ ਚੇਤਨਾ ਦਾ ਜਾਗ ਲਾਏਗਾ।

ਨਾਟਕਾਂ ਭਰੀ ਰਾਤ 'ਚ ਯੁਵਾ ਥੀਏਟਰ ਜਲੰਧਰ ਡਾ. ਅੰਕੁਰ ਸ਼ਰਮਾ (ਜਿੱਥੇ ਕਵਿਤਾ ਖ਼ਤਮ ਹੁੰਦੀ ਹੈ) ਸੁਚੇਤਕ ਰੰਗ ਮੰਚ ਮੁਹਾਲੀ, ਅਨੀਤਾ ਸ਼ਬਨੀਸ਼ (ਇੱਕੋ ਮਿੱਟੀ ਦੇ ਪੁੱਤ), ਪੀਪਲਜ ਥੀਏਟਰ ਸੈਮੂਅਲ ਜੌਨ (ਆ ਜਾਓ ਦੇਈਏ ਹੋਕਾ) ਅਤੇ ਲੋਕ ਰੰਗ ਮੰਚ, ਚੰਨ ਚਮਕੌਰ ਅਤੇ ਨਿਰਮਲ ਧਾਲੀਵਾਲ (ਗਾਥਾ-ਏ-ਗ਼ਦਰ) ਨਾਟਕ ਖੇਡੇ ਜਾਣਗੇ।



ਅਮੋਲਕ ਸਿੰਘ ਦੀ ਕਲਮ ਤੋਂ ਲਿਖਿਆ ਸੰਗੀਤ ਨਾਟ 'ਇੱਕ ਰਾਤ ਦੋ ਸੂਰਜ' ਚੇਤਨਾ ਕਲਾ ਕੇਂਦਰ ਬਰਨਾਲਾ (ਨਿਰਦੇਸ਼ਕ ਹਰਵਿੰਦਰ ਦੀਵਾਨਾ) ਵੱਲੋਂ ਗੁਰਸ਼ਰਨ ਸਿੰਘ ਅਤੇ ਸ਼ਹੀਦ ਭਗਤ ਸਿੰਘ ਦੀ ਇਕ ਰਾਤ ਦੀ ਕਹਾਣੀ ਪੇਸ਼ ਕੀਤੀ ਗਈ।

ਮਾਸਟਰ ਰਾਮ ਕੁਮਾਰ ਭਦੌੜ, ਸਵਰਨ ਰਸੂਲਪੁਰੀ, ਜਗਸੀਰ ਜੀਦਾ, ਇਕਬਾਲ ਉਦਾਸੀ ਅਤੇ ਅੰਮ੍ਰਿਤਪਾਲ ਬਠਿੰਡਾ ਨੇ ਗੀਤ-ਸੰਗੀਤ ਨਾਲ ਸਰੋਤਿਆਂ ਨੂੰ ਕੀਲ ਲਿਆ।


ਨਾਟਕ ਮੇਲੇ ਦਾ ਮੰਚ ਸੰਚਾਲਨ ਪਲਸ ਮੰਚ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕੀਤਾ। ਉਨ੍ਹਾਂ ਸਮੂਹ ਜੰਥੇਬੰਦੀਆਂ ਅਤੇ ਲੋਕਾਂ ਦਾ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਵਿੱਚ ਸਹਿਯੋਗ ਲਈ ਧੰਨਵਾਦ ਕੀਤਾ।





# ਸਰਮਾਏਦਾਰੀ ਦਾ ਸੰਕਟ ਅਤੇ 'ਸੁਪਰ ਹੀਰੋ' ਤੇ 'ਐਂਗਰੀ ਯੰਗ ਮੈਨ' ਦੀ ਵਾਪਸੀ

**ਅਭਿਨਵ**




ਪਿਛਲੇ ਲਗਪਗ ਇੱਕ ਦਹਾਕੇ ਦੀਆਂ ਭਾਰਤੀ ਫਿਲਮਾਂ 'ਤੇ ਨਜ਼ਰ ਮਾਰੀਏ ਤਾਂ ਇੱਕ ਗੱਲ ਖ਼ਾਸ ਤੌਰ 'ਤੇ ਸਾਡਾ ਧਿਆਨ ਖਿੱਚਦੀ ਹੈ: 'ਐਂਗਰੀ ਯੰਗ ਮੈਨ' ਅਤੇ 'ਸੁਪਰ ਹੀਰੋ' ਦੀ ਵਾਪਸੀ! 2006-07 ਤੋਂ ਬਾਅਦ ਜੋ ਫਿਲਮਾਂ ਸਭ ਤੋਂ ਹਿੱਟ ਸਿੱਧ ਹੋਈਆਂ ਹਨ ਉਹਨਾਂ ਵਿੱਚ 'ਗਜਨੀ', 'ਦਬੰਗ', 'ਵਾਨਟੇਡ', 'ਰੈਡੀ', 'ਰਾਊਡੀ ਰਾਠੌਰ', 'ਸਿੰਘਮ', 'ਦਬੰਗ-2' ਆਦਿ ਨੇ ਸਭ ਤੋਂ ਵੱਧ ਕਮਾਈ ਕੀਤੀ ਹੈ। ਇਹਨਾਂ ਫਿਲਮਾਂ ਵਿੱਚ ਜੋ ਗੱਲ ਖ਼ਾਸ ਹੈ ਉਹ ਇੱਕ ਛੋਟ ਵਜੋਂ ਤਾਕਤਵਰ ਨਾਇਕ ਦੀ ਮੌਜੂਦਗੀ ਹੈ ਜੋ ਕਿ ਇਕੱਲਾ ਆਪਣੇ ਜ਼ੋਰ ਨਾਲ਼ ਕਈ ਖ਼ਤਰਨਾਕ ਖਲਨਾਇਕਾਂ ਨਾਲ਼ ਟਕਰਾਉਂਦਾ ਹੈ ਅਤੇ ਉਹਨਾਂ ਨੂੰ ਹਰਾ ਦਿੰਦਾ ਹੈ। ਹੁਣ ਆਮ ਅਖ਼ਬਾਰੀ ਫਿਲਮ ਅਲੋਚਕਾਂ ਦਾ ਵੀ ਇਸ ਗੱਲ 'ਤੇ ਧਿਆਨ ਜਾ ਚੁੱਕਾ ਹੈ ਕਿ ਇਹ ਫਿਲਮਾਂ ਕੋਈ ਖਿੰਡੀ-ਖੱਪਰੀਆਂ ਉਦਾਹਰਨਾਂ ਨਹੀਂ ਹਨ, ਸਗੋਂ ਭਾਰਤੀ ਸਿਨੇਮਾ ਵਿੱਚ ਇੱਕ ਪ੍ਰਵਿਤੀ ਜਾਂ ਰੁਝਾਨ ਦਾ ਅੰਗ ਹਨ। ਅਸੀਂ ਭਾਰਤੀ ਸਿਨੇਮਾ ਇਸ ਲਈ ਕਹਿ ਰਹੇ ਹਾਂ ਕਿਉਂਕਿ ਬਾਲੀਵੁੱਡ ਤੋਂ ਬਿਨ੍ਹਾਂ ਤੇਲਗੂ, ਤਾਮਿਲ, ਮਲਿਆਲਮ, ਕੰਨੜ, ਬੰਗਲਾ, ਮਰਾਠੀ ਅਤੇ ਇੱਥੋਂ ਤੱਕ ਕਿ ਭੋਜਪੁਰੀ ਫਿਲਮ ਸੰਸਾਰ ਵਿੱਚ ਅਜਿਹੀਆਂ ਫਿਲਮਾਂ ਲਗਾਤਾਰ ਬਣ ਰਹੀਆਂ ਹਨ। ਅਸਲ ਵਿੱਚ ਕਈ ਅਜਿਹੀਆਂ ਹਿੰਦੀ ਫਿਲਮਾਂ ਤਾਮਿਲ, ਤੇਲਗੂ ਤੇ ਕੰਨੜ ਫਿਲਮਾਂ ਦੀ 'ਰੀਮੇਕ' ਹਨ। ਇਹ ਰੁਝਾਨ ਅਸਲ ਵਿੱਚ ਭਾਰਤੀ ਨਹੀਂ ਹੈ ਸਗੋਂ ਹਾਲੀਵੁੱਡ ਵਿੱਚ ਵੀ ਦੇਖਿਆ ਜਾ ਸਕਦਾ ਹੈ। 2005-06 ਤੋਂ ਬਾਅਦ ਹਾਲੀਵੁੱਡ ਵਿੱਚ ਵੀ ਲਗਾਤਾਰ 'ਸੁਪਰ ਹੀਰੋ' ਵਾਲੀਆਂ ਫਿਲਮਾਂ ਬਣ ਰਹੀਆਂ ਹਨ। ਅਜਿਹੇ ਵੇਲ਼ੇ ਸੋਚਣ ਦਾ ਵਿਸ਼ਾ ਹੈ ਕਿ ਸੰਸਾਰ ਭਰ ਵਿੱਚ ਫਿਲਮਾਂ (ਨਾਲ਼ ਹੀ ਪੌਪ ਕਲਚਰ ਦੇ ਹੋਰਨਾਂ ਮਾਧਿਅਮਾਂ ਜਿਵੇਂ ਕਿ ਕਾਮਿਕਸ, ਗ੍ਰਾਫਿਕ ਨਾਵਲ ਆਦਿ) ਵਿੱਚ ਇਹ ਰੁਝਾਨ ਕਿਉਂ ਪੈਦਾ ਹੋਇਆ ਹੈ? ਇਸਦੇ ਲਈ ਫਿਲਮੀ ਸੰਸਾਰ ਦੇ ਇੱਕ ਇਤਿਹਾਸਕ ਵਿਸ਼ਲੇਸ਼ਣ ਦੀ ਲੋੜ ਹੈ। ਜਿਵੇਂ ਕਿ ਜਾਂ ਲੁਕ-ਕੋਮੋਲੀ ਅਤੇ ਜਾਂ ਨਾਰਬੋਨੀ ਨੇ ਲਿਖਿਆ ਹੈ, ਕਿਉਂਕਿ ਹਰ ਫਿਲਮ ਪੂਰੀ ਆਰਥਿਕ ਪ੍ਰਣਾਲੀ ਦਾ ਅੰਗ ਹੁੰਦੀ ਹੈ ਇਸ ਲਈ ਉਹ ਉਸ ਵਿਚਾਰਧਾਰਕ ਪ੍ਰਣਾਲੀ ਦਾ ਵੀ ਅੰਗ ਹੁੰਦੀ ਹੈ-ਕਿਉਂਕਿ 'ਸਿਨੇਮਾ' ਤੇ 'ਕਲਾ' ਵੀ ਵਿਚਾਰਧਾਰਾ ਦੀਆਂ ਹੀ ਸ਼ਾਖਾਵਾਂ ਹੁੰਦੀਆਂ ਹਨ।(ਜਾਂ ਲੁਕ ਕੋਮੋਲੀ, ਜਾਂ ਨਾਰਬੋਨੀ, ਸਿਨੇਮਾ/ਆਇਡੀਔਲੋਜੀ/ਕ੍ਰਿਟੀਸਿਜ਼ਮ, ਸਕ੍ਰੀਨ, ਸਪਿੰਗ 71, ਭਾਗ-12, ਅੰਕ-1, ਪੰਨਾ-27)

ਭਾਰਤੀ ਸਿਨੇਮੇ ਦੇ ਅੱਜ ਦੇ 'ਐਂਗਰੀ ਯੰਗ ਮੈਨ' ਤੇ 'ਸੁਪਰ ਹੀਰੋ' ਅਤੇ ਪਹਿਲਾਂ ਆ ਚੁੱਕੇ 'ਐਂਗਰੀ ਯੰਗ ਮੈਨ' ਤੇ ਸੁਪਰਹੀਰੋ ਵਿੱਚ ਬਹੁਤ ਫ਼ਰਕ ਹੈ। ਵੈਸੇ ਵੀ ਇਤਿਹਾਸ ਕਲਾ ਦੇ ਖੇਤਰ ਵਿੱਚ ਵੀ ਆਪਣੇ ਆਪ ਨੂੰ ਹੂ-ਬ-ਹੂ ਨਹੀਂ ਦੁਹਰਾਉਂਦਾ ਸਗੋਂ ਕੁੰਡਲਦਾਰ ਵਿਕਾਸ ਕਰਦੇ ਹੋਏ ਇੱਕ ਨਵੇਂ ਪੱਧਰ 'ਤੇ ਦੁਹਰਾਉਂਦਾ ਹੈ ਜਿਸਨੂੰ ਮਾਰਕਸ ਨੇ ਦੂਜੇ ਸ਼ਬਦਾਂ ਵਿੱਚ ਕਿਹਾ ਸੀ, ਇਤਿਹਾਸ ਵਿੱਚ ਹਰ ਘਟਨਾ ਆਪਣੇ ਆਪ ਨੂੰ ਦੁਹਰਾਉਂਦੀ ਹੈ, ਪਹਿਲੀ ਵਾਰ ਤ੍ਰਾਸਦੀ ਦੇ ਰੂਪ ਵਿੱਚ ਅਤੇ ਦੂਜੀ ਵਾਰ ਮਖੌਲ ਦੇ ਰੂਪ ਵਿੱਚ।ਪਰ ਫਿਰ ਵੀ ਕਿਉਂਕਿ ਤੁਲਨਾਤਮਕ ਅਧਿਐਨ ਨਾਲ਼ ਕਈ ਗੱਲਾਂ ਸਾਫ਼ ਹੁੰਦੀਆਂ ਹਨ ਇਸ ਲਈ ਅਸੀਂ ਭਾਰਤੀ ਸਿਨੇਮੇ ਵਿੱਚ 'ਐਂਗਰੀ ਯੰਗ ਮੈਨ' ਦੇ ਅਵਤਾਰਾਂ ਦੇ ਪ੍ਰਗਟ ਹੋਣ ਦੇ ਵੱਖ-ਵੱਖ ਪਲ਼ਾਂ ਦਾ ਵਿਸ਼ਲੇਸ਼ਣ ਕਰਾਂਗੇ। ਇਸ ਨਾਲ਼ ਅੱਜ ਦੇ 'ਐਂਗਰੀ ਯੰਗ ਮੈਨ' ਅਤੇ ਸੁਪਰਹੀਰੋ ਦਾ ਕਿਰਦਾਰ ਵੀ ਬਹੁਤ ਹੱਦ ਤੱਕ ਉਜਾਗਰ ਹੋਵੇਗਾ। ਨਾਲ਼ ਹੀ ਮਹਾਂਨਾਇਕ ਜਾਂ 'ਐਂਗਰੀ ਯੰਗ ਮੈਨ' ਦੀ ਪੂਰੀ ਧਾਰਨਾ ਦੀਆਂ ਦਾਰਸ਼ਨਿਕ ਬੁਨਿਆਦਾਂ ਦੀ ਵੀ ਖੋਜ-ਪੜਤਾਲ ਕਰਨਾ ਲਾਜ਼ਮੀ ਹੈ ਤਾਂ ਕਿ ਇਸ ਵਰਤਾਰੇ ਦੀਆਂ ਬਰੀਕੀਆਂ ਅਤੇ ਇਸਦੇ ਵਾਰ-ਵਾਰ ਪ੍ਰਗਟ ਹੋਣ ਦੇ ਸੰਦਰਭਾਂ ਨੂੰ ਸਮਝਿਆ ਜਾ ਸਕੇ।

1970 ਵਿੱਚ 'ਜੰਜ਼ੀਰ' ਨਾਲ਼ ਭਾਰਤੀ ਸਿਨਮੇ ਵਿੱਚ ਪਹਿਲਾ 'ਐਂਗਰੀ ਯੰਗ ਮੈਨ' ਅਮਿਤਾਭ ਬਚਨ ਉੱਭਰਿਆ। ਖ਼ੁਦ ਅਮਿਤਾਭ ਬਚਨ ਮੁਤਾਬਿਕ ਸੁਨੀਲ ਦੱਤ ਭਾਰਤੀ ਸਿਨੇਮੇ ਦਾ ਪਹਿਲਾ 'ਐਂਗਰੀ ਯੰਗ ਮੈਨ' ਸੀ। ਇਹ ਗੱਲ ਕੁਝ ਮਾਅਨਿਆਂ ਵਿੱਚ ਸੱਚ ਵੀ ਹੈ। ਪਰ ਸੁਨੀਲ ਦੱਤ ਦਾ 'ਐਂਗਰੀ ਯੰਗ ਮੈਨ' ਦਾ ਐਡੀਸ਼ਨ ਹਾਲੇ ਮੁੱਢਲੇ ਸਰਮਾਏਦਾਰਾ ਸੰਸਾਰ ਜਾਂ ਫਿਰ ਇੱਕ ਅਜਿਹੇ ਸੰਸਾਰ ਦਾ 'ਐਂਗਰੀ ਯੰਗ ਮੈਨ' ਐਡੀਸ਼ਨ ਸੀ ਜੋ ਹਾਲੇ ਤਬਦੀਲੀ ਹੇਠ ਸੀ। 'ਮੇਰੀ ਮਾਂ ਕੇ ਕੰਗਨ ਵਾਪਸ ਕਰ ਦੇ ਲਾਲਾ' ਅਸਲ ਵਿੱਚ ਜਗੀਰਦਾਰੀ ਤੋਂ ਸਰਮਾਏਦਾਰੀ 'ਚ ਤਬਦੀਲੀ ਵੇਲ਼ੇ ਪੈਦਾ ਹੋਏ 'ਐਂਗਰੀ ਯੰਗ ਮੈਨ' ਦਾ ਇੱਕ ਰੂਪ ਸੀ। ਅਮਿਤਾਭ ਬਚਨ ਦਾ 'ਐਂਗਰੀ ਯੰਗ ਮੈਨ' ਸ਼ਹਿਰ ਵਿੱਚ ਆ ਚੁੱਕਿਆ ਹੈ ('ਦੀਵਾਰ', 'ਜੰਜ਼ੀਰ' ਆਦਿ) ਅਤੇ ਉਹ ਅਜ਼ਾਦੀ ਤੋਂ ਬਾਅਦ ਸਰਮਾਏਦਾਰਾ ਪ੍ਰਬੰਧ ਦੇ ਸਭ ਤੋਂ ਨੰਗੇ ਪ੍ਰਗਟਾਵਿਆਂ ਦੇ ਸਾਹਮਣੇ ਇੱਕ 'ਪੈਥੋਲਾਜੀਕਲ' ਰੋਸੇ ਦਾ ਸਹਿਜ ਪ੍ਰਗਟਾਅ ਹੈ। ਸੁਨੀਲ ਦੱਤ ਦਾ 'ਐਂਗਰੀ ਯੰਗ ਮੈਨ' ਬਹੁਤ ਦਿਨਾਂ ਤੱਕ ਜਿਉਂਦਾ ਨਹੀਂ ਰਹਿ ਸਕਦਾ ਸੀ। 1960 ਦੇ ਦਹਾਕੇ ਦੇ ਅੰਤ ਤੱਕ ਅਜਿਹੇ ਮਹਾਂਨਾਇਕ ਦਾ ਅੰਤ ਹੋਣਾ ਹੀ ਸੀ ਕਿਉਂਕਿ 1960 ਦੇ ਦਹਾਕੇ ਦੇ ਅੰਤ ਨਾਲ਼ ਪੁਰਾਣਾ ਭਾਰਤ ਵੀ ਫੈਸਲਾਕੁੰਨ ਤੌਰ 'ਤੇ ਪਿੱਠਭੂਮੀ ਵਿੱਚ ਜਾ ਰਿਹਾ ਸੀ। ਇਸ ਰੂਪ ਵਿੱਚ ਸੁਨੀਲ ਦੱਤ ਦੇ 'ਐਂਗਰੀ ਯੰਗ ਮੈਨ' ਦਾ ਐਡੀਸ਼ਨ ਇੱਕ ਥੋੜ੍ਹ-ਚਿਰਾ ਵਰਤਾਰਾ ਸੀ ਅਤੇ ਅਜਿਹਾ ਹੀ ਹੋ ਸਕਦਾ ਸੀ।

ਅਮਿਤਾਭ ਬਚਨ ਜਿਸ 'ਐਂਗਰੀ ਯੰਗ ਮੈਨ' ਦਾ ਐਡੀਸ਼ਨ ਪੇਸ਼ ਕਰ ਰਿਹਾ ਸੀ ਉਹ ਉੱਭਰਦੇ ਹੋਏ ਸਰਮਾਏਦਾਰਾ ਭਾਰਤ ਦਾ 'ਐਂਗਰੀ ਯੰਗ ਮੈਨ' ਸੀ ਜੋ ਅਜ਼ਾਦੀ ਤੋਂ ਬਾਅਦ ਦਿਖਾਏ ਗਏ ਸੁਪਨਿਆਂ ਦੇ ਟੁੱਟਣ 'ਤੇ ਲੋਕਾਂ ਦੀ ਬੇਚੈਨੀ ਦਾ ਪ੍ਰਗਟਾਅ ਸੀ। 1973 ਵਿੱਚ 'ਜੰਜ਼ੀਰ' ਦੇ ਆਉਣ ਤੋਂ ਬਾਅਦ ਅਮਿਤਾਭ ਬੱਚਨ ਦੀਆਂ ਕਈ ਫਿਲਮਾਂ ਆਈਆਂ ਜਿਸ ਵਿੱਚ ਉਹਨੇ 'ਐਂਗਰੀ ਯੰਗ ਮੈਨ' ਦਾ ਕਿਰਦਾਰ ਨਿਭਾਇਆ। ਇਹਨਾਂ ਵਿੱਚੋਂ ਜ਼ਿਆਦਾਤਰ ਫਿਲਮਾਂ ਬਹੁਤ ਹਿੱਟ ਸਾਬਤ ਹੋਈਆਂ। ਇਹਨਾਂ ਫਿਲਮਾਂ ਦੇ ਹਿੱਟ ਹੋਣ ਦੇ ਨਾਲ਼ ਹੀ ਹੋਰਨਾਂ ਭਾਰਤੀ ਭਾਸ਼ਾਵਾਂ ਵਿੱਚ ਵੀ ਅਜਿਹੀਆਂ ਫਿਲਮਾਂ ਦਾ ਇੱਕ ਵਪਾਰ ਪੈਦਾ ਹੋਇਆ। ਦੱਖਣ ਵਿੱਚ ਰਜਨੀਕਾਂਤ ਅਤੇ ਬੰਗਾਲੀ ਫਿਲਮਾਂ ਵਿੱਚ ਰੰਜੀਤ ਮਲਿਕ ਇਸ ਰੁਝਾਨ ਦੇ ਪ੍ਰਮੁੱਖ ਨੁਮਇੰਦੇ ਸਨ। ਪੂਰੇ ਦੇਸ਼ ਵਿੱਚ ਅਜਿਹੀਆਂ ਫਿਲਮਾਂ ਉਸ ਸਮੇਂ ਬਹੁਤ ਸਫ਼ਲ ਹੋਈਆਂ। ਕਿਸੇ ਵੀ ਵਿਸ਼ੇਸ਼ ਸਮੇਂ ਵਿੱਚ ਜੇਕਰ ਕੁਝ ਖ਼ਾਸ ਕਿਸਮ ਦੀਆਂ ਫਿਲਮਾਂ ਸਫ਼ਲ ਹੁੰਦੀਆਂ ਹਨ ਤਾਂ ਇਹਨਾਂ ਦੇ ਕਾਰਨਾਂ ਨੂੰ ਕੇਵਲ ਕੁਝ ਕਲਾਕਾਰਾਂ ਦੀ ਪ੍ਰਤਿਭਾ ਅਤੇ ਉਹਨਾਂ ਦੇ ਖ਼ੂਬਸੂਰਤ ਹੋਣ ਦੇ ਰੂਪ ਵਿੱਚ ਨਹੀਂ ਪੇਸ਼ ਕੀਤਾ ਜਾ ਸਕਦਾ। ਬਹੁਤ ਸਾਰੇ ਖ਼ੂਬਸੂਰਤ ਅਤੇ ਐਕਟਿੰਗ ਦੀ ਪ੍ਰਤਿਭਾ ਨਾਲ਼ ਭਰਪੂਰ ਕਲਾਕਾਰ ਕਦੇ ਸਫ਼ਲ ਨਹੀਂ ਹੋ ਸਕੇ ਜਦ ਕਿ ਉਹਨਾਂ ਤੋਂ ਘੱਟ ਸੋਹਣੇ ਸਾਰੇ ਕਲਾਕਾਰ ਸਫ਼ਲ ਹੋਏ। ਉਹਨਾਂ ਦੀ ਸਫ਼ਲਤਾ ਅਤੇ ਅਸਫ਼ਲਤਾ ਦੇ ਕਾਰਨਾਂ ਦੀ ਭਾਲ਼ ਸਭ ਤੋਂ ਪਹਿਲਾਂ ਉਸ ਯੁੱਗ ਦੇ ਸਮਾਜਿਕ, ਆਰਥਿਕ ਅਤੇ ਸਿਆਸੀ ਸੰਦਰਭ ਵਿੱਚ ਕੀਤੀ ਜਾਣੀ ਚਾਹੀਦੀ ਹੈ। ਨਿਸ਼ਚਿਤ ਤੌਰ 'ਤੇ ਇਸਦਾ ਇਹ ਮਤਲਬ ਨਹੀਂ ਹੈ ਕਿ ਅਸੀਂ ਕਿਸੇ ਸਫ਼ਲ ਕਲਾਕਾਰ ਦੀ ਸਫ਼ਲਤਾ ਨੂੰ ਕੇਵਲ ਸਮਾਜਿਕ ਸੰਦਰਭ ਤੱਕ ਘਟਾਅ ਰਹੇ ਹਾਂ। ਇਸਦਾ ਅਰਥ ਕੇਵਲ ਇਹ ਹੈ ਕਿ ਸਮਾਜਿਕ, ਸਿਆਸੀ, ਸੱਭਿਆਚਾਰਕ ਤੇ ਆਰਥਿਕ ਸੰਦਰਭਾਂ ਦੇ ਅਨੁਕੂਲ ਹੋਣ 'ਤੇ ਹੀ ਨਿੱਜੀ ਪ੍ਰਤਿਭਾਵਾਂ ਦੇ ਪੈਦਾ ਹੋਣ ਦੀ ਸੰਭਾਵਨਾ ਵੱਧ ਹੁੰਦੀ ਹੈ ਅਤੇ ਇਸ ਰੂਪ ਵਿੱਚ ਕਿਸੇ ਕਲਾਕਾਰ ਦੀ ਪ੍ਰਤਿਭਾ ਵਿੱਚ ਆਪਣੇ ਯੁੱਗ ਦੀ ਨਬਜ਼ 'ਤੇ ਪਕੜ ਹੋਣ ਨੂੰ ਵੀ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ।

1970 ਦੇ ਦਹਾਕੇ ਵਿੱਚ ਫਿਲਮਾਂ ਵਿੱਚ ਇੱਕ ਆਧੁਨਿਕ ਅਤੇ ਸ਼ਹਿਰੀ 'ਐਂਗਰੀ ਯੰਗ ਮੈਨ' ਦੇ ਪੈਦਾ ਹੋਣ ਅਤੇ ਫਿਰ ਜ਼ਬਰਦਸਤ ਢੰਗ ਨਾਲ਼ ਸਫ਼ਲ ਹੋਣ ਦੇ ਕਾਰਨਾਂ ਦੀ ਪੜਤਾਲ ਵੀ 1970 ਦੇ ਦਹਾਕੇ ਦੇ ਪੂਰੇ ਸਮਾਜਿਕ-ਆਰਥਿਕ ਅਤੇ ਸਿਆਸੀ ਸੰਦਰਭਾਂ ਵਿੱਚ ਕੀਤੀ ਜਾਣੀ ਚਾਹੀਦੀ ਹੈ। 1970 ਦਾ ਦਹਾਕਾ ਭਾਰਤੀ ਸਰਮਾਏਦਾਰਾ ਅਰਥਚਾਰੇ ਅਤੇ ਸਿਆਸਤ ਲਈ ਇੱਕ ਅਣਹੋਏ ਸੰਕਟ ਦਾ ਸਮਾਂ ਸੀ। ਅਜ਼ਾਦੀ ਤੋਂ ਠੀਕ ਪਹਿਲਾਂ ਅਤੇ ਤੁਰੰਤ ਬਾਅਦ ਤੇਲੰਗਾਨਾ, ਤੇਲਭਾਗਾ ਅਤੇ ਪੁਨਪੁਰਾ-ਵਾਇਲਾਰ ਦੀਆਂ ਜ਼ਬਰਦਸਤ ਕਿਸਾਨ ਬਗ਼ਾਵਤਾਂ ਨੂੰ ਬਰਬਰਤਾ ਨਾਲ਼ ਕੁਚਲਣ ਤੋਂ ਬਾਅਦ ਭਾਰਤੀ ਸਰਮਾਏਦਾਰਾ ਪ੍ਰਬੰਧ ਦੇ ਸਥਿਰੀਕਰਨ ਦਾ ਦੌਰ ਚੱਲਿਆ ਸੀ ਜਿਸ ਵਿੱਚ ਨਹਿਰੂ ਦੀ ਅਗਵਾਈ ਵਿੱਚ ਭਾਰਤੀ ਸਰਮਾਏਦਾਰਾ ਜਮਾਤ ਨੇ ਸਰਮਾਏਦਾਰਾ ਵਿਕਾਸ ਦਾ ਇੱਕ ਵਿਸ਼ੇਸ਼ ਰਾਹ ਚੁਣਿਆ ਸੀ। ਇਸ ਰਾਹ ਵਿੱਚ ਲੜੀਵਾਰ ਪ੍ਰਕ੍ਰਿਆ ਵਿੱਚ ਲਗਭਗ ਯੁੰਕਰ ਸ਼ੈਲੀ ਦੇ ਜ਼ਮੀਨੀ ਸੁਧਾਰ, ਕੌਮੀ ਬੱਚਤ ਨੂੰ ਸੰਕੇਂਦਰਿਤ ਕਰਕੇ ਸਰਮਾਏਦਾਰਾ ਜਮਾਤ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨਾ, ਢਾਂਚਾਗਤ ਸਨਅਤਾਂ ਦਾ ਵਿਕਾਸ ਅਤੇ ਦਰਾਮਦ ਇਵਜ਼ਾਨੇ ਦੀਆਂ ਨੀਤੀਆਂ ਸ਼ਾਮਲ ਸਨ। ਇਸ ਸਥਿਰੀਕਰਨ ਵਿੱਚ ਹੋਏ ਬਦਲਾਵਾਂ ਨੇ ਭਾਰਤੀ ਸਰਮਾਏਦਾਰੀ ਦੇ ਭਵਿੱਖ ਦੇ ਵਿਕਾਸ ਦੀ ਦਿਸ਼ਾ ਤੈਅ ਕੀਤੀ। ਪਰ ਇਸੇ ਦੌਰ ਵਿੱਚ ਭਾਰਤੀ ਲੋਕਾਂ ਦੇ ਅਜ਼ਾਦੀ ਤੋਂ ਬਾਅਦ ਦੇ ਖ਼ੁਸ਼ਹਾਲੀ ਦੇ, ਸਮਾਜਿਕ-ਆਰਥਿਕ ਸੁਰੱਖਿਆ ਦੇ, ਸਮਾਜਿਕ ਨਿਆਂ ਦੇ ਅਤੇ ਜ਼ਬਰ ਤੋਂ ਮੁਕਤੀ ਦੇ ਸੁਪਨੇ ਹੌਲ਼ੀ-ਹੌਲ਼ੀ ਮਰ ਰਹੇ ਸਨ। ਅਜ਼ਾਦੀ ਦੇ ਸਮੇਂ ਦੀ ਬੇਹੱਦ ਮਾੜੀ ਅਤੇ ਕਮਜ਼ੋਰ ਸਰਮਾਏਦਾਰਾ ਜਮਾਤ ਲੋਕਾਂ ਦੀ ਕਿਰਤ ਦੀ ਕਮਾਈ ਨਾਲ਼ ਖੜ੍ਹੀ ਹੋ ਰਹੀ ਸੀ, ਕਿਰਤੀ ਲੋਕਾਂ ਦੀ ਲੁੱਟ ਨੂੰ ਤੇਜ਼ੀ ਨਾਲ਼ ਸ਼ੁਰੂ ਕਰਨ ਲਈ ਸਰਮਾਇਆ ਸੰਗ੍ਰਹਿ ਅਤੇ ਕਈ ਥਾਵਾਂ 'ਤੇ 'ਮੁੱਢ-ਕਦੀਮੀ' ਸਰਮਾਇਆ ਸੰਗ੍ਰਹਿ ਦੀ ਪ੍ਰਕ੍ਰਿਆ ਚਲਾ ਰਹੀ ਸੀ। ਭਾਰਤੀ ਸਰਮਾਏਦਾਰਾ ਸਿਆਸਤਦਾਨ ਅਜ਼ਾਦੀ ਤੋਂ ਕੁਝ ਸਮੇਂ ਬਾਅਦ ਤੋਂ ਹੀ ਆਪਣੀਆਂ ਸੇਵਾਵਾਂ ਦਾ ਗ਼ੈਰ-ਰਸਮੀ ਲਾਭੰਸ਼ ਸਰਮਾਏਦਾਰ ਜਮਾਤ ਤੋਂ ਵਸੂਲਣ ਲਈ ਘਪਲਿਆਂ-ਘੋਟਾਲ਼ਿਆਂ ਦੇ ਭਾਰਤੀ ਮਹਾਂਕਾਵਿ ਦੀ ਭੂਮਿਕਾ ਲਿਖਣਾ ਸ਼ੁਰੂ ਕਰ ਚੁੱਕੇ ਸਨ। ਪਬਲਿਕ ਸੈਕਟਰ ਦਾ ਜੋ ਵਿਸ਼ਾਲ ਅਤੇ ਭਾਰੀ ਢਾਂਚਾ ਖੜ੍ਹਾ ਕੀਤਾ ਗਿਆ ਸੀ, ਉਸਦੇ ਅੰਦਰ ਟਟਪੂੰਜੀਆ ਅਤੇ ਨਾਲ਼ ਹੀ ਉੱਪਰਲੇ ਪੱਧਰਾਂ ਦਾ ਭ੍ਰਿਸ਼ਟਾਚਾਰ ਲੋਕਾਂ ਦੇ ਸਾਹਮਣੇ ਆਉਣ ਲੱਗਿਆ ਸੀ। ਪੁਲਿਸ ਅਤੇ ਫ਼ੌਜ ਆਮ ਲੋਕਾਂ 'ਤੇ ਜ਼ਬਰ ਦੇ ਮਾਮਲੇ ਵਿੱਚ ਅੰਗਰੇਜ਼ਾਂ ਦੁਆਰਾ ਸਥਾਪਿਤ ਕੀਰਤੀਮਾਨਾਂ ਨਾਲ਼ ਮੁਕਾਬਲਾ ਕਰਨ ਲੱਗੀ ਹੋਈ ਸੀ। ਦੇਸ਼ ਦੇ ਸਾਰੇ ਇਲਾਕਿਆਂ ਵਿੱਚ ਮਜ਼ਦੂਰਾਂ ਅਤੇ ਗ਼ਰੀਬ ਕਿਸਾਨਾਂ ਦੇ ਘੋਲ਼ 'ਤੇ ਨੰਗਾ ਜ਼ਬਰ ਕੀਤਾ ਜਾ ਰਿਹਾ ਸੀ। 1960 ਦੇ ਦਹਾਕੇ ਦੇ ਪਿਛਲੇ ਅੱਧ ਤੋਂ ਇਹ ਪ੍ਰਕ੍ਰਿਆ ਸਹਿਜ ਦਿਖਾਈ ਪੈਣ ਵਾਲ਼ੀ ਪ੍ਰਕ੍ਰਿਆ ਬਣ ਚੁੱਕੀ ਸੀ। ਕਈ ਥਾਵਾਂ 'ਤੇ ਸਰਕਾਰੀ ਖੇਤਰਾਂ ਵਿੱਚ ਕੰਮ ਕਰਨ ਵਾਲ਼ੇ ਮੁਲਾਜ਼ਮਾਂ, ਖ਼ਾਸ ਤੌਰ 'ਤੇ ਰੇਲਵੇ ਮੁਲਾਜ਼ਮਾਂ ਵਿਚਲੀ ਬੇਚੈਨੀ ਵਧ ਰਹੀ ਸੀ। ਇਸ ਤੋਂ ਬਿਨ੍ਹਾਂ ਦੇਸ਼ ਦਾ ਆਮ ਮੱਧਵਰਗ ਬੇਰੁਜ਼ਗਾਰੀ ਅਤੇ ਮਹਿੰਗਾਈ ਦੇ ਬੋਝ ਹੇਠ ਕੱਰਾਹ ਰਿਹਾ ਸੀ ਅਤੇ ਸਰਕਾਰੀ ਭ੍ਰਿਸ਼ਟਾਚਾਰ ਤੇ ਪੁਲਿਸ ਆਦਿ ਦੇ ਜਬਰੀ ਰਵੱਈਏ ਪ੍ਰਤੀ ਉਹਨਾਂ ਵਿੱਚ ਰੋਸ ਸੀ। ਗ਼ਰੀਬ ਦਲਿਤ ਵੱਸੋਂ 'ਤੇ ਜਾਤੀਗਤ ਜ਼ਬਰ ਦੇ ਆਰਥਿਕ-ਸਿਆਸੀ ਢਾਂਚੇ ਵਿੱਚ ਬਦਲਾਅ ਆ ਗਿਆ ਸੀ ਪਰ ਜੇਕਰ ਕੇਵਲ ਮਾਤਰਾ ਦੀ ਗੱਲ ਕਰੀਏ ਤਾਂ ਦਲਿਤ ਜ਼ਬਰ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਸੀ। ਇਹਨਾਂ ਸਾਰੇ ਕਾਰਕਾਂ ਨੇ ਮਿਲ਼ਕੇ ਜੋ ਪ੍ਰਭਾਵ ਪੈਦਾ ਕੀਤਾ ਸੀ ਉਹ ਸੀ ਲੋਕਾਂ ਵਿੱਚ ਸੱਤ੍ਹਾ ਦੇ ਖ਼ਿਲਾਫ਼ ਰੋਸ ਅਤੇ ਬੇਚੈਨੀ।

1960 ਦੇ ਦਹਾਕੇ ਦੇ ਪਿਛਲੇ ਅੱਧ ਵਿੱਚ ਭਾਰਤ ਦੀ ਕਮਿਊਨਿਸਟ ਪਾਰਟੀ ਅਤੇ ਭਾਰਤ ਦੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਸੰਸਦਵਾਦੀ ਅਤੇ ਸੋਧਵਾਦੀ ਕਿਰਦਾਰ ਦੇ ਸਾਹਮਣੇ ਆਉਣ ਨਾਲ਼ ਕਮਿਊਨਿਸਟ ਲਹਿਰ ਵਿੱਚ ਵੀ ਨਵੀਂ ਹਿਲਜੁਲ ਪੈਦਾ ਹੋ ਚੁੱਕੀ ਸੀ ਜੋ ਕਿ 1967 ਦੇ ਨਕਸਲਬਾੜੀ ਵਿਦਰੋਹ ਅਤੇ ਉਸ ਤੋਂ ਬਾਅਦ ਸ਼ੁਰੂ ਹੋਈ ਮਾਰਕਸਵਾਦੀ-ਲੈਨਿਨਵਾਦੀ ਲਹਿਰ ਨਾਲ਼ ਠੋਸ ਰੂਪ ਗ੍ਰਹਿਣ ਕਰਨ ਲੱਗੀ ਸੀ। ਨਕਸਲਬਾੜੀ ਵਿਦਰੋਹ ਅਤੇ ਭਾਰਤ ਦੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਦੇ ਗਠਨ


## ਸੰਪਾਦਕ ਮੰਡਲ (ਆਨਰੇਰੀ)

ਮਾ. ਭਜਨ ਸਿੰਘ ਕੈਲਗਰੀ, ਅਲਬਰਟਾ
403-455-4220
ਹਰਬੰਸ ਸਿੰਘ
416-817-7142
ਦੇਵਿੰਦਰ ਤੂਰ
416-902-9372
ਸੁਖਵਿੰਦਰ ਸਿੰਘ ਢਿੱਲੋਂ
ਜਸਪ੍ਰੀਤ ਧਾਲੀਵਾਲ
ਸੁਖਦੇਵ ਸਿੰਘ ਸੰਧੂ

ਮਾਸਟਰ ਬਲਬੀਰ ਸਿੰਘ ਗਿੱਲ
ਅਵਤਾਰ ਸਿੱਧੂ, ਵਿਨੀਪੈਗ ਮਾਨੀਟੋਬਾ
204-981-3375
ਗੁਰਬਚਨ ਸਿੰਘ ਬਰਾੜ
403-470-2628
ਬਲਜਿੰਦਰ ਸਿੰਘ
ਗ੍ਰਾਫਿਕਸ ਡਿਜ਼ਾਇਨਰ
+91-92167-29598
akashdeep.1064@gmail.com

'ਸਰੋਕਾਰਾਂ ਦੀ ਆਵਾਜ਼' ਅਖ਼ਬਾਰ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ਨੇ ਕੁਝ ਸਮੇਂ ਲਈ ਦੇਸ਼ ਦੇ ਗ਼ਰੀਬ ਕਿਸਾਨਾਂ ਅਤੇ ਦਲਿਤਾਂ ਵਿਚਾਲੇ ਆਸ ਜਗਾਉਣ ਦੇ ਨਾਲ਼ ਹੀ ਮੱਧਵਰਗ ਦੇ ਇੱਕ ਹਿੱਸੇ ਵਿੱਚ ਵੀ ਕੁਝ ਆਸ ਦਾ ਸੰਚਾਰ ਕੀਤਾ ਸੀ ਜਿਸ ਵਿੱਚ ਖਾਸ ਤੌਰ 'ਤੇ ਯੂਨੀਵਰਸਿਟੀਆਂ ਦੇ ਵਿਦਿਆਰਥੀ ਅਤੇ ਮੱਧਵਰਗੀ ਬੁੱਧੀਜੀਵੀ ਪ੍ਰਮੁੱਖ ਸਨ। ਪਰ ਭਾਰਤੀ ਇਨਕਲਾਬ ਦੀ ਕੋਈ ਯੋਗ ਸਮਝ ਅਤੇ ਜਨਤਕ ਲੀਹ ਦੀ ਅਣਹੋਂਦ ਕਾਰਨ ਜਲਦੀ ਹੀ ਇਹ ਲਹਿਰ ਖੱਬੇਪੱਖੀਮਾਅਰਕੇਬਾਜ਼ੀ ਦੇ ਟੋਏ ਵਿੱਚ ਜਾ ਡਿੱਗੀ ਅਤੇ ਲਹਿਰ ਨੂੰ ਇਸਦੀ ਕੀਮਤ ਵੀ ਚੁਕਾਉਣੀ ਪਈ। 1974-75 ਆਉਂਦੇ-ਆਉਂਦੇ ਇਹ ਲਹਿਰ ਫੈਸਲਾਕੁੰਨ ਢੰਗ ਨਾਲ਼ ਕੁਚਲੀ ਜਾ ਚੁੱਕੀ ਸੀ ਅਤੇ ਖਿੰਡਾਅ ਦਾ ਦੌਰ ਸਿਖ਼ਰ 'ਤੇ ਸੀ। ਸੱਚ ਹੈ ਕਿ 1975 ਤੋਂ ਹੀ ਕੁਝ ਮੁੜ-ਜਥੇਬੰਦੀ ਦੇ ਯਤਨ ਵੀ ਸ਼ੁਰੂ ਹੋਏ ਸਨ ਪਰ ਇਸ ਸਮੇਂ ਵਿੱਚ ਵੀ ਵੱਖ-ਵੱਖ ਧੜੇ ਆਮ ਤੌਰ 'ਤੇ ਪ੍ਰੋਗਰਾਮ ਦੇ ਸਵਾਲ 'ਤੇ ਪੁਰਾਣੇ ਚੌਖਟੇ ਤੋਂ ਬਾਹਰ ਨਹੀਂ ਜਾ ਰਹੇ ਸਨ ਅਤੇ ਕੁਝ ਸਿਆਸੀ ਰਫ਼ੂਕਾਰੀ ਨਾਲ਼ ਕੰਮ ਚਲਾਉਣਾ ਚਾਹੁੰਦੇ ਸਨ। ਅੱਗੇ ਇਨਕਲਾਬੀ ਕਮਿਊਨਿਸਟ ਲਹਿਰ ਦਾ ਕੀ ਹੋਇਆ ਇਸ 'ਤੇ ਬਹੁਤ ਵਿਸਥਾਰ 'ਚ ਜਾਣਾ ਇੱਥੇ ਸੰਭਵ ਨਹੀਂ ਹੈ। ਪਰ 1970 ਦੇ ਦਹਾਕੇ ਦੇ ਸ਼ੁਰੂਆਤੀ ਸਾਲਾਂ ਵਿੱਚ ਇਸਦੇ ਕਾਰਨ ਜੋ ਆਸ ਜਾਗੀ ਸੀ ਉਹ ਖ਼ਤਮ ਹੋਣ ਲੱਗੀ ਸੀ। ਇਸੇ ਦੌਰ ਵਿੱਚ ਮਜ਼ਦੂਰਾਂ ਦੀ ਹੜਤਾਲ ਲਹਿਰ ਵੀ ਪੂਰੇ ਦੇਸ਼ ਵਿੱਚ ਜ਼ੋਰਾਂ 'ਤੇ ਸੀ। ਰੇਲਵੇ ਦੀ ਆਮ ਹੜਤਾਲ ਨੇ ਪੂਰੇ ਸਰਮਾਏਦਾਰਾ ਪ੍ਰਬੰਧ ਨੂੰ ਹਿਲਾ ਕੇ ਰੱਖ ਦਿੱਤਾ ਸੀ। ਇਸਦੇ ਬਾਅਦ 1975 ਵਿੱਚ ਐਮਰਜੈਂਸੀ ਲਾਗੂ ਹੋਈ ਅਤੇ ਇਹਨਾਂ ਸਾਰੇ ਘੋਲ਼ਾਂ 'ਤੇ ਇੰਦਰਾ ਗਾਂਧੀ ਦੀ ਸਰਕਾਰ ਨੇ ਠੋਕ ਕੇ ਜ਼ਬਰ ਕੀਤਾ। ਐਮਰਜੈਂਸੀ ਦੇ ਵਿਰੁੱਧ ਲੋਕਾਂ ਦਾ ਗੁੱਸਾ, ਐਮਰਜੈਂਸੀ ਦੇ ਖ਼ਤਮ ਹੋਣ 'ਤੇ ਇੰਦਰਾ ਗਾਂਧੀ ਦੀ ਵੋਟਾਂ ਵਿੱਚ ਹਾਰ ਅਤੇ ਜਨਤਾ ਪਾਰਟੀ ਦੀ ਜਿੱਤ ਦੇ ਰੂਪ ਵਿੱਚ ਨਿਕਲਿਆ। ਜਨਤਾ ਪਾਰਟੀ ਨੇ ਇੱਕ ਨਕਲੀ ਬਦਲ ਪੇਸ਼ ਕਰਕੇ ਲੋਕਾਂ ਦੀ ਬੇਚੈਨੀ ਦੀ ਲਹਿਰ ਨੂੰ ਢਾਂਚੇ ਵਿੱਚ ਫਿੱਟ ਕੀਤਾ ਅਤੇ ਉਸਨੂੰ ਢਾਂਚੇ ਦੀਆਂ ਹੱਦਾਂ ਦੇ ਬਾਹਰ ਜਾਣ ਤੋਂ ਰੋਕਿਆ। ਪਰ ਅਜਿਹੇ ਸਾਰੇ ਯਤਨ ਜਲਦ ਹੀ ਆਪਣੀ ਅਸਲੀਅਤ ਨਾਲ ਸਾਹਮਣੇ ਆਉਣ ਲਗਦੇ ਹਨ ਅਤੇ ਜਨਤਾ ਪਾਰਟੀ ਦੀ ਸਰਕਾਰ ਨਾਲ ਵੀ ਇਹੀ ਹੋਇਆ।

1973 ਵਿੱਚ ਡਾਲਰ-ਸੋਨਾ ਪੈਮਾਨੇ ਦੇ ਟੁੱਟਣ ਨਾਲ਼ ਜੋ ਸੰਸਾਰ ਸਰਮਾਏਦਾਰਾ ਸੰਕਟ ਸ਼ੁਰੂ ਹੋਇਆ (ਜੋ ਕਿ ਥੋੜ੍ਹੇ-ਬਹੁਤ ਉਤਾਰ-ਚੜ੍ਹਾਵਾਂ, ਬੁਲਬੁਲਿਆਂ ਦੇ ਬਣਨ ਤੇ ਟੁੱਟਣ ਅਤੇ ਹਰ ਵਾਰ ਸੰਕਟ ਦੇ ਹੋਰ ਗਹਿਰਾਉਂਦੇ ਜਾਣ ਨਾਲ਼ ਅੱਜ ਵੀ ਜਾਰੀ ਹੈ) ਉਸਦਾ ਪ੍ਰਭਾਵ ਸਾਲ ਦੇ ਅੰਦਰ ਹੀ ਭਾਰਤੀ ਅਰਥਚਾਰੇ 'ਤੇ ਦੇਖਿਆ ਜਾ ਸਕਦਾ ਹੈ। ਪੈਟ੍ਰੋਲੀਅਮ ਪੈਦਾਵਾਰਾਂ ਦੀ ਕੀਮਤ ਵਿੱਚ ਵਾਧੇ ਦੇ ਨਾਲ਼ ਮਹਿੰਗਾਈ ਅਜ਼ਾਦੀ ਤੋਂ ਬਾਅਦ ਦੇ ਆਪਣੇ ਸਭ ਤੋਂ ਉੱਚੇ ਪੱਧਰ 'ਤੇ ਜਾ ਰਹੀ ਸੀ। ਅਤਿ-ਪੈਦਾਵਾਰ ਦੇ ਸੰਕਟ ਦੇ ਕਾਰਨ ਵੀ ਮੰਡੀ ਵਿੱਚ ਮੰਦੀ ਰਫ਼ਤਾਰ ਫੜ ਰਹੀ ਸੀ। ਇਸ ਸਮੁੱਚੇ ਸਮਾਜਿਕ-ਸਿਆਸੀ-ਆਰਥਿਕ ਸੰਕਟ ਅਤੇ ਨਾਲ ਹੀ ਕਾਰਗਰ ਬਦਲਾਂ ਦੀ ਅਣਹੋਂਦ ਕਾਰਨ ਸਮਾਜ ਵਿੱਚ ਜੋ ਬੇਚੈਨੀ ਅਤੇ ਗੁੱਸਾ ਉੱਬਲ ਰਿਹਾ ਸੀ ਉਸਨੂੰ ਅੰਤ ਵਿੱਚ ਕਲਾ ਦੇ ਖੇਤਰ ਵਿੱਚ ਵੀ ਪ੍ਰਗਟਾਅ ਮਿਲਣਾ ਹੀ ਸੀ।

ਇਹ ਕਹਿਣਾ ਕੋਈ ਨਵੀਂ ਗੱਲ ਨਹੀਂ ਹੋਵੇਗੀ ਕਿ ਕਲਾ ਇੱਕ ਸਮਾਜਿਕ ਕੰਮ ਹੁੰਦਾ ਹੈ। ਪਰ ਇਹ ਸਮਾਜਿਕ ਕੰਮ ਕੀ ਹੁੰਦਾ ਹੈ ਇਸ 'ਤੇ ਸ਼ੁਰੂ ਤੋਂ ਹੀ ਬਹਿਸਾਂ ਮੌਜੂਦ ਰਹੀਆਂ ਹਨ। ਕੁਝ ਦਾ ਕਹਿਣਾ ਸੀ ਕਿ ਕਲਾ ਦੀ ਰਚਨਾ ਦਾ 'ਅਬਜੈਕਟ' ਕਲਾ ਦੀ ਰਚਨਾ ਹੀ ਹੈ; ਕਲਾ ਬੰਦੇ ਦੇ ਅੰਦਰੂਨੀ ਮਨੋਭਾਵਾਂ ਦਾ ਪ੍ਰਗਟਾਅ ਹੈ ਅਤੇ ਕਲਾ ਦੀ ਰਚਨਾ ਖ਼ੁਦ ਕਲਾ ਦੀ ਰਚਨਾ ਦਾ ਉਦੇਸ਼ ਹੈ। ਜ਼ਾਹਿਰ ਹੈ ਕਿ 'ਕਲਾ ਕਲਾ ਲਈ' ਵਿੱਚ ਯਕੀਨ ਰੱਖਣ ਵਾਲ਼ਾ ਪੱਖ ਤਾਰਕਿਕ ਤੌਰ 'ਤੇ ਬਹੁਤ ਮਜ਼ਬੂਤ ਹਾਲਤ ਵਿੱਚ ਨਹੀਂ ਸੀ ਅਤੇ ਇਸਦਾ ਅੰਤ ਹੋਣਾ ਹੀ ਸੀ। ਕੁਝ ਹੋਰਾਂ ਮੁਤਾਬਿਕ ਕਲਾ ਦਾ ਕੰਮ ਹੁੰਦਾ ਹੈ ਸਮਾਜ ਦਾ ਜਿਉਂ ਦਾ ਤਿਉਂ ਚਿੱਤਰਣ ਕਰਨਾ। ਭਾਵੇਂ ਕਿ ਕਲਾ ਦੇ ਖੇਤਰ ਦਾ ਹਰ ਗੰਭੀਰ ਪਾਠਕ ਜਾਣਦਾ ਹੈ ਕਿ 'ਜਿਉਂ ਦਾ ਤਿਉਂ ਚਿਤਰਣ' ਇੱਕ ਮਿੱਥ ਹੈ। ਨਿਰੀਖਕ ਜਿਸ ਯਥਾਰਥ ਦੀ ਪੜਤਾਲ ਕਰ ਰਿਹਾ ਹੁੰਦਾ ਹੈ, ਇੱਕ ਤਾਂ ਉਹ ਖ਼ੁਦ ਉਸ ਯਥਾਰਥ ਦਾ ਜੈਵਿਕ ਅੰਗ ਵੀ ਹੁੰਦਾ ਹੈ ਅਤੇ ਦੂਜੀ ਗੱਲ ਇਹ ਹੈ ਕਿ ਉਸ ਯਥਾਰਥ ਨੂੰ ਛੱਡੇ ਅਤੇ ਪ੍ਰਭਾਵਿਤ ਕੀਤੇ ਬਗ਼ੈਰ ਉਹ ਉਸਦਾ ਨਿਰੀਖਣ ਵੀ ਨਹੀਂ ਕਰ ਸਕਦਾ ਹੈ। ਅਸਲ ਵਿੱਚ ਨਿਰੀਖਣ ਦੀ ਪ੍ਰਕ੍ਰਿਆ ਸੱਚਮੁੱਚ ਇੱਕ ਅੰਤਰਕ੍ਰਿਆ ਦੀ ਪ੍ਰਕ੍ਰਿਆ ਦੇ ਰੂਪ ਵਿੱਚ ਹੀ ਸੰਪੰਨ ਹੋ ਸਕਦੀ ਹੈ। ਇਹ ਗੱਲ ਵਿਗਿਆਨ ਦੇ ਖੇਤਰ ਵਿੱਚ ਜਿੰਨੀ ਸੱਚੀ ਹੈ ਓਨੀ ਕਲਾ ਦੇ ਖੇਤਰ ਵਿੱਚ ਵੀ। ਇਸ ਪ੍ਰਕ੍ਰਿਆ ਵਿੱਚ ਨਾ ਤਾਂ ਨਿਰੀਖਕ ਉਹ ਰਹਿ ਜਾਂਦਾ ਹੈ ਅਤੇ ਨਾ ਹੀ ਜਿਸਦਾ ਨਿਰੀਖਣ ਕੀਤਾ ਜਾ ਰਿਹਾ ਹੈ ਪਰ ਇਹਨਾਂ ਦੋਵਾਂ ਦੀਆਂ ਗਤੀਆਂ ਅਤੇ ਤਬਦੀਲੀਆਂ ਦੇ ਦਵੰਦ ਦੇ ਰੂਪ ਵਿੱਚ ਜੋ ਚੀਜ਼ ਹੋਂਦ ਵਿੱਚ ਆਉਂਦੀ ਹੈ ਉਹੀ ਤਾਂ ਯਥਾਰਥ ਹੈ ਅਤੇ ਇਸ ਯਥਾਰਥ ਨੂੰ ਹੀ ਪ੍ਰਗਟਾਉਣਾ ਕਲਾ ਦਾ ਕੰਮ ਹੁੰਦਾ ਹੈ। ਇਸ ਦਵੰਦ ਨੂੰ ਠੀਕ ਢੰਗ ਨਾਲ਼ ਨਾ ਸਮਝਣ ਦੇ ਕਾਰਨ ਕੁਝ ਲੋਕਾਂ ਨੇ ਵਿਗਿਆਨ ਦੇ ਖੇਤਰ ਵਿੱਚ ਅਤੇ ਨਾਲ ਹੀ ਕੁਝ ਲੋਕਾਂ ਨੇ ਕਲਾ ਦੇ ਖੇਤਰ ਵਿੱਚ ਵੀ ਯਥਾਰਥ ਦੇ ਆਪਣੇ ਆਪ ਵਿੱਚ ਮੌਜੂਦ ਹੋਣ 'ਤੇ ਹੀ ਸਵਾਲ ਖੜ੍ਹਾ ਕਰ ਦਿੱਤਾ ਅਤੇ ਕਾਂਤਵਾਦ ਤੇ ਨਵ-ਕਾਂਤਵਾਦ ਦੇ ਨਵੇਂ ਐਡੀਸ਼ਨ ਰਚਣੇ ਸ਼ੁਰੂ ਕਰ ਦਿੱਤੇ। ਪਰ ਇਹਨਾਂ ਧਾਰਾਵਾਂ ਦਾ ਪ੍ਰਚਲਣ ਹੁਣ ਖ਼ਤਮ ਹੋ ਰਿਹਾ ਹੈ। ਹੁਣ ਜੇਕਰ ਕਲਾ ਦਾ ਕੰਮ ਯਥਾਰਥ ਦੀ ਇਸ ਦਵੰਦਾਤਮਕਤਾ ਨੂੰ ਕਲਾਤਮਕ ਤੇ ਸੁਹਜਾਤਮਕ ਪ੍ਰਗਟਾਅ ਦੇਣਾ ਹੈ ਤਾਂ ਇਹ ਕੰਮ ਕਿਵੇਂ ਸੰਪੰਨ ਹੋ ਸਕਦਾ ਹੈ?

ਕਲਾ ਦੇ ਇਸ ਕੰਮ ਨੂੰ ਸੰਪੰਨ ਕਰਨਾ ਉਦੋਂ ਹੀ ਸੰਭਵ ਹੈ ਜਦ ਕਲਾ ਯਥਾਰਥ ਵਿੱਚ ਮੌਜੂਦ ਗ਼ੈਰ-ਹਾਜ਼ਰ ਕਦਰਾਂ/ਤੱਤਾਂ ਦੀ ਪੂਰਤੀ ਕਰੇ। ਕਲਾ ਕੇਵਲ ਯਥਾਰਥ ਦਾ ਚਿੱਤਰਣ ਨਹੀਂ ਹੈ ਸਗੋਂ ਇਹ ਯਥਾਰਥ ਵਿੱਚ ਮੌਜੂਦ 'ਅਣਹੋਂਦ'/'ਗ਼ੈਰ-ਹਾਜ਼ਰੀ' ਨੂੰ ਸੰਬੋਧਿਤ ਹੁੰਦੀ ਹੈ; ਇਹ ਅਣਹੋਂਦ/ਗ਼ੈਰਹਾਜ਼ਰੀ ਯਥਾਰਥ ਵਿੱਚ ਮੌਜੂਦ ਦਵੰਦਾਂ ਦੇ ਕਾਰਨ ਪੈਦਾ ਹੁੰਦੀ ਹੈ ਅਤੇ ਠੋਸ ਸ਼ਬਦਾਂ ਵਿੱਚ ਕਹੀਏ ਤਾਂ ਕਿਸੇ ਵੀ ਇਤਿਹਾਸਕ ਯੁਗ ਵਿੱਚ ਮਨੁੱਖਾਂ ਦੀਆਂ ਚਾਹਾਂ ਜਾਂ ਇੱਛਾਵਾਂ ਜੋ ਕਿ ਸੰਪੂਰਨ ਇਤਿਹਾਸਕ-ਸਿਆਸੀ-ਆਰਥਿਕ-ਸਮਾਜਿਕ ਪਿੱਠਭੂਮੀ ਤੋਂ ਤੈਅ ਹੁੰਦੀਆਂ ਹਨ (ਜਿਹਨਾਂ ਦੀ ਪਹਿਲਾਂ ਕੋਈ ਪੇਸ਼ਕਾਰੀ ਕਰਨਾ 'ਮਨੁੱਖੀ ਸੁਭਾਅ' ਦੇ ਅਣ-ਇਤਿਹਾਸਕ ਸਿਧਾਂਤ ਵੱਲ ਲੈ ਜਾਵੇਗੀ) ਅਤੇ ਯਥਾਰਥ ਵਿਚਲੇ ਅੰਤਰ ਤੋਂ ਇਹ ਅਣਹੋਂਦ/ਗ਼ੈਰਹਾਜ਼ਰੀ ਪੈਦਾ ਹੁੰਦੀ ਹੈ। ਮਨੋਵਿਗਿਆਨੀਆਂ ਦੀ ਭਾਸ਼ਾ ਵਿੱਚ ਕਹੀਏ ਤਾਂ 'ਅਸਲੀ' ਅਤੇ 'ਆਦਰਸ਼' ਵਿਚਲਾ ਫ਼ਰਕ 'ਤਾਂਘਾਂ/ਇੱਛਾਵਾਂ' ਨੂੰ ਜਨਮ ਦਿੰਦਾ ਹੈ, ਬਸ ਮਨੋਵਿਸ਼ਲੇਸ਼ਣ ਦੀ ਗਿਆਨ ਸ਼ਾਖਾ ਕੋਲ ਨਾ ਤਾਂ 'ਅਸਲੀ' ਦੀ ਇਤਿਹਾਸਕਤਾ ਨੂੰ ਸਮਝਣ ਦੀ ਯੋਗਤਾ ਹੁੰਦੀ ਹੈ ਅਤੇ ਨਾ ਹੀ 'ਆਦਰਸ਼' ਦੀ ਇਤਿਹਾਸਕਤਾ ਨੂੰ ਸਮਝਣ ਦੀ। ਕਲਾ ਦਾ ਕੰਮ ਇਹ ਹੁੰਦਾ ਹੈ ਕਿ ਇਹਨਾਂ ਤਾਂਘਾਂ/ਇੱਛਾਵਾਂ ਨੂੰ ਕਲਾਤਮਕ ਪ੍ਰਗਟਾਅ ਦੇਵੇ ਅਤੇ ਉਹਨਾਂ ਦੀ ਇੱਕ ਤਰ੍ਹਾਂ ਦੀ 'ਫੈਂਟਾਸਟਿਕ' ਪੂਰਤੀ ਵੀ ਕਰੇ। ਕਲਾ ਜੇਕਰ ਅਣਹੋਂਦ/ਗ਼ੈਰਹਾਜ਼ਰੀ ਨੂੰ ਭਰਨ ਲਈ ਮੁੱਲ-ਮਾਨਤਾਵਾਂ ਦੀ ਪੂਰਤੀ ਨਹੀਂ ਕਰਦੀ ਤਾਂ ਉਹ ਕਲਾ ਨਹੀਂ ਹੈ ਸਗੋਂ ਇੱਕ ਗਣਿਤਕ ਰਪਟ ਹੈ (ਭਾਵੇਂ ਕਿ ਕਈ ਉੱਤਰ-ਬਸਤੀਵਾਦੀ ਸਿਧਾਂਤਕਾਰ ਗਣਿਤਕ ਰਪਟਾਂ ਨੂੰ ਵੀ ਕਲਾਤਮਕ ਰਚਨਾ ਮੰਨਦੇ ਹਨ!)।

ਹੁਣ ਕਲਾ ਦਾ ਇਹ ਕੰਮ ਕਿਸ ਤਰ੍ਹਾਂ ਪੂਰਾ ਹੋ ਰਿਹਾ ਹੈ ਇਹ ਉਸ ਕਲਾ ਤੇ ਕਲਾਕਾਰ ਦੀ ਪਦਾਰਥਕ ਜਮਾਤੀ ਪੋਜ਼ੀਸ਼ਨ ਅਤੇ ਚੁਣੀ ਗਈ ਜਮਾਤੀ ਪੋਜ਼ੀਸ਼ਨ ਦੇ ਦਵੰਦ ਅਤੇ ਤੱਤਕਾਲੀ ਇਤਿਹਾਸਕ, ਸਿਆਸੀ, ਸਮਾਜਿਕ ਅਤੇ ਆਰਥਿਕ ਕਾਰਕਾਂ ਦੇ ਕੁੱਲ ਪ੍ਰਭਾਵ ਤੋਂ ਤੈਅ ਤੇ (ਅਲਥਿਊਸਰ ਦੀ ਭਾਸ਼ਾ ਵਿੱਚ) ਅਤਿ-ਤੈਅ ਹੁੰਦਾ ਹੈ। ਮਿਸਾਲ ਦੇ ਤੌਰ 'ਤੇ ਇੱਕ ਹੀ ਸਮਾਜਿਕ-ਆਰਥਿਕ ਜੋੜ-ਬਿੰਦੂ (Conjuncture) ਕਈ ਤਰ੍ਹਾਂ ਦੀਆਂ ਕਲਾਤਮਕ ਰਚਨਾਵਾਂ ਨੂੰ ਜਨਮ ਦੇ ਸਕਦੇ ਹਨ। ਬੁਰਜੂਆ ਕਲਾਕਾਰ ਲੋਕਾਂ ਦੀਆਂ ਅਪੂਰਨ ਇੱਛਾਵਾਂ ਨੂੰ ਸੰਬੋਧਿਤ ਕਰਨ ਲਈ ਜੋ ਕਲਾਤਮਕ ਰਚਨਾ ਸਿਰਜੇਗਾ ਉਹ ਉਸ 'ਅਣਹੋਂਦ/ਗ਼ੈਰਹਾਜ਼ਰੀ' ਦੀ ਇੱਕ ਪਿਛਾਂਹਖਿੱਚੂ (ਯਥਾਸਥਿਤੀਵਾਦੀ) ਪੂਰਤੀ ਕਰੇਗੀ। ਕਿਸੇ ਵੀ ਕਲਾਤਮਕ ਰਚਨਾ ਦੇ ਵਾਂਗ ਇਹ ਬੁਰਜੂਆ ਕਲਾਤਮਕ ਰਚਨਾ ਵੀ ਅਨੰਦ ਦਾ ਸਿਰਜਣ ਕਰੇਗੀ ਪਰ ਇਹ ਅਨੰਦ ਖਬਤੀ ਅਤੇ ਮੌਜ-ਮਸਤੀਦਾਈ (Carnivalesque) ਹੋਵੇਗਾ। ਇਹ ਚਿੰਤਨ ਅਤੇ ਆਲੋਚਨਾਤਮਕਤਾ ਵੱਲ ਲੈ ਜਾਣ ਦੀ ਬਜਾਏ ਇੱਕ ਅਜਿਹਾ ਅਨੰਦ ਪ੍ਰਦਾਨ ਕਰੇਗੀ ਜਿਸਦੀ ਤੁਲਨਾ ਨਸ਼ੇ ਜਾਂ ਅਰਧ-ਬੇਹੋਸ਼ੀ ਨਾਲ਼ ਕੀਤੀ ਜਾ ਸਕਦੀ ਹੈ। ਇਹ ਪੂਰਾ ਕੰਮ ਬੁਰਜੂਆ ਕਲਾ ਕਈ ਤਰ੍ਹਾਂ ਨਾਲ਼ ਕਰਦੀ ਹੈ। ਕਈ ਵਾਰ ਇਹ ਸਿੱਧੇ ਤੌਰ 'ਤੇ ਅਲੋਚਨਾਤਮਕਤਾ ਅਤੇ ਚਿੰਤਨ 'ਤੇ ਜ਼ਬਰ ਕਰਕੇ ਕਰਦੀ ਹੈ (ਮਿਸਾਲ ਵਜੋਂ ਸਾਰੇ ਤਰ੍ਹਾਂ ਦੀਆਂ ਮਸਾਲਾ ਫਿਲਮਾਂ) ਅਤੇ ਕਈ ਵਾਰ ਇਹ ਕੰਮ ਅਲੋਚਨਾਤਮਕਤਾ ਅਤੇ ਚਿੰਤਨ ਨੂੰ ਉਤਸ਼ਾਹਿਤ ਕਰਨ ਦੇ ਨਕਲੀ ਪਰਦੇ ਹੇਠ ਕੀਤਾ ਜਾਂਦਾ ਹੈ (ਜਿਵੇਂ ਗੋਵਿੰਦ ਨਿਹਲਾਨੀ, ਸ਼ਿਆਮ ਬੇਨੇਗਲ, ਸੁਧੀਰ ਮਿਸ਼ਰਾ ਆਦਿ ਦੀਆਂ ਫਿਲਮਾਂ)। ਜਿਹਨਾਂ ਮਾਮਲਿਆਂ ਵਿੱਚ ਆਲੋਚਨਾਤਮਕਤਾ ਅਤੇ ਚਿੰਤਨ ਨੂੰ ਉਤਸ਼ਾਹਿਤ ਕਰਨ ਦੇ ਨਕਲੀ ਪਰਦੇ ਨੂੰ ਅਪਣਾਇਆ ਜਾਂਦਾ ਹੈ ਉਸ ਵਿੱਚ ਢਾਂਚੇ ਦੀ ਇੱਕ ਸਤਹੀ ਅਲੋਚਨਾ ਵੀ ਹੁੰਦੀ ਹੈ ਪਰ ਇਹ ਅਲੋਚਨਾ ਦੋ ਪੱਧਰਾਂ 'ਤੇ ਅਸਲ ਵਿੱਚ ਅਲੋਚਨਾ ਦਾ ਨਿਖੇਧ ਹੁੰਦੀ ਹੈ ਜਾਂ ਅਣ-ਅਲੋਚਨਾ ਹੁੰਦੀ ਹੈ। ਉਦਾਹਰਣ ਵਜੋਂ, 'ਅੰਕੁਰ' (ਪ੍ਰਤੀਨਿਧ ਨਪੁੰਸਕ ਵਿਦਰੋਹ), 'ਆਕ੍ਰੋਸ਼' (ਗੁੱਸੇ ਅਤੇ ਬੇਚੈਨੀ ਦੇ ਅੰਤ ਵਿਸਫੋਟ ਦਾ ਕਲਾਤਮਕ ਗੁਣਗਾਨ), 'ਅਰਧਸੱਤਿਆ' (ਮੱਧਵਰਗੀ ਪਿਛਾਖੜੀ 'ਆਤਮਕ ਉਭਾਰ' ਦਾ ਫਾਸੀਵਾਦੀ ਵਿਸਫੋਟ ਅਤੇ ਇਸਦਾ ਗੁਣਗਾਨ) ਆਦਿ ਵਰਗੀਆਂ ਫਿਲਮਾਂ ਵਿੱਚ ਢਾਂਚੇ ਦੀ ਅੰਦਰੂਨੀ ਸੜ੍ਹਨ, ਮਨੁੱਖੀ ਦੁੱਖ, ਵਿਦਰੋਹ ਦੀ ਭਾਵਨਾ ਆਦਿ ਦਾ ਇੱਕ ਚਿਤਰਣ ਹੈ। ਪਰ ਅੰਤ ਵਿੱਚ ਇਹ 'ਅਲੋਚਨਾਵਾਂ' ਢਾਂਚੇ ਨੂੰ ਅਜਿੱਤ ਬਣਾਉਂਦੀਆਂ ਹਨ, ਇੱਕ ਜਮਾਤ ਦੀ ਬੇਚੈਨੀ ਅਤੇ ਗੁੱਸੇ ਦੀ ਨਿੱਜੀ ਸੰਘਣਤਾ (Individualistic Condensation) ਕਰਕੇ ਉਸਨੂੰ ਇੱਕ ਬੰਦੇ 'ਤੇ ਥੋਪਦੀਆਂ ਹਨ ਅਤੇ ਉਸਨੂੰ ਇੱਕ ਨਿੱਜੀ/ਨਿੱਜਵਾਦੀ ਵਿਦਰੋਹ ਦੇ ਰੂਪ ਵਿੱਚ ਚਿੱਤਰਦੀਆਂ ਹਨ ਅਤੇ ਇਸਦੇ ਨਾਲ ਹੀ ਇਹਨਾਂ ਵਿਦਰੋਹਾਂ ਦੀ ਅਸਫ਼ਲਤਾ ਨੂੰ ਤਾਰਕਿਕ ਅੰਤ ਦੇ ਰੂਪ ਵਿੱਚ ਪੇਸ਼ ਕਰਨਾ ਸਹਿਜ ਬਣ ਜਾਂਦਾ ਹੈ। ਕੁੱਲ ਮਿਲਾਕੇ ਇਹ ਤਬਦੀਲੀ ਦੇ ਸੰਦ ਖੋਹਣ ਦਾ ਯਤਨ ਕਰਦੀਆਂ ਹਨ।

ਖ਼ਾਸ ਤੌਰ 'ਤੇ ਗੋਵਿੰਦ ਨਿਹਲਾਨੀ ਦੀਆਂ ਫਿਲਮਾਂ ਵਿੱਚ ਢਾਂਚੇ ਦੀ ਘ੍ਰਿਣਤ ਅਤੇ ਕ੍ਰਿਹਤ ਪੈਦਾ ਕਰਨ ਵਾਲ਼ੀ ਸੜਨ ਨੂੰ ਦਿਖਾਇਆ ਜਾਂਦਾ ਹੈ ਪਰ ਨਾਲ ਹੀ ਢਾਂਚੇ ਨੂੰ ਇੱਕ ਸਰਵਸ਼ਕਤੀਸ਼ਾਲੀ ਅਤੇ ਹਰ ਥਾਂ ਹਾਜ਼ਰ ਵਸਤੂ ਦੇ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ ਅਤੇ ਨਾਲ ਹੀ ਉਸਨੂੰ ਲੈ ਕੇ ਡਰ ਦਾ ਮਾਹੌਲ ਤਿਆਰ ਕੀਤਾ ਜਾਂਦਾ ਹੈ (ਜਿਵੇਂ 'ਦ੍ਰੋਹਕਾਲ' ਅਤੇ 'ਦੇਵ') ਜਿਸ ਤੋਂ ਕਿ ਦੇਖਣ ਵਾਲਾ ਇੱਕ ਹਾਰਬੋਧ ਦਾ ਸ਼ਿਕਾਰ ਹੋ ਜਾਵੇ। ਦੂਜੇ ਸ਼ਬਦਾਂ ਵਿੱਚ ਨਿਹਲਾਨੀ ਦੀਆਂ ਫਿਲਮਾਂ ਬੰਦੇ ਨੂੰ ਰਾਜਪੂਜਾ (Statolatry) ਲਈ ਪ੍ਰੇਰਿਤ ਕਰਦੀਆਂ ਹਨ। ਇਹ ਸਬਵਰਜ਼ਿਵ ਅਲੋਚਨਾ ਦੇ ਵਿੱਚ ਅਲੋਚਨਾ ਦਾ ਹੀ ਸਬਵਰਜ਼ਨ ਹੈ। ਇਹ ਇੱਕ ਬੰਦੇ ਨੂੰ ਗੁੰਮਰਾਹ ਹੋ ਜਾਣ ਲਈ ਪ੍ਰੇਰਿਤ ਕਰਦੀ ਹੈ; ਇਹਨਾਂ ਦਾ ਸੰਦੇਸ਼ ਹੁੰਦਾ ਹੈ, ਤੁਸੀਂ ਸੱਤਾ ਤੋਂ ਜਿੱਤ ਨਹੀਂ ਸਕਦੇ ਇਸ ਲਈ ਸੱਤਾ ਦੇ ਨਾਲ ਆ ਜਾਓ ਦੂਜੀ ਚੀਜ਼ ਜੋ ਕਿ ਨਿਹਲਾਨੀ ਦੀਆਂ ਫਿਲਮਾਂ ਵਿੱਚ ਖ਼ਾਸ ਤੌਰ 'ਤੇ ਪਹਿਚਾਣੀ ਜਾ ਸਕਦੀ ਹੈ ਉਹ ਹੈ ਵਿਦਰੋਹ ਦਾ ਚਿੱਤਰਣ। ਨਿਹਲਾਨੀ ਦੀਆਂ ਫਿਲਮਾਂ ਵਿੱਚ ਵਿਦਰੋਹ ਦਾ ਚਿੱਤਰਣ ਜਾਂ ਤਾਂ ਨਿੱਜੀ ਹੁੰਦਾ ਹੈ ਅਤੇ ਹਮੇਸ਼ਾ ਵਿਸਫੋਟ (Explosion) ਦੀ ਬਜਾਏ ਅੰਤਰ-ਵਿਸਫੋਟ (Implosion) ਦੇ ਰੂਪ ਵਿੱਚ ਹੁੰਦਾ ਹੈ ਜਾਂ ਫਿਰ ਉਸਦਾ ਵਿਸਫੋਟ ਹੁੰਦਾ ਵੀ ਹੈ ਤਾਂ ਹਮੇਸ਼ਾ ਪਿਛਾਖੜੀ-ਹੋਂਦਵਾਦੀ ਅਤੇ ਧੜਵੈਲ ਵਿਅਕਤੀਵਾਦੀ ਰੂਪ ਵਿੱਚ ਹੁੰਦਾ ਹੈ ਜਾਂ ਫਿਰ ਜੇਕਰ ਇਸ ਵਿਦਰੋਹ ਨੂੰ ਕਿਸੇ ਵੀ ਤਰ੍ਹਾਂ ਦੀ ਸਮੂਹਿਕਤਾ ਪ੍ਰਦਾਨ ਕੀਤੀ ਜਾਂਦੀ ਹੈ ਤਾਂ ਇਹ ਦਿਖਾਇਆ ਜਾਂਦਾ ਹੈ ਕਿ ਸਮੂਹਿਕ ਜਾਂ ਜਥੇਬੰਦ ਵਿਦਰੋਹ ਹਮੇਸ਼ਾ ਖ਼ੁਦ ਸੱਤ੍ਹਾ ਦੇ ਰੂਪਾਂ ਨੂੰ ਜਨਮ ਦਿੰਦਾ ਹੈ, ਉਸ ਵਿੱਚ ਵੀ ਪਤਣ ਅਤੇ ਭ੍ਰਿਸ਼ਟਾਚਾਰ ਦਾ ਬੀਜ ਫੁੱਟਣ ਲੱਗਦਾ ਹੈ। ਜਿਵੇਂ ਕਿ 'ਦ੍ਰੋਹਕਾਲ' ਵਿੱਚ ਇਨਕਲਾਬੀਆਂ ਦਾ ਚਿੱਤਰਣ। ਯਾਨੀ ਨਿਹਲਾਨੀ ਦੀਆਂ ਫਿਲਮਾਂ ਦੀ 'ਬਾਟਮਲਾਇਨ' ਇਹ ਹੁੰਦੀ ਹੈ: ਸੱਤ੍ਹਾ ਸਰਵਸ਼ਕਤੀਮਾਨ ਹੈ ਤੇ ਗਲਬਾਵਾਦੀ ਹੈ ਅਤੇ ਉਸਦਾ ਵਿਰੋਧ ਵਿਅਰਥ ਹੈ ਕਿਉਂਕਿ ਸਾਰਾ ਟਕਰਾਅ ਨਿੱਜੀ ਹੋਵੇਗਾ ਅਤੇ ਉਸਦਾ ਜਾਂ ਤਾਂ ਅੰਤਰ-ਵਿਸਫੋਟ ਹੋਵੇਗਾ ਜਾਂ ਫਿਰ ਉਸਦਾ ਵਿਸਫੋਟ ਪਿਛਾਖੜੀ ਰੂਪ ਵਿੱਚ ਹੋਵੇਗਾ ਅਤੇ ਜੇਕਰ ਟਾਕਰਾ ਜਥੇਬੰਦ ਜਾਂ ਸਮੂਹਿਕ ਹੋਵੇਗਾ ਤਾਂ ਉਹ ਭਰੂਣ ਰੂਪ ਵਿੱਚ ਖ਼ੁਦ ਪਤਿਤ ਅਤੇ ਧੜਵੈਲ ਕਿਸਮ ਦੀ ਸੱਤ੍ਹਾ ਨੂੰ ਜਨਮ ਦੇਵੇਗਾ। ਦੂਜੇ ਸ਼ਬਦਾਂ ਵਿੱਚ ਜਬਰ ਦਾ ਟਾਕਰਾ ਫਜ਼ੂਲ ਹੈ ਅਤੇ ਸੱਤ੍ਹਾ ਤੋਂ ਬਚਣ ਦਾ ਕੋਈ ਰਾਹ ਨਹੀਂ ਹੈ। ਇੱਥੇ ਅਸੀਂ ਹੈਰਾਨ ਹੁੰਦੇ ਹਾਂ ਕੀ ਗੋਵਿੰਦ ਨਿਹਲਾਨੀ ਮਿਸ਼ੇਲ ਫੂਕੋ ਨੂੰ ਪੜ੍ਹ ਚੁੱਕੇ ਸਨ? ਨਿਸ਼ਚਿਤ ਤੌਰ 'ਤੇ 1968 ਦੇ ਬਾਅਦ ਫਰਾਂਸੀਸੀ ਖੱਬੇਪੱਖ ਵਿੱਚ ਜੋ ਕੁਝ ਚੱਲ ਰਿਹਾ ਸੀ ਉਹ ਸੰਸਾਰ ਭਰ ਦੇ ਬੌਧਿਕ ਘੇਰਿਆਂ ਵਿੱਚ ਚਰਚਾ ਦਾ ਵਿਸ਼ਾ ਸੀ ਅਤੇ ਨਿਸ਼ਚਿਤ ਤੌਰ 'ਤੇ ਸ਼ਿਆਮ ਬੇਨੇਗਲ ਅਤੇ ਗੋਵਿੰਦ ਨਿਹਲਾਨੀ ਵਰਗੇ ਫਿਲਮਕਾਰ ਪ੍ਰਤੱਖ ਜਾਂ ਅਪ੍ਰਤੱਖ ਢੰਗ ਨਾਲ਼ ਇਸਦੇ ਸੰਪਰਕ ਵਿੱਚ ਆਏ ਹੋਣਗੇ (ਸਾਡਾ ਇੱਥੇ ਕੋਈ ਉਦੇਸ਼ ਨਹੀਂ ਕਿ ਅਸੀਂ ਗੋਵਿੰਦ ਨਿਹਲਾਨੀ ਅਤੇ ਸ਼ਿਆਮ ਬੇਨੇਗਲ ਦੀ ਕੋਈ ਹੂਬਹੂ ਪੇਸ਼ਕਾਰੀ ਕਰੀਏ; ਬੇਨੇਗਲ ਨੇ ਬੁਰਜੂਆ ਮਾਨਵਤਾਵਾਦੀ ਨਜ਼ਰੀਏ ਤੋਂ ਕੁਝ ਚੰਗੀਆਂ ਕਲਾਤਮਕ ਰਚਨਾਵਾਂ ਦੀ ਸਿਰਜਣਾ ਕੀਤੀ ਹੈ ਜਿਹਨਾਂ ਨੂੰ ਉਹਨਾਂ ਦੀਆਂ ਸੀਮਤਾਵਾਂ ਦੇ ਬਾਵਜੂਦ ਦੇਖਿਆ ਅਤੇ ਇਤਰਾਜ਼ਾਂ ਸਹਿਤ ਸਲਾਹਿਆ ਜਾ ਸਕਦਾ ਹੈ)। ਪਰ ਇਹ ਕੇਵਲ ਇੱਕ ਕਿਆਸਰਾਈ ਹੈ ਅਤੇ ਅਸੀਂ ਕਿਸੇ ਫਿਲਮਕਾਰ ਦੀ ਕਲਾਤਮਕ ਰਚਨਾ ਦਾ ਮੁਲਾਂਕਣ ਬਾਹਰੀ ਪ੍ਰਭਾਵਾਂ ਦੇ ਅਧਾਰ 'ਤੇ ਨਹੀਂ ਕਰ ਸਕਦੇ। ਮਿਸਾਲ ਦੇ ਤੌਰ 'ਤੇ ਫੂਕੋ ਵਿੱਚ ਇੱਕ ਨਕਲੀ ਖਾੜਕੂਪੁਣਾ ਸੀ (ਜਿੱਥੇ ਫੂਕੋ ਟਕਰਾਅ ਦੀ ਸੰਭਾਵਨਾ ਦਾ ਆਪਣਾ ਸਿਧਾਂਤ ਦਿੰਦਾ ਹੈ ਅਤੇ ਦੱਸਦਾ ਹੈ ਕਿ ਬੰਦਾ ਆਪਣੇ ਨਿੱਜੀ ਜੀਵਨ ਵਿੱਚ ਸਾਰੇ ਪੈਮਾਨਿਆਂ ਦੇ ਖ਼ਿਲਾਫ਼ ਵਿਦਰੋਹ ਕਰਕੇ ਸੱਤ੍ਹਾ ਦੇ ਗਲਬੇ ਨੂੰ ਵੰਗਾਰੇਗਾ) ਪਰ ਨਿਹਲਾਨੀ ਵਿੱਚ (ਜੇਕਰ ਉਸ 'ਤੇ ਫੂਕੋ ਦਾ ਪ੍ਰਭਾਵ ਹੈ ਤਾਂ ਵੀ!) ਕੋਈ ਨਕਲੀ ਖਾੜਕੂਪੁਣਾ ਵੀ ਨਹੀਂ ਹੈ। ਇੱਥੇ ਮੈਂ ਉਹਨਾਂ ਫਿਲਮ ਦੇਖਣ ਵਾਲਿਆਂ ਦੀ ਸਮਝਦਾਰੀ ਦੀ ਗੱਲ ਨਹੀਂ ਕਰ ਰਿਹਾ ਜਿਹਨਾਂ ਦੀਆਂ ਪ੍ਰਤੀਕ੍ਰਿਆਵਾਂ ਸਿਨੇਮਾ ਹਾਲ ਵਿੱਚ ਆਹ-ਕੱਰਾਹ ਦੇ ਰੂਪ ਵਿੱਚ ਨਿੱਕਲਦੀਆਂ ਹਨ। ਸਲਾਵੋਏ ਜ਼ਿਜ਼ੇਕ ਨੇ ਇੱਕ ਥਾਂ ਲਿਖਿਆ ਹੈ ਕਿ ਫਿਲਮ ਨੂੰ ਕਿਸੇ ਮੂਰਖ ਬੰਦੇ ਨਾਲ਼ ਦੇਖਣਾ ਸਭ ਤੋਂ ਵੱਧ ਪ੍ਰਬੋਧਨਕਾਰੀ ਹੁੰਦਾ ਹੈ ਕਿਉਂਕਿ ਇਸ ਨਾਲ ਫਿਲਮ ਦੇ ਸਮਾਜਿਕ ਪ੍ਰਭਾਵ ਦੇ ਕਈ ਅਜਿਹੇ ਪੱਖ ਉਜਾਗਰ ਹੁੰਦੇ ਹਨ ਜੋ ਕਿ ਅਲੋਚਕਾਂ ਨਾਲ਼ ਫਿਲਮ ਦੇਖਣ ਵਿੱਚ ਨਹੀਂ ਹੋ ਸਕਦੇ; ਫਿਰ ਜ਼ਿਜ਼ੇਕ 'ਮੈਟ੍ਰਿਕਸ' ਫਿਲਮ ਨੂੰ ਇੱਕ ਸਿਨੇਮਾ ਹਾਲ ਵਿੱਚ ਦੇਖਣ ਦਾ ਤਜ਼ਰਬਾ ਦੱਸਦੇ ਹਨ ਜਿਸ ਵਿੱਚ ਇੱਕ ਮੂਰਖ ਬੰਦਾ ਉਸਦੇ ਨਾਲ ਬੈਠਾ ਹੋਇਆ ਸੀ ਅਤੇ ਉਹ ਵਿੱਚ-ਵਿੱਚ ਹੈਰਾਨ ਹੋਕੇ ਵਿੱਚ ਕੁੱਝ ਬੋਲ ਪੈਂਦਾ ਸੀ, ਜਿਵੇਂ ਕਿ ਓਹ! ਤਾਂ ਕੋਈ ਯਥਾਰਥ ਨਹੀਂ ਹੁੰਦਾ!! ਨਿਸ਼ਚਿਤ ਤੌਰ 'ਤੇ ਅਜਿਹੇ ਬੰਦੇ ਨਾਲ਼ ਫਿਲਮ ਦੇਖਣਾ ਫਿਲਮ ਦੇ ਸਮਾਜਿਕ ਪ੍ਰਭਾਵ ਦਾ ਘੱਟੋ-ਘੱਟ ਸਾਂਝੇ ਹਰ (Lowest Common Denominater) ਨੂੰ ਸਮਝਣ ਵਿੱਚ ਸਹਾਇਕ ਹੋ ਸਕਦਾ ਹੈ ਪਰ ਅਲੋਚਨਾਤਮਕ ਤੌਰ 'ਤੇ ਫਿਲਮ ਨੂੰ ਸਮਝਣਾ ਇੱਕ ਵੱਖਰਾ ਮਸਲਾ ਹੈ।

ਖ਼ੈਰ ਇਸ ਤਰ੍ਹਾਂ ਦੀਆਂ ਸਾਰੀਆਂ ਬੁਰਜੂਆ ਕਲਾ ਫਿਲਮਾਂ ਅਸਲ ਵਿੱਚ 'ਅਣਹੋਂਦ/ਗ਼ੈਰ-ਹਾਜ਼ਰ' ਨੂੰ ਭਰਨ ਲਈ ਕੁਝ ਕਦਰ ਦਿੰਦੀਆਂ ਹਨ। ਇਹ ਕਦਰਾਂ ਬੁਰਜੂਆ ਜਮਾਤ ਦੇ ਸੰਸਾਰ ਨਜ਼ਰੀਏ ਅਨੁਸਾਰ ਤੈਅ ਹੁੰਦੀਆਂ ਹਨ। ਮਿਸਾਲ ਵਜੋਂ ਸਰਮਾਏਦਾਰਾ ਸਮਾਜ ਅਤੇ ਸੱਭਿਆਚਾਰ ਦੀ ਨਿੰਦਣਯੋਗ ਕੰਗਾਲੀ ਨੂੰ ਯਥਾਰਥਵਾਦੀ (ਪ੍ਰਕ੍ਰਿਤਵਾਦੀ ਪੜ੍ਹੋ!) ਰੂਪ ਨਾਲ ਦਿਖਾਉਣ ਦੇ ਬਾਵਜੂਦ ਇਹ ਫਿਲਮਾਂ ਦਰਸ਼ਕ ਦੇ ਅੰਦਰ ਤੱਥਾਂ ਦੀ ਆਪਣੇ ਵਿਸ਼ੇਸ਼ ਚੋਣ, ਚਿੱਤਰਣ ਅਤੇ ਨਜ਼ਰੀਏ ਤੋਂ ਹਾਰਬੋਧ, ਯਥਾਸਥਿਤੀਵਾਦ, 'ਬਦਲ ਦਾ ਡਰ' (ਮਤਲਬ ਇਹ ਕਹਿਣਾ, ਮੰਨਿਆ ਢਾਂਚਾ ਖ਼ਰਾਬ ਹੈ ਬਈ, ਪਰ ਕੋਈ ਬਦਲ ਨਹੀਂ ਹੈ! ਜੇਕਰ ਬਦਲ ਬਣਾਉਣ ਵੱਲ ਜਾਵੋਗੇ ਤਾਂ ਅੰਤ ਵਿੱਚ ਕੁਝ ਅਜਿਹਾ ਪੈਦਾ ਕਰ ਲਵੋਗੇ ਜੋ ਅੱਜ ਦੇ ਢਾਂਚੇ ਤੋਂ ਵੀ ਵੱਧ ਧੜਵੈਲ, ਸਰਵਸੱਤ੍ਹਾਵਾਦੀ ਅਤੇ ਫਾਸੀਵਾਦੀ ਹੋਵੇਗਾ!) ਅਤੇ ਨਿਰਾਸ਼ਾਵਾਦ ਪੈਦਾ ਕਰਦੀਆਂ ਹਨ। ਵੱਧ ਤੋਂ ਵੱਧ ਦਰਸ਼ਕਾਂ ਨੂੰ ਵਿਦਰੋਹ ਦੀ ਹਾਰ ਜਾਂ ਕਦੇ ਜਿੱਤ ਪ੍ਰਾਪਤ ਨਾ ਕਰ ਸਕਣ ਵਾਲੇ ਦਿਸ਼ਾਹੀਣ, ਵਿਅਕਤੀਵਾਦੀ ਅਤੇ ਕੀਰਕੇਗਾਰਦਿਯਨ ਹੋਂਦਵਾਦੀ ਵਿਦਰੋਹ ਦਾ ਅਨੰਦ ਲੈਣ ਦੀ ਆਗਿਆ ਹੁੰਦੀ ਹੈ। 'ਅਰਧਸੱਤਿਆ' ਵਰਗੀਆਂ ਫਿਲਮਾਂ ਵੀ ਇੱਕ ਖਾਸ ਤਰ੍ਹਾਂ ਦੇ 'ਐਂਗਰੀ ਯੰਗ ਮੈਨ' ਨੂੰ ਹੀ ਪੇਸ਼ ਕਰਦੀਆਂ ਹਨ ਕੇਵਲ ਫ਼ਰਕ ਇਹ ਹੁੰਦਾ ਹੈ ਕਿ 'ਜੰਜ਼ੀਰ' ਦੇ 'ਐਂਗਰੀ ਯੰਗ ਮੈਨ' ਦੇ ਮੁਕਾਬਲੇ ਇਹ ਘੱਟ 'ਅਨੋਖਾ' ਚਿੱਤਰਣ ਹੈ ਅਤੇ ਦੂਰਗਾਮੀ ਤੌਰ 'ਤੇ ਇਹ ਜ਼ਿਆਦਾ ਅਸਰਦਾਰ ਹੁੰਦਾ ਹੈ। ਵੈਸੇ ਇਹ ਵੀ ਇੱਕ ਦਿਲਚਸਪ ਤੱਥ ਹੈ ਕਿ 'ਅਰਧਸੱਤਿਆ' ਵਿੱਚ ਓਮਪੁਰੀ ਦੀ ਭੂਮਿਕਾ ਲਈ ਨਿਹਲਾਨੀ ਦੀ ਪਹਿਲੀ ਪਸੰਦ ਕਲਾਸਕੀ 'ਐਂਗਰੀ ਯੰਗ ਮੈਨ' ਅਮਿਤਾਭ ਬੱਚਨ ਹੀ ਸਨ। ਖ਼ੈਰ ਇਸ ਗੱਲਬਾਤ ਨੂੰ ਛੱਡ ਕੇ ਮੂਲ ਮੁੱਦੇ 'ਤੇ ਆਉਂਦੇ ਹਾਂ। ਕਲਾ ਫਿਲਮਾਂ ਵਿੱਚ ਵੀ ਇਹ ਦੌਰ 'ਐਂਗਰੀ ਯੰਗ ਮੈਨ' ਨੂੰ ਪੇਸ਼ ਕਰ ਰਿਹਾ ਸੀ ਅਤੇ ਨਾਲ ਹੀ ਇੱਕ ਦਮ ਠੇਠ (ਬਜਾਰੂ ਜਾਂ ਵਪਾਰਕ) ਸਿਨੇਮੇ ਵਿੱਚ ਵੀ ਇਹੀ ਹਾਲਤ ਸੀ।

(ਬਾਕੀ ਅਗਲੇ ਅੰਕ 'ਚ)

# ਇਹ ਕਿਹੋ ਜਿਹੇ ਕੰਮ ਸ਼ੁਰੂ ਕਰ ਲਏ ਹਨ ਪੰਜਾਬੀਆਂ ਨੇ ?



ਗੁਰਚਰਨ ਨੂਰਪੁਰ

ਕਿਸੇ ਵੀ ਖਿੱਤੇ ਦੀਆਂ ਰਾਜਸੀ, ਧਾਰਮਿਕ ਅਤੇ ਸੱਭਿਆਚਾਰਕ ਸਰਗਰਮੀਆਂ ਦੱਸਦੀਆਂ ਹਨ ਕਿ ਉਥੋਂ ਦੇ ਲੋਕ ਕਿਸ ਦਿਸ਼ਾ ਵੱਲ ਵਧ ਰਹੇ ਹਨ। ਅਸੀਂ ਪੰਜਾਬ ਵਾਸੀ ਇਸ ਪੱਖ ਤੋਂ ਕਿੱਥੇ ਖੜ੍ਹੇ ਹਾਂ ਇਹ ਗੱਲ ਵੱਡੇ ਚਿੰਤਨ ਦੀ ਮੰਗ ਕਰਦੀ ਹੈ। ਇਸ ਲੇਖ ਵਿਚ ਅਸੀਂ ਅਜੋਕੇ ਸੱਭਿਆਚਾਰ ਦੇ ਕੁਝ ਕੁ ਪੱਖਾਂ 'ਤੇ ਗੱਲ ਕਰਾਂਗੇ। ਇਹ ਠੀਕ ਹੈ ਕਿ ਅਸੀਂ ਇਕ ਅਮੀਰ ਵਿਰਸੇ ਦੇ ਮਾਲਕ ਹਾਂ, ਜਿਸ 'ਤੇ ਸਾਨੂੰ ਮਾਣ ਹੋਣਾ ਚਾਹੀਦਾ ਹੈ। ਪੰਜਾਬ ਦੀ ਇਹ ਧਰਤੀ ਜਿੱਥੇ ਵੇਦਾਂ ਦੀ ਰਚਨਾ ਹੋਈ, ਬੁੱਧ ਧਰਮ ਦਾ ਪ੍ਰਭਾਵ ਵੀ ਇਸ ਧਰਤੀ 'ਤੇ ਰਿਹਾ, ਬਾਬਾ ਫਰੀਦ, ਬੁੱਲ੍ਹੇ ਸ਼ਾਹ, ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ ਵਰਗੇ ਮਹਾਨ ਪੁਰਸ਼ ਇਸ ਧਰਤੀ 'ਤੇ ਵਿਚਰੇ ਅਤੇ ਉਨ੍ਹਾਂ ਨੇ ਆਪਣੀ ਬੌਧਿਕਤਾ ਨਾਲ ਲੋਕਾਈ ਨੂੰ ਗਿਆਨ ਵੰਡਿਆ। ਕਰਤਾਰ ਸਿੰਘ ਸਰਾਭਾ, ਭਗਤ ਸਿੰਘ ਅਤੇ ਊਧਮ ਸਿੰਘ ਵਰਗੇ ਮਹਾਂ-ਨਾਇਕ ਅਤੇ ਦੁੱਲੇ ਭੱਟੀ ਵਰਗੇ ਅਲਬੇਲੇ ਹਕੂਮਤਾਂ ਨਾਲ ਆਹਢੇ ਲਾਉਣ ਵਾਲੇ ਨੌਜਵਾਨ ਵੀ ਇਸੇ ਧਰਤੀ ਦੀ ਉਪਜ ਸਨ। ਸਾਡੀ ਪੰਜਾਬੀਆਂ ਦੀ ਤਰਾਸਦੀ ਇਹ ਹੈ ਕਿ ਅਸੀਂ ਆਪਣੇ ਵਿਰਸੇ ਜਾਂ ਆਪਣੇ ਇਤਿਹਾਸ ਤੋਂ ਬਹੁਤ ਘੱਟ ਸਿੱਖਦੇ ਹਾਂ।

ਸਾਡੇ ਪੰਜਾਬ ਦੇ ਵਿਆਹਾਂ-ਸ਼ਾਦੀਆਂ ਦਾ ਵਿਰਸਾ ਬੜਾ ਅਮੀਰ ਸ਼ਗਨਾਂ ਚਾਵਾਂ ਵਾਲਾ ਵਿਰਸਾ ਹੈ। ਵਿਆਹ ਲਈ ਭੜੋਲੇ 'ਚੋਂ ਦਾਣੇ ਕੱਢਣ ਤੋਂ ਲੈ ਕੇ ਅਖੀਰ ਤਕ ਬੜੀਆਂ ਵਧੀਆ ਰਸਮਾਂ, ਸ਼ਗਨ ਕੀਤੇ ਜਾਂਦੇ ਸਨ ਅਤੇ ਨਾਲ-ਨਾਲ ਗੀਤ ਵੀ ਗਾਏ ਜਾਂਦੇ ਸਨ। ਇਨ੍ਹਾਂ ਰਸਮਾਂ ਵਿਚ ਮੁੰਡੇ ਦੀ ਸਿਫ਼ਤ ਵਿਚ 'ਸਿਹਰਾ' ਅਤੇ ਕੁੜੀ ਨੂੰ ਸਮਝਾਉਣ ਲਈ 'ਸਿੱਖਿਆ' ਵੀ ਗਾ ਕੇ ਸੁਣਾਈ ਜਾਂਦੀ ਸੀ। ਅੱਜਕਲ੍ਹ ਵਿਆਹਾਂ ਦੀਆਂ ਰਸਮਾਂ ਜਿਨ੍ਹਾਂ ਦਾ ਵਿਸਥਾਰ ਕਈ ਦਿਨਾਂ ਵਿਚ ਪੂਰਾ ਹੁੰਦਾ ਸੀ, ਸਿਮਟ ਕੇ ਹੁਣ ਕੁਝ ਘੰਟਿਆਂ ਵਿਚ ਸੀਮਤ ਹੋ ਗਈਆਂ ਹਨ। ਹਰ ਕਿਸੇ ਕੋਲ ਹੁਣ ਸਮੇਂ ਦੀ ਘਾਟ ਹੈ ਇਸ ਲਈ ਕੁਝ ਪੱਖਾਂ ਤੋਂ ਇਹ ਠੀਕ ਵੀ ਹੈ। ਪਰ ਦੂਜੇ ਪਾਸੇ ਇਨ੍ਹਾਂ ਕੁਝ ਘੰਟਿਆਂ ਦੌਰਾਨ ਗੰਦੇ ਅਸ਼ਲੀਲ ਕੰਨ ਪਾੜਵੇਂ ਗੀਤ ਅਤੇ ਭੱਦੀਆਂ ਹਰਕਤਾਂ ਕਰਦੇ ਮੁੰਡੇ-ਕੜੀਆਂ ਅਸੀਂ ਪਰਿਵਾਰ ਵਿਚ ਬਹਿ ਕੇ ਮਜਬੂਰੀ ਵੱਸ ਵੇਖਦੇ ਹਾਂ। ਇਹ ਸਭ ਕੁਝ ਸਾਡੇ ਮਹਾਨ ਵਿਰਸੇ ਨਾਲ ਬਿਲਕੁਲ ਵੀ ਮੇਲ ਨਹੀਂ ਖਾਂਦਾ। ਅੱਜਕਲ੍ਹ 95 ਫ਼ੀਸਦੀ ਵਿਆਹਾਂ ਵਿਚ ਸ਼ਰਾਬ ਦੀਆਂ ਸੈਂਕੜੇ ਬੋਤਲਾਂ ਖਾਲੀ ਹੋ ਜਾਂਦੀਆਂ ਹਨ। ਗੰਦੇ ਗੀਤ, ਅਸ਼ਲੀਲ ਹਰਕਤਾਂ ਅਤੇ ਉੱਚੀ ਆਵਾਜ਼ ਦਾ ਪ੍ਰਦੂਸ਼ਣ ਹੁਣ ਜਿਵੇਂ ਸਾਨੂੰ ਪ੍ਰੇਸ਼ਾਨ ਨਹੀਂ ਕਰਦਾ ਅਤੇ ਅਸੀਂ ਆਪਣੀਆਂ ਧੀਆਂ-ਭੈਣਾਂ ਵਿਚ ਬਹਿ ਕੇ ਇਹ ਸਾਰਾ ਕੰਜਰਖਾਨਾ ਵੇਖਣ/ਸੁਣਨ ਦੇ ਹੌਲੀ-ਹੌਲੀ ਆਦੀ ਹੋ ਗਏ ਹਾਂ। ਸਾਦੇ ਵਿਆਹਾਂ ਤੋਂ ਬਾਅਦ ਲੋਕ ਗਾਇਕਾਂ ਦੇ ਅਖਾੜੇ ਲਾ ਕੇ ਵਿਆਹ ਕਰਨ ਲੱਗ ਪਏ ਸਾਂ। ਪਰ ਹੁਣ ਉਸ ਤੋਂ ਵੀ ਗੱਲ ਅਗਾਂਹ ਚਲੀ ਗਈ। ਹੁਣ ਸਿਰਫ ਨੱਚਣ ਵਾਲੀਆਂ ਕੁੜੀਆਂ ਨੂੰ ਬੁਲਾ ਲਿਆ ਜਾਂਦਾ ਹੈ ਅਤੇ ਗਾਇਕ ਵਾਲੀਆਂ ਟਪੂਸੀਆਂ ਹੁਣ ਸਾਡੇ ਨੌਜਵਾਨ ਆਪ ਮਾਰਨ ਲੱਗ ਪਏ ਹਨ। ਗਾਇਕ ਕੈਸੇਟ ਜਾਂ ਟੀ ਵੀ ਚੈਨਲ ਤੱਕ ਸੀਮਤ ਹੋ ਗਿਆ ਹੈ। ਅਸ਼ਲੀਲ ਸ਼ਬਦਾਵਲੀ ਵਾਲੇ ਗੀਤ ਸੀ.ਡੀ. 'ਤੇ ਲਾ ਕੇ ਹਿੱਕਾਂ 'ਤੇ ਥਾਪੀਆਂ ਮਾਰ-ਮਾਰ ਕੇ ਸਾਡੇ ਨੌਜੁਆਨ ਨੱਚਣ ਵਾਲੀ ਕੁੜੀ ਨੂੰ ਬੜੇ ਕੋਝੇ ਢੰਗ ਨਾਲ ਇਹ ਦੱਸਣ ਦੀ ਕੋਸ਼ਿਸ਼ ਕਰਦੇ ਹਨ ਕਿ ਗੀਤ ਵਿਚ ਜਿਸ ਵੈਲੀ ਯਾਰ ਜਾਂ ਗੁੰਡੇ ਦੀ ਗੱਲ ਹੋ ਰਹੀ ਹੈ ਉਹ ਅਸਲ ਵਿਚ ਮੈਂ ਹੀ ਹਾਂ ਜੋ ਤੇਰੇ ਸਾਹਮਣੇ ਪੁੱਠਾ-ਸਿੱਧਾ ਹੋ ਰਿਹਾ ਹਾਂ। ਇਕ ਵਿਆਹ 'ਤੇ ਜਾਣ ਦਾ ਮੌਕਾ ਮਿਲਿਆ, ਜਿਸ ਵਿਚ ਕੁੜੀ ਦਾ ਭਰਾ ਹੀ ਆਪਣੀ ਭੈਣ ਦੇ ਵਿਆਹ ਵਿਚ ਬਰਾਤ ਵੱਲੋਂ ਲਿਆਂਦੀ ਡਾਂਸ ਪਾਰਟੀ ਨਾਲ ਨੱਚ-ਨੱਚ ਕੇ ਧੂੜਾਂ ਪੱਟੀ ਗਿਆ। ਇੱਥੇ ਹੀ ਬੱਸ ਨਹੀਂ ਉਸ ਨੇ ਇਕ ਦੋ ਵਾਰ ਨੱਚਣ ਵਾਲੀ ਕੁੜੀ ਨੂੰ ਬਾਹਾਂ 'ਤੇ ਚੁੱਕ ਕੇ ਬੜੇ ਘਟੀਆ ਢੰਗ ਨਾਲ ਆਪਣੀ ਤਾਕਤ ਦਾ ਪ੍ਰਦਰਸ਼ਨ ਕਰਨ ਦੀ ਕੋਸ਼ਿਸ਼ ਵੀ ਕੀਤੀ। ਅਸ਼ਲੀਲ ਗੀਤਾਂ 'ਤੇ ਨੱਚ ਕੇ ਆਪਣੇ-ਆਪ ਨੂੰ ਦੁੱਲੇ ਭੱਟੀ, ਜੱਗੇ ਅਤੇ ਸੁੱਚੇ ਸੂਰਮੇ ਦੇ ਵਾਰਸ ਸਮਝਣ ਵਾਲਿਆਂ ਨੂੰ ਇਹ ਖਿਆਲ ਕਰਨਾ ਚਾਹੀਦਾ ਹੈ ਕਿ ਸਾਡੇ ਨਾਲ ਨੱਚ ਰਹੀਆਂ ਕੁੜੀਆਂ ਵੀ ਆਖਿਰ ਕਿਸੇ ਦੀਆਂ ਧੀਆਂ-ਭੈਣਾਂ ਹਨ ਅਤੇ ਸਾਹਮਣੇ ਵੇਖ ਰਹੇ ਲੋਕ ਵੀ ਸਾਡੇ ਆਪਣੇ ਪਰਿਵਾਰਾਂ ਦੇ ਹੀ ਲੋਕ ਹਨ। ਇਸ ਸਮੇਂ ਦੌਰਾਨ ਆਵਾਜ਼ ਏਨੀ ਜ਼ਿਆਦਾ ਕੀਤੀ ਹੁੰਦੀ ਹੈ ਕਿ ਬੰਦਾ ਨਾਲ ਬੈਠੇ ਬੰਦੇ ਨਾਲ ਵੀ ਗੱਲ ਨਹੀਂ ਕਰ ਸਕਦਾ। ਜਿਵੇਂ ਘੱਟ ਆਵਾਜ਼ ਨਾਲ ਸਾਊਂਡ ਵਾਲਿਆਂ ਦੀ ਬੇਇੱਜ਼ਤੀ ਹੁੰਦੀ ਹੋਵੇ। ਜੇਕਰ ਹਾਲ ਵਿਚ ਹਜ਼ਾਰ ਬੰਦਾ ਬੈਠਾ ਹੈ ਤਾਂ ਉਸ ਦੇ 'ਚੋਂ ਨੌਂ ਸੌ ਨੱਬੇ ਤਾਂ ਜ਼ਰੂਰ ਹੀ ਵੱਧ ਆਵਾਜ਼ ਤੋਂ ਪ੍ਰੇਸ਼ਾਨ ਹੁੰਦੇ ਹਨ ਪਰ ਅਸੀਂ ਪੰਜਾਬੀ ਗ਼ਲਤ ਰਵਾਇਤਾਂ ਪ੍ਰਤੀ ਵੇਖੋ ਕਿੰਨੇ ਸੀਲ ਹੋ ਗਏ ਹਾਂ, ਮਜ਼ਾਲ ਏ ਕਦੇ ਦਸ ਬੰਦਿਆਂ ਨੇ ਵੀ ਉੱਠ ਕੇ ਕਿਹਾ ਹੋਵੇ ਕਿ ਜਾਂ ਤਾਂ ਆਵਾਜ਼ ਘੱਟ ਕਰੋ ਜਾਂ ਅਸੀਂ ਨਹੀਂ ਬਹਿ ਸਕਦੇ ਤੁਹਾਡੇ ਇਸ ਬਰਲੱਟ (ਸ਼ੋਰ-ਸ਼ਰਾਬੇ) ਵਿਚ। ਚਾਹੀਦਾ ਤਾਂ ਇਹ ਹੈ ਵਿਆਹ ਵਿਚ ਘੱਟ ਤੋਂ ਘੱਟ ਲੋਕ ਬੁਲਾਏ ਜਾਣ, ਲਾਵਾਂ ਫੇਰੇ ਕਰਕੇ ਸਾਰੇ ਲੋਕ ਇਕੱਠੇ ਬੈਠਣ, ਖਾਣ-ਪੀਣ ਨਾਲ ਨਾਲ ਇਕ ਦੋ ਜਣੇ ਦੋਵਾਂ ਪਾਸਿਓਂ ਸਾਰੇ ਲੋਕਾਂ ਨਾਲ ਆਪਸੀ ਜਾਣ ਪਛਾਣ ਅਤੇ ਮੇਲ ਮਿਲਾਪ ਕਰਾਉਣ ਗੱਲਾਂ ਬਾਤਾਂ ਹੋਣ। ਦੋਵਾਂ ਪਰਿਵਾਰਾਂ ਦੇ ਲੋਕ ਇਕ-ਦੂਜੇ ਨੂੰ ਸੂਝਵਾਨ ਹੋਣ ਦਾ ਸਬੂਤ ਦੇਣ। ਸਾਡੇ ਵਿਆਹਾਂ ਵਿਚ ਅੱਜਕਲ੍ਹ ਸ਼ਰਾਬ ਸੱਭਿਆਚਾਰਕ, ਹੁੱਲੜਬਾਜ਼ੀ ਅਤੇ ਵਿਖਾਵੇਬਾਜ਼ੀ ਭਾਰੂ ਹੋ ਰਹੇ ਹਨ। ਪਹਿਲਾਂ ਸਾਡੇ ਵਿਆਹਾਂ ਸ਼ਾਦੀਆਂ ਵਿਚ ਸਾਡੀਆਂ ਧੀਆਂ, ਭੈਣਾਂ, ਮਾਵਾਂ ਗੀਤ ਗਾਉਂਦੀਆਂ ਸਨ। ਬਜ਼ੁਰਗ ਜੋ ਲੰਮੇ ਸਮੇਂ ਬਾਅਦ ਇਕੱਠੇ ਹੋਏ ਹੁੰਦੇ ਸਨ ਘੰਟਿਆਂਬੱਧੀ ਆਪਣੀ ਜ਼ਿੰਦਗੀ ਦੇ ਹਰ ਪੱਖ 'ਤੇ ਗੱਲਾਂਬਾਤਾਂ/ਦੁੱਖ-ਸੁੱਖ ਸਾਂਝੇ ਕਰਦੇ ਸਨ। ਹੁਣ ਵਿਆਹਾਂ ਵਿਚੋਂ ਸਹਿਜਤਾ ਖ਼ਤਮ ਹੋ ਗਈ ਹੈ, ਇਸ ਦੀ ਥਾਂ ਸ਼ੋਰ-ਸ਼ਰਾਬੇ ਅਤੇ ਹੁੱਲੜਬਾਜ਼ੀ ਨੇ ਲੈ ਲਈ ਹੈ।

ਅੱਜਕਲ੍ਹ ਹੋ ਰਹੇ ਪੇਂਡੂ ਖੇਡ ਮੇਲਿਆਂ ਵਿਚ ਆਪਣੀ ਅਖੌਤੀ ਤਾਕਤ ਵਿਖਾਉਣ ਦਾ ਅਸੀਂ ਨਵਾਂ ਹੀ ਤਰੀਕਾ ਖੋਜ ਲਿਆ ਹੈ। ਉਹ ਹੈ ਟਰੈਕਟਰਾਂ ਦੇ ਟੋਚਨ ਪਵਾ ਕੇ ਉਨ੍ਹਾਂ ਦਾ ਧੂੰਆਂ ਕੱਢਣਾ। ਜਿਹੜਾ ਟਰੈਕਟਰ ਖਿੱਚ ਕੇ ਲੈ ਗਿਆ ਉਹ ਜੇਤੂ ਤੇ ਫਿਰ ਜੇਤੂਆਂ ਦੇ ਸੈਮੀਫਾਈਨਲ ਅਤੇ ਫਾਈਨਲ ਮੁਕਾਬਲੇ। ਇਸ ਤਰ੍ਹਾਂ ਮੇਲੇ ਵਿਚ ਪੁੱਜੇ 10-12 ਜਾਂ ਇਸ ਤੋਂ ਵੀ ਵੱਧ ਟਰੈਕਟਰਾਂ ਵਿਚ ਕਈ ਲਿਟਰ ਤੇਲ ਨਾਜਾਇਜ਼ ਹੀ ਫੂਕ ਦਿੱਤਾ ਜਾਂਦਾ ਹੈ ਅਤੇ ਹਜ਼ਾਰਾਂ ਰੁਪਏ ਦੇ ਟਾਇਰਾਂ ਦੀ ਵੀ ਅੱਗ ਕੱਢ ਦਿੱਤੀ ਜਾਂਦੀ ਹੈ ਅਤੇ ਇਨਾਮ ਦੀ ਰਕਮ ਜੋ ਦਸ ਹਜ਼ਾਰ ਦੇ ਕਰੀਬ ਹੁੰਦੀ ਹੈ ਇਕ ਟਰੈਕਟਰ ਦੇ ਮਾਲਕ ਨੂੰ ਉਸ ਦੀ ਬਹਾਦਰੀ ਬਦਲੇ ਭੇਟ ਕਰ ਦਿੱਤੀ ਜਾਂਦੀ ਹੈ। ਊਠਾਂ, ਘੋੜਿਆਂ ਅਤੇ ਬਲਦਾਂ ਦੇ ਮੁਕਾਬਲੇ ਤਾਂ ਸਦੀਆਂ ਤੋਂ ਹੋ ਰਹੇ ਹਨ। ਇਨ੍ਹਾਂ ਜਾਨਵਰਾਂ ਦੇ ਮੁਕਾਬਲੇ ਕਰਾਉਣ ਦੀ ਅਜੇ ਫਿਰ ਵੀ ਕੋਈ ਤੁੱਕ ਬਣਦੀ ਹੈ ਕਿਉਂਕਿ ਇਸ ਦੇ ਵਿਚ ਮਾਲਕ ਵੱਲੋਂ ਜਾਨਵਰ ਨੂੰ ਦਿੱਤੀ ਖੁਰਾਕ/ਸਾਂਭ-ਸੰਭਾਲ ਅਤੇ ਸਿਖਲਾਈ ਦੀ ਵੀ ਨਾਲ-ਨਾਲ ਪਰਖ ਹੁੰਦੀ ਹੈ। ਪਰ ਮਸ਼ੀਨਰੀ ਦਾ ਜ਼ੋਰ ਵਿਖਾਉਣ ਵਿਚ ਕੀ ਬਹਾਦਰੀ ਹੋਈ ਭਲਾ? ਦੂਜਾ ਇਸ ਨਾਲ ਹਰ ਸਮੇਂ ਦੁਰਘਟਨਾ ਹੋਣ ਦਾ ਡਰ ਬਣਿਆ ਰਹਿੰਦਾ ਹੈ। ਕੁਝ ਥਾਈਂ ਕੁਝ ਲੋਕਾਂ ਦਾ ਜਾਨੀ ਨੁਕਸਾਨ ਹੋਇਆ ਵੀ ਹੈ। ਇਹ ਸਟੰਟ ਕਰ ਰਹੇ ਡਰਾਈਵਰਾਂ ਨੂੰ ਹੀ ਨਹੀਂ ਬਲਕਿ ਮੁਕਾਬਲਾ ਕਰਵਾ ਰਹੇ ਅਤੇ ਸੈਂਕੜਿਆਂ ਦੀ ਗਿਣਤੀ ਵਿਚ ਵੇਖ ਰਹੇ ਲੋਕਾਂ ਦੀ ਜਾਨ ਨੂੰ ਵੀ ਬਰਾਬਰ ਖ਼ਤਰਾ ਬਣਿਆ ਰਹਿੰਦਾ ਹੈ। ਵੱਖ-ਵੱਖ ਖੇਡਾਂ ਦੌਰਾਨ ਜਿੱਥੇ ਮਨੁੱਖ ਆਪਣੀ ਦਿਮਾਗੀ ਅਤੇ ਸਰੀਰਕ ਸਮਰੱਥਾ ਦਾ ਪ੍ਰਦਰਸ਼ਨ ਕਰਦਾ ਹੈ, ਉੱਥੇ ਅਜਿਹੇ ਸਟੰਟ ਕਰਨੇ ਕੋਈ ਬਹਾਦਰੀ ਵਾਲੀ ਗੱਲ ਨਹੀਂ ਬਲਕਿ ਇਹ ਇਕ ਤਰ੍ਹਾਂ ਨਾਲ ਆਪਣੀ ਅਕਲ ਦਾ ਜਨਾਜ਼ਾ ਕੱਢਣ ਵਰਗੀ ਗੱਲ ਹੁੰਦੀ ਹੈ। ਅਜਿਹੇ ਸਟੰਟ ਜਿਨ੍ਹਾਂ ਵਿਚ ਸਾਡੀ ਸੰਪਤੀ ਨਸ਼ਟ ਹੁੰਦੀ ਹੈ ਅਤੇ ਮਨੁੱਖੀ ਜਾਨ ਨੂੰ ਖ਼ਤਰਾ ਬਣਿਆ ਰਹਿੰਦਾ ਹੈ ਬੰਦ ਹੋਣੇ ਚਾਹੀਦੇ ਹਨ। ਅਕਸਰ ਅਜਿਹੇ ਪ੍ਰੋਗਰਾਮ ਪ੍ਰਸ਼ਾਸਨਿਕ ਅਧਿਕਾਰੀਆਂ ਜਾਂ ਨੇਤਾਵਾਂ ਦੀ ਹਾਜ਼ਰੀ ਵਿਚ ਹੁੰਦੇ ਹਨ, ਸਗੋਂ ਕਈ ਵਾਰ ਉਹ ਅਜਿਹੀਆਂ ਸਟੰਟਬਾਜ਼ੀਆਂ ਦਾ ਉਦਘਾਟਨ ਵੀ ਕਰਦੇ ਹਨ। ਪ੍ਰਸ਼ਾਸਨ ਨੂੰ ਇਸ ਸਬੰਧੀ ਸੁਚੇਤ ਹੋਣਾ ਚਾਹੀਦਾ ਹੈ, ਅਜਿਹੀਆਂ ਸਟੰਟਬਾਜ਼ੀਆਂ 'ਤੇ ਤੁਰੰਤ ਰੋਕ ਲੱਗਣੀ ਚਾਹੀਦੀ ਹੈ, ਕਿਸੇ ਵੱਡੀ ਦੁਰਘਟਨਾ ਨੂੰ ਉਡੀਕਣਾ ਨਹੀਂ ਚਾਹੀਦਾ।

ਤੀਜੀ ਗੱਲ ਅੱਜਕਲ੍ਹ ਪੰਜਾਬ ਵਿਚ ਕਬੱਡੀ ਦਾ ਬੜਾ ਬੋਲਬਾਲਾ ਹੈ। ਪੰਜਾਬ ਸਰਕਾਰ ਵੀ ਕਬੱਡੀ ਖਿਡਾਰੀਆਂ ਨੂੰ ਵੱਡੀਆਂ ਰਕਮਾਂ ਦੇ ਕੇ ਉਤਸ਼ਾਹਿਤ ਕਰ ਰਹੀ ਹੈ। ਪਰ ਜਿਹੜੇ ਲੋਕ ਕਬੱਡੀ ਜਾਂ ਕਬੱਡੀ ਖਿਡਾਰੀਆਂ ਨਾਲ ਥੋੜ੍ਹਾ ਬਹੁਤ ਵੀ ਵਾਹ-ਵਾਸਤਾ ਰੱਖਦੇ ਹਨ, ਉਹ ਜਾਣਦੇ ਹਨ ਕਿ ਇਸ ਖੇਡ ਵਿਚ ਆਪਣਾ ਪ੍ਰਦਰਸ਼ਨ ਚੰਗਾ ਕਰਨ ਲਈ ਖਿਡਾਰੀ ਅੱਜਕਲ੍ਹ ਕੀ ਕੁਝ ਕਰਦੇ ਹਨ? ਕਬੱਡੀ ਖੇਡ ਵਿਚ ਜ਼ੋਰ ਅਜਮਾਇਸ਼ਾਂ ਅਤੇ ਘਰੇਲੂ ਖੁਰਾਕਾਂ ਤਾਂ ਹੁਣ ਬੀਤੇ ਦੀ ਗੱਲ ਹੋ ਕੇ ਰਹਿ ਗਈਆਂ ਹਨ। ਖਿਡਾਰੀ ਨਾਨਡਰੋਲੋਨ ਅਤੇ ਟਰਾਮਾਡੋਲ ਆਦਿ ਜਿਹੇ ਟੀਕੇ ਲਾ ਕੇ ਆਪਣੀ ਸਰੀਰਕ ਸਮਰੱਥਾ ਨੂੰ ਇਕਦਮ ਵਧਾਉਣ ਦੀ ਕੋਸ਼ਿਸ਼ ਕਰਦੇ ਹਨ। ਇਨ੍ਹਾਂ ਟੀਕਿਆਂ ਦੀ ਡੋਜ਼ ਵੀ ਲੋੜ ਤੋਂ ਲਗਭਗ ਦਸ ਗੁਣਾ ਵੱਧ ਲਈ ਜਾਂਦੀ ਹੈ ਜੋ ਮਨੁੱਖੀ ਸਰੀਰ ਲਈ ਬੜੀ ਘਾਤਕ ਸਿੱਧ ਹੁੰਦੀ ਹੈ। ਟੀਕੇ ਲਾ ਕੇ ਲਗਾਤਾਰ ਮੈਚ ਖੇਡਣ ਵਾਲੇ ਖਿਡਾਰੀ ਕਈ ਤਰ੍ਹਾਂ ਦੇ ਮਾਨਸਿਕ ਵਿਕਾਰਾਂ ਦੇ ਸ਼ਿਕਾਰ ਹੋ ਜਾਂਦੇ ਹਨ। ਗ਼ਲਤ ਦਵਾਈਆਂ ਦੀ ਵਰਤੋਂ ਨਾਲ ਉਨ੍ਹਾਂ ਦੀ ਮਾਨਸਿਕ ਸ਼ਾਂਤੀ ਗਵਾਚ ਜਾਂਦੀ ਹੈ, ਉਹ ਸੁਭਾਅ ਤੋਂ ਜ਼ਿੱਦੀ ਅਤੇ ਗੁੱਸੇਖੋਰ ਬਣ ਜਾਂਦੇ ਹਨ, ਮਨ ਕਾਹਲਾ ਪੈਣ ਲੱਗਦਾ ਹੈ, ਬੇਚੈਨੀ ਹੋਣ ਲੱਗਦੀ ਹੈ, ਜਵਾਨ ਮੁੰਡੇ ਭੰਨ-ਤੋੜ ਕਰਨ ਲੱਗ ਪੈਂਦੇ ਹਨ। ਇਨ੍ਹਾਂ ਦਵਾਈਆਂ ਦੀ ਲਗਾਤਾਰ ਵਰਤੋਂ ਨਾਲ ਮਨੁੱਖੀ ਸ਼ੁਕਰਾਣੂਆਂ ਦੀ ਗਿਣਤੀ ਲਗਾਤਾਰ ਘਟਣ ਲੱਗ ਪੈਂਦੀ, ਜਿਸ ਕਰਕੇ ਬੱਚਾ ਪੈਦਾ ਕਰਨ ਦੀ ਸਮਰੱਥਾ ਵੀ ਘੱਟ ਹੋ ਜਾਂਦੀ ਹੈ। ਸਾਡੇ ਕਈ ਖਿਡਾਰੀ ਨਾ ਚਾਹੁੰਦਿਆਂ ਵੀ ਇਸ ਵਿਚ ਕਿੰਨੇ ਖਚਤ ਹੋ ਰਹੇ, ਇਸ ਗੱਲ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਇਕ ਖਿਡਾਰੀ ਨਾਲ ਗੱਲ ਕਰਦਿਆਂ ਮੈਂ ਉਸ ਨੂੰ ਕਿਹਾ ਕਿ 'ਕੋਈ ਖੇਡਦਾ ਤਾਂ ਖੇਡੀ ਜਾਵੇ ਤੁਸੀਂ ਟੀਕੇ ਲਾ ਕੇ ਨਾ ਖੇਡਿਆ ਕਰੋ।' ਤਾਂ ਉਸ ਦਾ ਜਵਾਬ ਸੀ, 'ਭਾਅ ਜੀ ਮੈਂ ਗਰਾਊਂਡ 'ਚ ਜਾ ਕੇ ਚਪੇੜਾਂ ਖਾਣੀਆਂ ਨੇ? ਭਾਵ ਜਦੋਂ ਦੂਜੇ ਨੇ ਟੀਕਾ ਲਾਇਆ ਹੋਇਆ ਹੋਵੇਗਾ ਤਾਂ ਨਿਸ਼ਚਿਤ ਹੈ ਕਿ ਉਹ ਸਾਡੇ 'ਤੇ ਭਾਰੀ ਪਵੇਗਾ। ਇਹੋ ਕਾਰਨ ਹੈ ਕਿ ਹੁਣ ਕਬੱਡੀ ਦੁੱਧ ਘਿਓ ਦੀ ਖੁਰਾਕਾਂ ਖਾ ਕੇ ਖੇਡਣ ਵਾਲੀ ਖੇਡ ਨਹੀਂ ਰਹੀ। ਪੰਜਾਬ ਦੇ ਪਿੰਡਾਂ ਵਿਚ ਜਿੱਥੇ ਵੀ ਕਬੱਡੀ ਦੇ ਮੈਚ ਹੁੰਦੇ ਹਨ, ਉੱਥੇ ਅਗਲੇ ਦਿਨ ਖਾਲੀ ਟੀਕਿਆਂ ਦੇ ਖੋਲ ਅਤੇ ਵਰਤੀਆਂ ਸਰਿੰਜਾਂ ਵੱਡੀ ਮਾਤਰਾ ਵਿਚ ਖਿਲਰੀਆਂ ਆਮ ਵੇਖੀਆਂ ਜਾ ਸਕਦੀਆਂ ਹਨ। ਇਕ ਵਾਰ ਇਕ ਬਜ਼ੁਰਗ ਜਿਸ ਦੇ ਖੇਤਾਂ ਵਿਚ ਕਬੱਡੀ ਮੈਚ ਹੋਏ ਨੇ ਖੇਤੋਂ ਸਰਿੰਜਾਂ ਟੀਕਿਆਂ ਦੀ ਇਕ ਵੱਡੀ ਬਾਲਟੀ ਭਰ ਲਈ ਤੇ ਪਿੰਡ ਦੀ ਹਰ ਗਲੀ ਵਿਚ ਜਾ ਕੇ ਜੀਅ-ਜੀਅ ਨੂੰ ਵਿਖਾਈ 'ਆਹ ਲਓ ਵੇਖ ਲਓ ਸਾਡੀ ਜਵਾਨੀ ਦੇ ਕੰਮ।' ਜਿੱਥੇ ਪਹਿਲਾਂ ਇਹ ਚਰਚਾ ਸੀ ਕਿ ਖੇਡਾਂ ਵਿਚ ਨੌਜਵਾਨ ਨਸ਼ਿਆਂ ਤੋਂ ਬਚੇ ਰਹਿੰਦੇ ਹਨ ਹੁਣ ਇਹ ਚਰਚਾ ਵੀ ਹੈ ਕਿ ਨੌਜਵਾਨ ਕਿਵੇਂ ਨਾ ਕਿਵੇਂ ਖੇਡਾਂ ਨਾਲ ਲੱਗਣ ਵਾਲੀਆਂ ਅਲਾਮਤਾਂ ਤੋਂ ਬਚੇ ਰਹਿਣ। ਨਸ਼ੀਲੀਆਂ ਦਵਾਈਆਂ ਅਤੇ ਟੀਕੇ ਲਗਵਾ ਕੇ ਖੇਡੀਆਂ ਇਨ੍ਹਾਂ ਕਬੱਡੀਆਂ ਦਾ ਭਲਾ ਕੀ ਫਾਇਦਾ? ਸਾਨੂੰ ਪੰਜਾਬੀਆਂ ਨੂੰ ਅਜਿਹੀਆਂ ਅਲਾਮਤਾਂ ਤੋਂ ਸੁਚੇਤ ਹੋਣ ਦੀ ਲੋੜ ਹੈ, ਤਾਂ ਹੀ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਅਜਿਹੀਆਂ ਕੁਰੀਤੀਆਂ ਤੋਂ ਬਚੀਆਂ ਰਹਿਣਗੀਆਂ।

ਸਾਡੇ ਸਮਾਜ ਦੇ ਸੂਝਵਾਨ ਲੋਕਾਂ, ਆਗੂਆਂ ਨੂੰ ਪਿੰਡ/ ਮੁਹੱਲਾ ਪੱਧਰ 'ਤੇ ਸਮਾਜਿਕ ਕੁਰੀਤੀਆਂ ਖਿਲਾਫ਼ ਯਤਨਸ਼ੀਲ ਹੋਣਾ ਚਾਹੀਦਾ ਹੈ। ਇਨ੍ਹਾਂ ਨੂੰ ਰੋਕਣ ਲਈ ਲੋਕਾਂ ਵਿਚ ਸਮਝ ਪੈਦਾ ਕਰਨੀ ਚਾਹੀਦੀ ਹੈ। ਸਾਨੂੰ ਕੁਝ ਅਜਿਹੀਆਂ ਉਸਾਰੂ ਸਰਗਰਮੀਆਂ ਦੀ ਵੀ ਸ਼ਨਾਖਤ ਕਰਨ ਦੀ ਲੋੜ ਹੈ, ਜਿਸ ਨਾਲ ਸਾਡੇ ਸਮਾਜ ਦੇ ਗਿਆਨ ਵਿਗਿਆਨ ਦਾ ਘੇਰਾ ਵਿਸ਼ਾਲ ਹੋਵੇ। ਚੰਗੇ ਅਖ਼ਬਾਰਾਂ, ਰਸਾਲਿਆਂ, ਕਿਤਾਬਾਂ ਦੀ ਪਹੁੰਚ ਹਰ ਪਿੰਡ ਹਰ ਘਰ ਤੱਕ ਹੋਣੀ ਚਾਹੀਦੀ ਹੈ। ਸਾਨੂੰ ਆਪਣੇ ਕੰਮਾਂ, ਰੁਜ਼ਗਾਰ, ਗਿਆਨ ਵਿਗਿਆਨ, ਖਾਣ ਪੀਣ, ਜੀਵਨ ਜਾਂਚ ਸਬੰਧੀ ਸੈਮੀਨਾਰ ਲਾ ਕੇ ਆਪਣੀ ਨੌਜੁਆਨ ਪੀੜ੍ਹੀ ਨੂੰ ਉਸਾਰੂ ਕੰਮਾਂ ਵਿਚ ਲਾਉਣਾ ਚਾਹੀਦਾ ਹੈ। ਪਿੰਡਾਂ ਵਿਚ ਸਮੂਹਿਕ ਤੌਰ 'ਤੇ ਸਫਾਈ, ਪ੍ਰਦੂਸ਼ਣ ਅਤੇ ਖੇਤੀਬਾੜੀ ਦੀ ਰਹਿੰਦ-ਖੂੰਹਦ ਨੂੰ ਬਿਲੇ ਲਾਉਣ ਲਈ ਮੁਹਿੰਮਾਂ ਵਿੱਢੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਇਨ੍ਹਾਂ ਕੰਮਾਂ ਨੂੰ ਉਤਸਵਾਂ ਵਾਂਗ ਮਨਾਉਣਾ ਚਾਹੀਦਾ ਹੈ। ਸਾਨੂੰ ਆਪਣੀ ਸੂਝਬੂਝ ਦਾ ਸਬੂਤ ਦਿੰਦਿਆਂ ਉਹ ਸਰਗਰਮੀਆਂ ਕਰਨੀਆਂ ਚਾਹੀਦੀਆਂ ਹਨ, ਜਿਨ੍ਹਾਂ ਤੋਂ ਸਾਡੀਆਂ ਆਉਣ ਵਾਲੀਆਂ ਨਸਲਾਂ ਵੀ ਉਸਾਰੂ ਸੇਧ ਲੈ ਸਕਣ।

ਮੋ: 98550-51099



*ਪੰਜਾਬ ਦੇ ਵਿਆਹਾਂ-ਸ਼ਾਦੀਆਂ ਦਾ ਵਿਰਸਾ ਬੜਾ ਅਮੀਰ ਸ਼ਗਨਾਂ ਚਾਵਾਂ ਵਾਲਾ ਵਿਰਸਾ ਹੈ। ਵਿਆਹ ਲਈ ਭੜੋਲੇ 'ਚੋਂ ਦਾਣੇ ਕੱਢਣ ਤੋਂ ਲੈ ਕੇ ਅਖੀਰ ਤਕ ਬੜੀਆਂ ਵਧੀਆ ਰਸਮਾਂ, ਸ਼ਗਨ ਕੀਤੇ ਜਾਂਦੇ ਸਨ ਅਤੇ ਨਾਲ-ਨਾਲ ਗੀਤ ਵੀ ਗਾਏ ਜਾਂਦੇ ਸਨ। ਇਨ੍ਹਾਂ ਰਸਮਾਂ ਵਿਚ ਮੁੰਡੇ ਦੀ ਸਿਫ਼ਤ ਵਿਚ 'ਸਿਹਰਾ' ਅਤੇ ਕੁੜੀ ਨੂੰ ਸਮਝਾਉਣ ਲਈ 'ਸਿੱਖਿਆ' ਵੀ ਗਾ ਕੇ ਸੁਣਾਈ ਜਾਂਦੀ ਸੀ।*

# ਭਾਅ ਜੀ ਗੁਰਸ਼ਰਨ ਸਿੰਘ ਨੂੰ ਸਮਰਪਿਤ ਨਾਟਕ ਮੇਲਾ









ਚੇਤਨਾ ਕਲਚਰਲ ਸੈਂਟਰ ਵੱਲੋਂ ਬਰੈਂਪਟਨ ਦੇ ਪੀਅਰਸਨ ਥੀਏਟਰ ਵਿੱਚ ਅਠਾਈ ਸਤੰਬਰ ਦਿਨ ਐਤਵਾਰ ਨੂੰ ਇੱਕ ਨਾਟਕ ਮੇਲੇ ਦਾ ਆਯੋਜਨ ਕੀਤਾ ਗਿਆ। ਇਸ ਦੀ ਸ਼ੁਰੂਆਤ ਸੰਸਥਾ ਦੇ ਸੰਚਾਲਕ ਨਾਹਰ ਔਜਲਾ ਵਲੋਂ ਸ਼ਹੀਦੇ ਆਜ਼ਮ ਸ: ਭਗਤ ਸਿੰਘ ਦੇ ਜਨਮ ਦਿਨ ਤੇ ਸ਼ਹੀਦ ਦੀ ਵਿਚਾਰਧਾਰਾ ਬਾਰੇ ਵਿਚਾਰ ਪੇਸ਼ ਕਰਨ ਨਾਲ ਕੀਤੀ ਗਈ। ਇਸ ਉਪਰੰਤ ਹਰਜੀਤ ਬੇਦੀ ਨੇ ਗੁਰਸ਼ਰਨ ਸਿੰਘ ਦੀ ਨਾਟਕ ਕਲਾ ਤੇ ਉਸ ਦੇ ਲੋਕ-ਨਾਇਕ ਬਣਨ ਤੱਕ ਦੇ ਸਫਰ ਬਾਰੇ ਸੰਖੇਪ ਸ਼ਬਦਾਂ ਵਿੱਚ ਆਪਣੇ ਵਿਚਾਰ ਸਾਂਝੇ ਕੀਤੇ। ਇਸ ਤੋਂ ਬਾਅਦ ਪਹਿਲਾ ਨਾਟਕ ਸੁਪਰ-ਵੀਜ਼ਾਪੇਸ਼ ਕੀਤਾ ਗਿਆ। ਇਹ ਨਾਟਕ ਮਾਪਿਆਂ ਦੇ ਪੱਕੇ ਤੌਰ 'ਤੇ ਆਉਣ ਦੀ ਥਾਂ ਸੁਪਰ ਵੀਜ਼ੇ 'ਤੇ ਆਉਣ ਕਰਕੇ ਬੱਚਿਆਂ 'ਤੇ ਪੈ ਰਹੇ ਬੋਝ ਕਾਰਣ ਪੈਦਾ ਹੋਈ ਕੁੜੱਤਣ ਪੇਸ਼ ਕਰਦਾ ਹੈ ਕਿਉਂਕਿ ਸੁਪਰ ਵੀਜ਼ੇ 'ਤੇ ਆਏ ਮਾਪੇ ਕੰਮ ਨਹੀਂ ਕਰ ਸਕਦੇ। ਉਹਨਾਂ ਦੀ ਇੰਸੋਰੈਂਸ਼ ਦਾ ਵੱਡਾ ਖਰਚ ਤੇ ਹੋਰ ਖਰਚ ਪਰਿਵਾਰਕ ਕਲੇਸ਼ ਤੇ ਪ੍ਰੇਸ਼ਾਨੀ ਦਾ ਕਾਰਨ ਬਣਦੇ ਹਨ। ਕਈ ਵਾਰ ਹਾਲਾਤ ਇੱਥੋਂ ਤੱਕ ਵਿਗੜ ਜਾਂਦੇ ਹਨ ਕਿ ਮਾਪਿਆਂ ਨੂੰ ਦਿਲ ਤੇ ਭਾਰੀ ਬੋਝ ਰੱਖ ਕੇ ਆਪਣੇ ਪਰਿਵਾਰ ਨੂੰ ਛੱਡ ਕੇ ਵਾਪਸ ਜਾਣ ਦਾ ਫੈਸਲਾ ਕਰਨਾ ਪੈਂਦਾ ਹੈ।

ਇਸ ਨਾਟਕ ਉਪਰੰਤ ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ਼ ਵੱਲੋਂ ਇਸ ਪ੍ਰੋਗਰਾਮ ਦੇ ਸਪਾਂਸਰ ਵਿਪਨ ਮਰੋਕ ਅਤੇ ਨਾਟਕਕਾਰ ਜੋੜੀ ਨਾਹਰ-ਅਵਤਾਰ ਔਜਲਾ ਦਾ ਪਲੈਕਾਂ ਦੇ ਕੇ ਸਨਮਾਨ ਕੀਤਾ ਗਿਆ। ਇਸ ਦੌਰਾਨ ਐਸੋਸੀਏਸ਼ਨ ਦੇ ਕਨਵੀਨਰ ਪਰਮਜੀਤ ਬੜਿੰਗ ਨੇ ਗੁਰਸ਼ਰਨ ਸਿੰਘ ਦੇ ਲੋਕ ਏਕਤਾ ਦੇ ਪੈਗਾਮ ਨੂੰ ਅਮਲੀਜਾਮਾ ਪਹਿਨਾਉਂਦੇ ਹੋਏ ਸਾਰੀਆਂ ਸੀਨੀਅਰਜ਼ ਕਲੱਬਾਂ ਨੂੰ ਇੱਕ ਪਲੇਟਫਾਰਮ 'ਤੇ ਇਕੱਠਾ ਕਰਨ ਦਾ ਜ਼ਿਕਰ ਕੀਤਾ। ਉਹਨਾਂ ਦੱਸਿਆ ਕਿ ਏਕਤਾ ਨਾਲ ਹੀ ਸਾਰੀਆਂ ਸਮੱਸਿਆਵਾਂ ਹੱਲ ਹੋ ਸਕਦੀਆਂ ਹਨ। ਐਸੋਸੀਏਸ਼ਨ ਦੇ ਬੁਲਾਰੇ ਅਜੀਤ ਰੱਖੜਾ ਨੇ ਇਸ ਸੰਸਥਾ ਦੀ ਵੱਧ ਰਹੀ ਲੋਕਪ੍ਰਿਯਤਾ ਤੇ ਸਰਗਰਮੀਆਂ ਦਾ ਜ਼ਿਕਰ ਕੀਤਾ। ਹਰਜੀਤ ਬੇਦੀ ਨੇ ਅਗਲੇ ਨਾਟਕ ਦੀ ਤਿਆਰੀ ਤੱਕ ਆਪਣੀਆਂ ਕਵਿਤਾਵਾਂ ਸਾਂਝੀਆਂ ਕੀਤੀਆਂ।


ਦੂਜਾ ਨਾਟਕ ਸੀ ਭਖਦੀ ਸਮੱਸਿਆ ਬੁਲਿੰਗ ਬਾਰੇ ਕਮਿਊਨਟੀ ਨੂੰ ਚੇਤਨ ਕਰਦਾ 'ਸਹਿਮ ਦੇ ਪਲ'। ਅਜੋਕੇ ਸਮੇਂ ਦੀ ਚੂਹਾ ਦੌੜ ਵਿੱਚ ਸ਼ਾਮਲ ਮਾਪੇ ਆਪਣੇ ਬੱਚਿਆਂ ਲਈ ਵਿਹਲ ਨਹੀਂ ਕੱਢ ਰਹੇ ਜਿਸ ਕਾਰਨ ਉਹਨਾਂ ਦਾ ਸਾਂਝ ਵਾਲਾ ਰਿਸ਼ਤਾ ਤਿੜਕ ਜਾਂਦਾ ਹੈ। ਅੱਜ ਸਾਡੇ ਬੱਚੇ ਆਪਣੇ ਸਾਥੀਆਂ, ਮਾਪਿਆਂ, ਬਜ਼ੁਰਗਾਂ ਤੇ ਸਕੇ-ਸਬੰਧੀਆਂ ਦੀ ਸੰਗਤ ਮਾਨਣ ਤੋਂ ਵਿਰਵੇ ਹੋਣ ਕਾਰਨ ਉਹ ਆਪਣਾ ਰਿਸ਼ਤਾ ਮਨੁੱਖਾਂ ਦੀ ਥਾਂ ਕੰਪਿਊਟਰਾਂ ਆਦਿ ਨਾਲ ਜੋੜ ਲੈਂਦੇ ਹਨ। ਉਹਨਾਂ ਨੂੰ ਸਮਾਜ ਵਿੱਚ ਆਪਣੇ ਆਲੇ ਦੁਆਲੇ ਦੀ ਕੋਈ ਸੋਝੀ ਨਹੀਂ ਰਹਿੰਦੀ ਤੇ ਉਹ ਆਪਣੇ ਆਪ ਨੂੰ ਇਕੱਲਤਾ ਦੇ ਹਨੇਰੇ ਵਿੱਚ ਧੱਕ ਲੈਂਦੇ ਹਨ। ਅਸੀਂ ਆਪਣੇ ਬੱਚਿਆਂ ਨੂੰ ਸਹੂਲਤਾਂ ਦੇ ਕੇ ਸੁਰਖ਼ੂ ਹੋ ਜਾਂਦੇ ਹਾਂ, ਅਸੀਂ ਉਹਨਾਂ ਲਈ ਤੇ ਉਹ ਸਾਡੇ ਲਈ ਬਿਗਾਨੇ ਬਣੇ ਰਹਿੰਦੇ ਹਨ। ਕੁੱਲ ਮਿਲਾ ਕੇ ਸਾਡੀ ਨਵੀਂ ਪੀੜ੍ਹੀ ਆਪਣੇ ਆਪ ਤੱਕ ਸਿਮਟ ਕੇ ਰਹਿ ਜਾਂਦੀ ਹੈ, ਜਿਸ ਨਾਲ ਬੁਲਿੰਗ ਅਤੇ ਹੋਰ ਬਹੁਤ ਸਾਰੀਆਂ ਸਮੱਸਿਆਵਾਂ ਦਾ ਜੰਗਲ ਪੈਦਾ ਹੋ ਰਿਹਾ ਹੈ। ਸਾਡੀ ਆਉਣ ਵਾਲੀ ਪੀੜ੍ਹੀ ਦਾ ਉਸ ਜੰਗਲ ਵਿੱਚ ਗੁੰਮ ਹੋਣ ਦਾ ਖਦਸ਼ਾ ਹੈ। ਨਾਟਕ ਵਿੱਚ ਸਮੱਸਿਆ ਵਿੱਚ ਘਿਰੇ ਪ੍ਰੀਵਾਰ ਨੂੰ ਪਾਖੰਡੀ ਸਾਧ ਤੇ ਉਸ ਦੀ ਚੇਲੀ ਲੁੱਟਣ ਦੀ ਕੋਸ਼ਿਸ਼ ਕਰਦੇ ਹਨ ਪਰ ਪਰਿਵਾਰ ਦਾ ਤਰਕਸ਼ੀਲ ਰਿਸ਼ਤੇਦਾਰ ਉਹਨਾਂ ਨੂੰ ਲੁੱਟ ਤੋਂ ਬਚਾ ਲੈਂਦਾ ਹੈ। ਪੀੜਤ ਬੱਚੇ ਦਾ ਨਾਨਾ ਬਜ਼ੁਰਗਾਂ ਦੀ ਮਾਨਸਿਕਤਾ ਦਾ ਪ੍ਰਤੀਕ ਹੈ ਜੋ ਜੁਗਾੜੀ ਸੁਭਾਅ ਦਾ ਬੰਦਾ ਹੈ। ਬਜ਼ੁਰਗਾਂ ਦੇ ਕਲੱਬਾਂ ਵਿੱਚ ਲੀਡਰੀ ਕਰਨੀ ਤੇ ਸਿਆਸੀ ਲੀਡਰਾਂ ਦੇ ਬਾਰ-ਬੀਕਿਊਆਂ ਵਿੱਚ ਐਸ਼ ਕਰਨੀ ਉਸ ਦਾ ਜੱਦੀ ਸ਼ੌਕ ਹੈ। ਇਸ ਸਿਸਟਮ ਵਿੱਚ ਸਕੂਲ ਟੀਚਰ ਤੇ ਸਟੂਡੈਂਟ ਕਾਊਂਸਲਰ ਪੀੜਤ ਬੱਚੇ ਦਾ ਬਹੁਤਾ ਕੁੱਝ ਸੰਵਾਰ ਨਹੀਂ ਸਕਦੇ। ਨਾਟਕ ਸੰਕੇਤ ਕਰਦਾ ਹੈ ਕਿ ਅਸੀਂ ਆਪਣੇ ਬੱਚਿਆਂ ਦੀ ਜ਼ਿੰਦਗੀ ਇਸ ਸਿਸਟਮ ਨੂੰ ਸੌਂਪ ਕੇ ਸੁਰਖ਼ੂ ਨਹੀਂ ਹੋ ਸਕਦੇ। ਇਸ ਗੰਭੀਰ ਸਮੱਸਿਆ ਦੇ ਹੱਲ ਲਈ ਲੋਕ ਲਹਿਰ ਉਸਾਰਨ ਦੀ ਲੋੜ ਹੈ। ਜਿੱਥੇ ਨਾਟਕਾਂ ਦੇ ਵਿਸ਼ੇ ਬਹੁਤ ਗੰਭੀਰ ਤੇ ਸੰਵੇਦਨਸ਼ੀਲ ਸਨ ਉਥੇ ਕਲਾਕਾਰ ਵੀ ਆਪਣੇ ਪਾਤਰਾਂ ਨੂੰ ਰੂਪਮਾਨ ਕਰਨ ਵਿੱਚ ਕਲਾ ਦੀਆਂ ਸਿਖਰਾਂ ਨੂੰ ਛੁਹ ਗਏ। ਇਹਨਾਂ ਕਲਾਕਾਰਾਂ ਵਿੱਚ ਪਰਵੇਸ਼ ਸੇਠੀ, ਸੁਖਜੀਤ, ਸੰਨੀ ਸ਼ਿਵਰਾਜ, ਹਰਜਸਪ੍ਰੀਤ ਗਿੱਲ, ਗੁਰਬੀਰ ਗੋਗੋ, ਨਰੇਸ਼ ਭੱਠਲ, ਤਨਵੀਰ ਚਹਿਲ, ਅਵਤਾਰ ਔਜਲਾ, ਨਵੀ ਔਜਲਾ, ਲੱਕੀ ਦਿਉਲ, ਮੰਨੂ ਦਿਉਲ, ਸ਼ਿਵਦੇਵ ਗਿੱਲ, ਰਣਜੀਤ ਸਵੈਚ, ਗੁਰਲੀਨ ਦੇਵ, ਨਵਨੀਤ ਬੈਨੀਪਾਲ, ਅਮਰ ਢੀਂਡਸਾ ਆਦਿ ਸਨ। ਨਾਟਕ ਦੇ ਗੀਤਾਂ ਦੇ ਗਾਇਕ ਕਲਾਕਾਰ ਸੰਨੀ ਸ਼ਿਵਰਾਜ, ਰਾਜ ਘੁੰਮਣ, ਪਰਮਜੀਤ ਗਿੱਲ ਤੇ ਨਦੀਮ ਸਨ ਤੇ ਇਹਨਾਂ ਨੂੰ ਲਿਖਿਆ ਸੀ ਭੁਪਿੰਦਰ ਦੂਲੇ ਤੇ ਨਾਹਰ ਔਜਲਾ ਨੇ।

ਪ੍ਰੋਗਰਾਮ ਦੀ ਸਫਲਤਾ ਦਾ ਸਬੂਤ ਇਸ ਗੱਲ ਤੋਂ ਮਿਲਦਾ ਹੈ ਕਿ ਦਰਸ਼ਕ ਸ਼ੁਰੂ ਤੋਂ ਅੰਤ ਤੱਕ ਇਸ ਨਾਲ ਜੁੜੇ ਰਹੇ। ਹਰਜੀਤ ਬੇਦੀ ਨੇ ਪ੍ਰੋਗਰਾਮ ਦੀ ਲੜੀ ਨੂੰ ਬੜੇ ਸੁਚੱਜੇ ਢੰਗ ਨਾਲ ਜੋੜੀ ਰੱਖਿਆ। ਸਮਾਜ ਵਿੱਚ ਚੇਤਨਾ ਪੈਦਾ ਕਰਨ ਲਈ ਅਜਿਹੇ ਨਾਟਕਾਂ ਦੀ ਅਤਿਅੰਤ ਲੋੜ ਹੈ। ਇਸ ਪੇਸ਼ਕਾਰੀ ਨੇ ਨਾਹਰ-ਅਵਤਾਰ ਔਜਲਾ ਦੀ ਜੋੜੀ ਤੇ ਉਹਨਾਂ ਦੇ ਸਾਥੀਆਂ ਵੱਲੋਂ ਚਲਾਈ ਜਾ ਰਹੀ ਸੰਸਥਾ ਚੇਤਨਾ ਕਲਚਰਲ ਸੈਂਟਰਦੇ ਨਾਂ ਨੂੰ ਸਾਕਾਰ ਕਰ ਦਿੱਤਾ ਹੈ। ਦਰਸ਼ਕਾਂ ਨੂੰ ਇਹਨਾਂ ਤੋਂ ਭਵਿੱਖ ਵਿੱਚ ਵੀ ਅਜਿਹੇ ਸਮਾਜਿਕ ਵਿਸ਼ਿਆਂ 'ਤੇ ਚੇਤਨਾ ਭਰਪੂਰ ਨਾਟਕਾਂ ਦੀ ਆਸ ਬਣੀ ਰਹੇਗੀ। ਇਸ ਪ੍ਰੋਗਰਾਮ ਦੀ ਫੋਟੋਗ੍ਰਾਫੀ ਤੇ ਵੀਡੀਓ ਮਨਦੀਪ ਔਜਲਾ ਵਲੋਂ ਬਣਾਈ ਗਈ। ਪ੍ਰੋਗਰਾਮ ਦੇ ਅੰਤ 'ਚ ਨਾਹਰ ਔਜਲਾ ਵਲੋਂ ਸਾਰੇ ਦਰਸ਼ਕਾਂ ਦਾ, ਸਾਰੇ ਮੀਡੀਏ ਦਾ, ਸ: ਵਿਪਨਦੀਪ ਮਾਰੌਕ ਸਾਹਿਬ ਦਾ ਤੇ ਸਾਰੇ ਕਲਾਕਾਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

**- ਹਰਜੀਤ ਬੇਦੀ, ਪਰਮਜੀਤ ਬੜਿੰਗ**

# ਕਾਮਰੇਡ ਭੁਪੇਸ਼ ਗੁਪਤਾ ਦਾ ਕੋਟ

**ਨਰਭਿੰਦਰ**



ਬਹੁਤ ਪਹਿਲਾਂ ਹਿੰਦੀ 'ਚ ਇਕ ਕਹਾਣੀ ਛਪੀ ਸੀ, 'ਕਾਮਰੇਡ ਦਾ ਕੋਟ'। ਕਹਾਣੀ ਵਿਅੰਗ ਸੀ, ਪਰ ਜਿਹੜੀ ਕਹਾਣੀ ਇਥੇ ਰੱਖੀ ਜਾ ਰਹੀ ਹੈ, ਉਹ ਹੈ ਹਕੀਕਤ। ਸੱਚੀਉਂ ਹਕੀਕਤ। ਵਿਸ਼ਵ ਨਾਥ ਤ੍ਰਿਪਾਠੀ ਨੇ ਇਹਨੂੰ ਹਿੰਦੀ ਪਾਠਕਾਂ ਨਾਲ ਸਾਂਝਾ ਕੀਤਾ। ਮੈਂ ਇਹ ਪੰਜਾਬੀ ਪਾਠਕਾਂ ਨਾਲ ਆਪਣੇ ਢੰਗ ਤੇ ਨਾਲ ਸ਼ਬਦਾਂ ਨਾਲ ਸਾਂਝਾ ਕਰ ਰਿਹਾ ਹਾਂ। ਇਹ ਇਸ ਕਰਕੇ ਕਿ ਨਵੀਂ ਪੀੜ੍ਹੀ ਪੁਰਾਣੀ ਪੀੜ੍ਹੀ ਤੋਂ ਕੁਝ ਸਿੱਖ ਸਕੇ। ਆਪਣੀ ਵਿਰਾਸਤ ਨੂੰ ਘੱਟੋ ਘੱਟ ਅੰਦਰ ਹੀ ਸੰਜੋ ਸਕੇ।

ਕਾਮਰੇਡ ਭੁਪੇਸ਼ ਗੁਪਤਾ ਭਾਈ ਕਮਿਊਨਿਸਟ ਪਾਰਟੀ ਦੇ ਨਾ ਸਿਰਫ਼ ਆਲ੍ਹਾ ਪੱਧਰ ਦੇ ਆਗੂ ਸਨ ਸਗੋਂ ਲੰਮਾ ਸਮਾਂ ਸੰਸਦ ਮੈਂਬਰ ਵੀ ਰਹੇ। ਉਨ੍ਹੀਂ ਦਿਨੀਂ ਉਹ 'ਨਿਊ ਏਜ਼' ਪਰਚੇ ਦੇ ਸੰਪਾਦਕ ਹੁੰਦੇ ਸਨ। ਉਨ੍ਹਾਂ ਦੀ ਪੜ੍ਹਨ ਤੇ ਲਿਖਣ ਦੀ ਆਪਦੀ ਹੀ ਮਿਜਾਜ਼ ਸੀ। ਦਫ਼ਤਰ ਆਏ ਕੁਰਸੀ ਉਤੇ ਬੈਠੇ ਲਿਖਣ ਲੱਗੇ ਤੇ ਲਿਖਦੇ ਰਹੇ ਪੜ੍ਹਨ ਲੱਗੇ ਤੇ ਪੜ੍ਹਦੇ ਰਹੇ ਨੇੜੇ ਕੁਝ ਹੋਈ ਜਾਵੇ ਇਹਦੀ ਖ਼ਬਰ ਨਹੀਂ ਸੀ ਕਿਸੇ ਨੂੰ। ਇਹ ਖਾਸੀਅਤ ਸ਼ਾਇਦ ਹੋਰ ਕਾਮਰੇਡਾਂ ਦੀ ਵੀ ਹੋਵੇ। ਇਕ ਹੋਰ ਭੇਦ ਵਾਲੀ ਗੱਲ ਸੀ ਕਿ ਉਹ ਦਫ਼ਤਰ ਜਿਹੜਾ ਕੋਟ ਪਾ ਕੇ ਆਉਂਦੇ ਅਤੇ ਜਿਹਨੂੰ ਪਹਿਨਕੇ ਹੀ ਲਿਖਦੇ ਰਹਿੰਦੇ ਉਹਦੀ ਸੱਜੀ ਬਾਂਹ ਪਾਟੀ ਹੋਈ ਸੀ। ਇਕ ਨਹੀਂ ਕਈ ਸਾਲਾਂ ਤੋਂ ਉਹ ਉਹੋ ਹੀ ਕੋਟ ਪਾਉਂਦੇ ਆ ਰਹੇ ਸਨ। ਉਂਝ ਕੋਟ ਸਾਫ਼ ਸੀ ਪਰ ਪਾਏ ਤੇ ਪੁਰਾਣੇ ਕੋਟ ਨੂੰ ਉਨ੍ਹਾਂ ਤਿਆਗਿਆ ਨਹੀਂ ਸੀ। ਸੋ ਇਹ ਆਪਣੇ ਆਪ ਹੀ ਇਕ ਅਦਭੁੱਤ, ਮਾਨਸਿਕ ਪੀੜਾ ਦੇਣ ਵਾਲਾ ਅਤੇ ਪ੍ਰੇਰਕ ਦ੍ਰਿਸ਼ ਅਤੇ ਅਨੁਭਵ ਹੁੰਦਾ ਸੀ। ਇਹ ਕੋਟ ਰਾਜ ਸਭਾ ਵਿਚ ਜਾਂਦਾ ਰਿਹਾ।

ਇਕ ਸਾਲ ਵਿਚ ਵਿਉਂਤ ਬਣੀ ਕਿ ਕਾਮਰੇਡ ਭੁਪੇਸ਼ ਗੁਪਤਾ ਨੂੰ ਨਵਾਂ ਕੋਟ ਲੈ ਕੇ ਦਿੱਤਾ ਜਾਵੇ ਜਾਂ ਪੁਆਇਆ ਜਾਵੇ। ਬਾਜ਼ਾਰ ਦੇ ਕੋਟ ਤਾਂ ਉਨ੍ਹਾਂ ਦੇ ਫਿਟ ਆ ਨਹੀਂ ਸਨ ਸਕਦੇ ਉਨ੍ਹਾਂ ਦੇ ਕੋਟ ਦਾ ਸਟਾਈਲ ਖੁਦ ਉਨ੍ਹਾਂ ਦੀ ਹੀ ਵਿਲੱਖਣ ਪਸੰਦ ਸੀ। ਸੋ ਇਹ ਤਾਂ ਨਵਾਂ ਹੀ ਤਿਆਰ ਹੋ ਸਕਦਾ ਸੀ। ਪਰ ਇਹਦੇ ਲਈ ਉਨ੍ਹਾਂ ਨੂੰ ਤਿਆਰ ਕਰਨਾ, ਦਰਜ਼ ਕੋਲ ਲੈ ਕੇ ਜਾਣਾ ਕੋਈ ਅਸਾਨ ਕੰਮ ਨਹੀਂ ਸੀ। ਹੋਇਆ ਇਹ ਕਿ ਪਾਰਟੀ ਦੇ ਜਨਰਲ ਸਕੱਤਰ ਰਾਜੇਸ਼ਵਰ ਰਾਓ ਇਕ ਵਾਰੀ ਰੂਮਾਨੀਆ ਗਏ ਸਨ ਇਥੇ ਉਨ੍ਹਾਂ ਨੂੰ ਕੁਝ ਕੱਪੜੇ ਤੋਹਫ਼ੇ 'ਚ ਮਿਲੇ ਸਨ ਇਨ੍ਹਾਂ ਵਿਚ ਇਕ ਵੱਡੇ ਕੋਟ ਦਾ ਕੱਪੜਾ ਵੀ ਸੀ। ਉਹ ਜਿਵੇਂ ਦਾ ਤਿਵੇਂ ਰੱਖਿਆ ਪਿਆ ਸੀ। ਉਹ ਵੀ ਅਣਸੀਤੇ ਕੱਪੜੇ ਦਾ ਨਵਾਂ ਕੋਟ ਸਵਾਉਣ ਲਈ ਤਿਆਰ ਨਹੀਂ ਸਨ। ਜਦੋਂ ਭੁਪੇਸ਼ ਗੁਪਤਾ ਲਈ ਕੋਟ ਸਬੰਧੀ ਚਰਚਾ ਚਲ ਰਹੀ ਸੀ ਤਾਂ ਇਹ ਕਨਸੋਅ ਰਾਜੇਸ਼ਵਰ ਰਾਓ ਤੱਕ ਪਹੁੰਚ ਗਈ। ਉਨ੍ਹਾਂ ਨੇ ਝੱਟ ਕੱਪੜਾ ਲਿਆ ਦਿੱਤਾ। ਪਰ ਵੱਡੀ ਸਮੱਸਿਆ ਤਾਂ ਇਹ ਸੀ ਕਿ ਨਾ ਇਹ ਭੁਪੇਸ਼ ਗੁਪਤਾ ਨੂੰ ਫੜਾਇਆ ਜਾ ਸਕਦਾ ਸੀ ਨਾ ਹੀ ਉਨ੍ਹਾਂ ਖੁਦ ਇਹ ਸਿਲਾਉਣਾ ਹੀ ਸੀ। ਦਰਜ਼ੀ ਦੁਕਾਨ ਉਤੇ ਉਨ੍ਹਾਂ ਨੂੰ ਕੌਣ ਲੈ ਕੇ ਜਾਵੇ ਇਹ ਉਸ ਤੋਂ ਵੀ ਵੱਡੀ ਸਮੱਸਿਆ ਸੀ? ਖੈਰ ਸਾਜ਼ਿਸੀ ਵਿੰਗ ਨੇ ਵਿਉਂਤ ਇਹ ਬਣਾਈ ਕਿ ਨਾਪ ਲੈਣ ਵਾਲੇ ਦਰਜ਼ੀ ਨੂੰ ਇਥੇ ਬੁਲਾ ਲਿਆ ਜਾਵੇ। ਬੁਲਾ ਲਿਆ ਗਿਆ। ਭੁਪੇਸ਼ ਗੁਪਤਾ ਜੀ ਇਸ ਸਾਜ਼ਿਸ਼ ਤੋਂ ਅਣਜਾਨ ਸਨ। ਰਾਜੇਸ਼ਵਰ ਰਾਓ ਸਮੇਤ ਕਈ ਸੀਨੀਅਰ ਕਾਮਰੇਡ ਛਾਪਾ ਮਾਰ ਸ਼ੈਲੀ 'ਚ ਸਹਿਜੇ ਸਹਿਜੇ ਚਹੁੰ ਪਾਸਿਉਂ ਭੁਪੇਸ਼ ਗੁਪਤਾ ਜੀ ਦੀ ਕੁਰਸੀ ਦੁਆਲੇ ਜੁੜ ਗਏ। ਦਰਜੀ ਸਾਹਿਬਾਨ ਪਿਛੇ ਲਕੋਏ ਹੋਏ ਸਨ। ਰਾਜੇਸ਼ਵਰ ਰਾਓ ਨੂੰ ਜਦੋਂ ਭੁਪੇਸ਼ ਗੁਪਤਾ ਉਠ ਕੇ ਮਿਲਣ ਲੱਗੇ ਤਾਂ ਰਾਜੇਸ਼ਵਰ ਰਾਓ ਨੇ ਮਲਕੜੇ ਜੇਹੇ ਪਿਆਰ ਨਾਲ ਉਨ੍ਹਾਂ ਦੇ ਕੋਟ ਦੇ ਬਟਨ ਖੋਲ੍ਹਣੇ ਸ਼ੁਰੂ ਕਰ ਦਿੱਤੇ ਅਤੇ ਫਟਿਆ ਕੋਟ ਸਹਿਜੇ ਜਹੇ ਪਿਆਰ ਨਾਲ ਲਾਹ ਲਿਆ ਇਸ ਸਮੇਂ ਉਹ ਕੀ ਕਹਿੰਦੇ ਰਹੇ ਕਿ ਤਾਂ ਕਿਸੇ ਨੋਟ ਨਹੀਂ ਕੀਤਾ ਪਰ ਫੁਰਤੀ ਨਾਲ ਪਿਛੋਂ ਦਰਜੀ ਫੀਤਾ ਲੈ ਕੇ ਨਿਕਲਿਆ ਅਤੇ ਗੁਰੀਲਾ ਐਕਸ਼ਨ ਵਾਂਗੂ ਨਾਪ ਲੈ ਲਿਆ। ਜਦੋਂ ਦਰਜੀ ਨਾਪ ਲੈ ਕੇ ਪਿਛੇ ਹੋ ਗਿਆ ਤਾਂ ਰਾਜੇਸ਼ਵਰ ਰਾਓ ਨੇ ਸਹਿਜੇ ਜੇਹੇ ਕੱਪੜਾ ਕੱਢ ਕੇ ਭੁਪੇਸ਼ ਗੁਪਤਾ ਮੂਹਰੇ ਰੱਖਿਆ ਹੁਣ ਇਸ ਕੱਪੜੇ ਦਾ ਕੋਟ ਸੀਤਾ ਜਾਵੇਗਾ ਤੁਹਾਡੇ ਲਈ।

ਖੈਰ ਕੋਟ ਬਣਕੇ ਆ ਗਿਆ। ਥੱਕ ਹਾਰਕੇ ਭੁਪੇਸ਼ ਗੁਪਤਾ ਜੀ ਨੇ ਪਾ ਲਿਆ। ਪਰ ਕੋਟ ਪਾ ਕੇ ਕਈ ਦਿਨਾਂ ਤੱਕ ਲਗਭਗ ਮਹੀਨਾ ਭਰ ਤੋਂ ਵੱਧ ਦਿਨ ਸਰਮਾਉਂਦੇ ਰਹੇ ਅਤੇ ਸ਼ਰਮ ਭਰੀ ਮੁਸਕਰਾਹਟ ਵੀ ਬਖੇਰਦੇ ਰਹੇ। ਯਾਦ ਰਹੇ ਇੰਗਲੈਂਡ ਤੋਂ ਵਕਾਲਤ ਪਾਸ ਕਰਕੇ ਕਮਿਊਨਿਸਟ ਬਣੇ ਭੁਪੇਸ਼ ਗੁਪਤਾ ਉਚ ਕੋਟੀ ਦੇ ਵਿਦਵਾਨ ਵੀ ਸਨ ਅਤੇ ਉਹ ਇਕ ਚੰਗੇ ਵਕਤਾ ਹੀ ਨਹੀਂ ਸਗੋਂ ਬਹਿਸ ਕਰਤਾ ਵੀ ਸਨ। ਉਨ੍ਹਾਂ ਵਿਆਹ ਨਹੀਂ ਸੀ ਕਰਵਾਇਆ। ਬੁਢਾਪਾ ਵੀ ਕਾਫ਼ੀ ਉਤੇ ਚੜ੍ਹ ਆਇਆ ਸੀ। ਕਿਉਂਕਿ ਉਹ ਲੋਕ ਸਭਾ ਤੇ ਰਾਜ ਸਭਾ ਦੇ ਵਿਚ ਇਕ ਚੰਗੇ ਵਕਤਾ ਦੇ ਤੌਰ 'ਤੇ ਜਾਣੇ ਜਾਂਦੇ ਸਨ ਅਤੇ ਉਨ੍ਹਾਂ ਨੂੰ ਬੋਲਦਿਆਂ ਸੁਣਨ ਲਈ ਲੋਕ ਸਭਾ ਮੈਂਬਰ ਸ਼ਾਂਤ ਹੋ ਜਾਂਦੇ ਸਨ। ਉਨ੍ਹਾਂ ਦੇ ਤੱਥਾਂ ਆਧਾਰਤ ਭਾਸ਼ਨ ਵਿਚ ਐਨਾ ਦਮ ਸੀ। ਉਹ ਹਰ ਸੁਆਲ ਦਾ ਜੁਆਬ ਦਿੰਦੇ ਸਨ। ਇਕ ਵਾਰੀ ਉਹ ਬੋਲ ਰਹੇ ਸਨ ਕਿ ਇਕ ਔਰਤ ਰਾਜ ਸਭਾ ਮੈਂਬਰ ਨੇ ਉਨ੍ਹਾਂ ਦੇ ਭਾਸ਼ਨ ਕਰਦਿਆਂ ਸਮੇਂ ਬਹੁਤ ਟੋਕਾ ਟਾਕੀ ਕੀਤੀ। ਭੁਪੇਸ਼ ਗੁਪਤਾ ਜੀ ਨੇ ਬੜੇ ਸਹਿਜ ਨਾਲ ਹੀ ਕਿਹਾ, "ਅਜੇ ਤਾਂ ਮੇਰੀ ਜ਼ਿੰਦਗੀ 'ਚ ਕਿਸੇ ਔਰਤ ਨੇ ਦਖ਼ਲ ਅੰਦਾਜ਼ੀ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਹੁਣ ਬੁਢਾਪੇ 'ਚ ਤੁਸੀਂ ਬਿਲਕੁਲ ਨਹੀਂ ਕਰ ਸਕੋਗੇ।" ਪੂਰੀ ਰਾਜ ਸਭਾ 'ਚ ਹਾਸਿਆਂ ਦਾ ਮਾਹੌਲ ਛਾ ਗਿਆ। ਪਰ ਭੁਪੇਸ਼ ਗੁਪਤਾ ਜੀ ਨੇ ਉਹ ਔਰਤ ਮੈਂਬਰ ਦੇ ਸੁਆਲਾਂ ਦੇ ਬੜੇ ਸ਼ਾਲੀਨ ਢੰਗ ਨਾਲ ਤੱਥਾਂ ਸਹਿਤ ਜੁਆਬ ਦੇ ਕੇ ਉਨ੍ਹਾਂ ਨੂੰ ਆਪਣੀ ਵਿਦਵਤਾ ਦਾ ਲੋਹਾ ਮੰਨਵਾ ਲਿਆ।

**(ਵਿਸ਼ਵ ਨਾਥ ਤ੍ਰਿਪਾਠੀ ਦੀ ਲਿਖਤ ਦੇ ਸਹਿਯੋਗ ਨਾਲ)**

93544-30211

# ਕਾਲੇ ਸਮਿਆਂ 'ਚ ਸਾਕਾਆਤਮਕ ਵਿਚਾਰ

**ਜੇਮਜ ਪੇਤਰਾਸ**

ਹੱਥਲਾ ਲੇਖ **Positive Thowght on Dark Time** ਦੇ ਮੁੱਖ ਹਿੱਸੇ ਦਾ ਭਾਵਆਤਮਕ ਅਨੁਵਾਦ ਹੈ। ਇਹ ਲੇਖ ਗਲੋਬਲ ਰਿਸਰਚ 'ਚ ਛਪਿਆ ਹੈ ਅਤੇ ਲੇਖਕ ਹਨ ਜੇਮਜ਼ ਪੇਤਰਾਸ। ਤਾਨਾਸ਼ਾਹ ਪੂੰਜੀਵਾਦ ਵਾਲੀ ਲਿਖਤ ਉਤੇ ਮੇਰੇ ਇਕ ਮਿੱਤਰ ਨੇ ਮੈਨੂੰ ਵਿਸ਼ਵ ਸੰਕਟ ਅਤੇ ਸਾਮਰਾਜੀ ਜੰਗੀ ਮਸ਼ਕਾਂ ਸਬੰਧੀ ਲਿਖਣ ਲਈ ਪ੍ਰੇਰਿਆ। ਜਿਹੜਾ ਮੇਰੇ ਕੋਲ ਤਿਆਰ ਪਿਆ ਹੈ। ਜਿਸਦੇ ਅੰਕੜੇ ਮੈਂ ਅਪਡੇਟ ਕਰਨਾ ਚਾਹੁੰਦਾ ਸੀ ਕਿ ਹੱਥਲੀ ਲਿਖਤ ਮੇਰੀ ਨਿਗਾਹ ਚੜ੍ਹ ਗਈ। ਪੂੰਜੀਵਾਦੀ ਸੰਕਟ ਅਤੇ ਜੰਗਾਂ ਤੋਂ ਅਗਲੇਰੇ ਕਦਮ ਭਾਵ ਸਾਮਰਾਜ ਨਾਲ ਦੁਨੀਆ ਦੇ ਲੋਕਾਂ ਦੀਆਂ ਲੜਾਈਆਂ ਦਾ ਹਾਂਪੱਖੀ ਰੁਝਾਨ ਜਿਸ ਬਾਰੇ ਜੇਮਜ਼ ਪੇਤਰਾਸ ਹੀ ਲਿਖਦਾ ਹੈ-"ਦੁਸ਼ਮਣ ਪੂੰਜੀਵਾਦ ਤਾਕਤਵਰ ਹੈ ਪਰ ਇਹ ਲੋਕਾਂ ਦੀਆਂ ਬੁਨਿਆਦੀ ਸਮੱਸਿਆਵਾਂ ਦਾ ਹੱਲ ਨਹੀਂ ਕਰ ਸਕਦਾ। ਇਹ ਆਪਣੇ ਹੀ ਅੰਤਰ ਵਿਰੋਧਾਂ 'ਚ ਗ੍ਰਸਤ ਹੈ।"-ਭਾਵ ਆਪਣੀ ਮੌਤ ਆਪਣੇ ਹੀ ਮੋਢਿਆਂ ਉਤੇ ਚੱਕੀ ਫਿਰਦਾ ਹੈ। ਸਾਮਰਾਜ ਇਜ਼ਰਾਈਲ-ਗਾਜ਼ਾ ਪੱਟੀ-ਯੂਕਰੇਨ-ਇਰਾਕ-ਵੈਨਜ਼ੁਏਲਾ ਅਫ਼ਗਾਨਿਸਤਾਨ-ਇਥੋਂ ਤੱਕ ਕਿ ਭਾਰਤ-ਪਾਕਿ, ਭਾਰਤ-ਚੀਨ ਤਨਾਅ ਆਦਿ 'ਚ ਜਿਹੜੇ ਯੁੱਧ ਅਭਿਆਸ 'ਚ ਲੱਗਾ ਹੈ ਉਹ ਇਕ ਵਿਸ਼ਵ ਜੰਗ ਵੱਲ ਇਸ਼ਾਰਾ ਵੀ ਹੈ। ਦੁਨੀਆ 'ਚ ਸਭ ਤੋਂ ਵੱਧ ਜੰਗੀ ਸਨਅਤ (**War Industries**) ਦਾ ਕਾਰੋਬਾਰੀ ਅਮਰੀਕਾ ਅਜਿਹੇ ਜੰਗੀ ਮਾਹੌਲ ਬਣਾ ਕੇ ਆਪਣੀ ਸਨਅਤ ਲਈ ਮੰਡੀਆਂ ਤਿਆਰ ਕਰਨ ਵਿਚ ਰੁਝਾ ਹੋਇਆ ਹੈ ਪਰ ਦੂਜੇ ਪਾਸੇ ਇਸ ਚੱਕਰਵਿਊ ਵਿਚ ਨਿਰਾ ਅਮਰੀਕਾ ਹੀ ਨਹੀਂ ਸਮੁੱਚਾ ਤਾਨਾਸ਼ਾਹ ਪੂੰਜੀਵਾਨ ਵੀ ਇਸ ਦੀ ਗ੍ਰਿਫ਼ਤ 'ਚ ਆ ਰਿਹਾ ਹੈ। ਇਸ ਲਾ-ਇਲਾਜ ਹੋ ਰਹੇ ਪੂੰਜੀਵਾਦੀ ਪ੍ਰਬੰਧ ਦੇ ਬਦਲ ਵਿਚ ਸੋਚਣ ਅਤੇ ਤਿਆਰ ਕਰਨ ਦੀ ਜਿਥੇ ਲੋੜ ਹੈ, ਉਥੇ ਵਿਸ਼ਵ ਲੋਕਾਈ ਵਲੋਂ ਹੋ ਰਹੇ ਵਿਰੋਧ ਇਕ ਪ੍ਰੇਰਣਾ ਦੀ ਊਰਜਾ ਦਾ ਕੰਮ ਵੀ ਕਰਦੇ ਹਨ।

ਰੂਪਾਂਤਰ ਅਤੇ ਅਨੁਵਾਦ : ਨਰਭਿੰਦਰ

ਪਿਛਲੇਰੇ ਪੰਦਰਾਂ ਸਾਲਾਂ ਤੋਂ ਵਧੇਰੇ ਸਮੇਂ ਤੋਂ ਅਮਰੀਕਾ ਯੂਰਪ ਅਤੇ ਇਜ਼ਰਾਇਲ ਲਗਾਤਾਰ ਖੂਨੀ ਯੁੱਧਾਂ 'ਚ ਲੱਗੇ ਰਹੇ ਹਨ। ਇਸੇ ਦੌਰਾਨ ਸਮੁੱਚੀ ਦੁਨੀਆ 'ਚ ਅਸਮਾਨਤਾ ਵਧੀ ਹੈ। ਆਰਥਿਕ ਸੰਕਟ ਲਾ ਇਲਾਜ ਹੁੰਦਾ ਗਿਆ ਹੈ ਅਤੇ ਹੁਣੇ ਹੁਣੇ ਹੀ ਸਮੁੱਚੇ ਅਫਰੀਕਾ, ਯੂਰਪ ਅਤੇ ਕੈਨੇਡਾ 'ਚ ਸੱਜ ਪਿਛਾਖੜੀ ਫੌਜੀ ਅਤੇ ਨਾਗਰਿਕ ਹਕੂਮਤਾਂ ਸੱਤਾ ਉਤੇ ਕਾਬਿਜ ਹੋਈਆਂ ਹਨ।

ਫਿਰ ਵੀ ਇਸ ਆਮ ਤੌਰ 'ਤੇ ਨਿਰਾਸ਼ਾਜਨਕ ਤਸਵੀਰ ਦੇ ਬਾਵਜੂਦ ਕੁਝ ਮਹੱਤਵਪੂਰਨ ਸਾਕਾਰਾਆਤਮਕ ਘਟਨਾਕ੍ਰਮ ਹੋਏ ਹਨ ਜਿਨ੍ਹਾਂ ਨਾਲ ਮੌਜੂਦਾ ਪਿਛਾਖੜੀ ਲਹਿਰਾਂ ਨੂੰ ਉਲਟਾ ਕੇ ਬੁਨਿਆਦੀ ਤਬਦੀਲੀਆਂ ਦੀ ਸੰਭਾਵਨਾ ਤਾਕਤਵਰ ਦਿਖਾਈ ਦਿੰਦੀ ਹੈ। ਇਨ੍ਹਾਂ ਸਾਕਾਰਆਤਮਕ ਘਟਨਾਕ੍ਰਮ ਦੀ ਰੂਪ ਰੇਖਾ ਰੱਖਦਿਆਂ ਹੋਇਆਂ ਅਤੇ ਪ੍ਰਤਿਗਾਮੀ ਸੰਦਰਭਾਂ ਨੂੰ ਧਿਆਨ 'ਚ ਰੱਖਦਿਆਂ ਇਸ ਨੂੰ ਇਵੇਂ ਵਾਚਿਆ ਗਿਆ ਹੈ।

**ਏਸ਼ੀਆ ਵਿਚ ਉਲਟ ਇਨਕਲਾਬਵਾਦ ਅਤੇ ਵਿਕਾਸਸ਼ੀਲ**

ਏਸ਼ੀਆ ਵਿਚ ਵਿਸ਼ਾਲ ਰਾਜਨੀਤਕ ਆਰਥਿਕ ਤਸਵੀਰ ਹੋਰ ਜ਼ਿਆਦਾ ਨਿਰਾਸ਼ਾਜਨਕ ਨਹੀਂ ਹੋ ਸਕਦੀ: ਥਾਈਲੈਂਡ ਵਿਚ ਸੈਨਿਕ ਗਰੋਹ ਸੱਤਾ ਵਿਚ ਹੈ ਅਤੇ ਪਾਕਿਸਤਾਨ ਵਿਚ ਫੌਜੀ ਨਾਗਰਿਕ ਹਕੂਮਤ ਹੈ। ਜਪਾਨ ਵਿਚ ਸਜੇ ਪਿਛਾਖੜੀ ਪ੍ਰਧਾਨ ਮੰਤਰੀ ਮੁੜ ਹਥਿਆਰਬੰਦ ਹੋਣ ਅਤੇ ਆਪਣੀ ਫੌਜੀ ਤਾਕਤ ਵਧਾਉਣ ਦੇ ਲਈ ਪ੍ਰਤੀਬੱਧ ਹੈ। ਆਸਟ੍ਰੇਲੀਆ, ਇੰਡੋਨੇਸ਼ੀਆ, ਦੱਖਣੀ ਕੋਰੀਆ ਅਤੇ ਭਾਰਤ ਵਿਚ ਸਜੇ ਪਿਛਾਖੜੀ ਹਾਕਮਾਂ ਨੇ ਸੱਤਾ ਹਾਸਲ ਕਰ ਲਈ ਹੈ। ਚੀਨ ਵਿਚ ਅਸਮਾਨਤਾ ਤੇਜ਼ੀ ਨਾਲ ਵਧੀ ਹੈ। ਜਦੋਂ ਕਿ ਉਥੋਂ ਦੇ ਅਰਬਪਤੀਆਂ ਅਤੇ ਕਰੋੜਪਤੀਆਂ ਦੀ ਗਿਣਤੀ ਛੇਤੀ ਹੀ ਸੰਯੁਕਤ ਰਾਜ ਅਮਰੀਕਾ ਦੇ ਅਰਬਪਤੀਆਂ ਅਤੇ ਕਰੋੜਪਤੀਆਂ ਨਾਲੋਂ ਜ਼ਿਆਦਾ ਹੋ ਜਾਵੇਗੀ। ਅਫਗਾਨਿਤਸਾਨ ਅਤੇ ਪਾਕਿਸਤਾਨ ਦੀਆਂ ਹਕੂਮਤਾਂ ਆਪਣੇ ਦੇਸ਼ ਦੀ ਧਰਤੀ ਉਤੇ ਅਮਰੀਕੀ ਫੌਜੀ ਦਖ਼ਲ-ਅੰਦਾਜ਼ੀ ਅਤੇ ਡਰੋਨ ਹਮਲਿਆਂ ਦਾ ਸਮਰਥਨ ਕਰਦੀਆਂ ਹਨ।

ਇਸ ਉਲਟਲ ਇਨਕਲਾਬੀ ਮਾਹੌਲ ਦੇ ਸਾਹਮਣੇ ਚੀਨ ਦੇ ਲੱਖਾਂ ਦੀ ਗਿਣਤੀ ਵਿਚ ਮਜ਼ਦੂਰਾਂ ਦੇ ਵਧਦੇ ਵਰਗ ਸੰਘਰਸ਼ ਨੇ ਪਿਛਲੇ ਦਹਾਕੇ ਦੌਰਾਨ ਤਨਖਾਹਾਂ ਅਤੇ ਮਜ਼ਦੂਰੀ ਵਿਚ ਔਸਤਨ 10 ਫੀਸਦੀ ਤੋਂ ਉਪਰ ਸਲਾਨਾ ਵਾਧਾ ਹਾਸਲ ਕੀਤਾ ਹੈ। ਇਸ ਨਾਲ ਉਨ੍ਹਾਂ ਦੀ ਮਜ਼ਦੂਰੀ ਵਿਚ ਕੁਲ ਮਿਲਾ ਕੇ ਦੋਗੁਣਾ ਵਾਧਾ ਹੋਇਆ ਹੈ। ਮਜ਼ਦੂਰਾਂ ਦੀ ਮਜ਼ਦੂਰੀ ਵਿਚ ਵਾਧੇ ਦਾ ਮੁੱਖ ਕਾਰਨ ਉਨ੍ਹਾਂ ਦੀਆਂ ਹੜਤਾਲਾਂ, ਮੁਜ਼ਾਹਰਿਆਂ ਅਤੇ ਜੁਝਾਰੂ ਵਰਗ ਸੰਘਰਸ਼ ਦੀਆਂ ਸਰਗਰਮੀਆਂ ਜਾਂ ਹੋਰ ਰੂਪਾਂ ਵਿਚ ਲੱਗੇ ਰਹਿਣ ਦੀ ਉਨ੍ਹਾਂ ਦੀ ਚਾਹਤ ਰਹੀ ਹੈ। ਇਸੇ ਦੌਰਾਨ ਕਈ ਵਿਦੇਸ਼ੀ ਅਤੇ ਚੀਨੀ ਕੰਪਨੀਆਂ ਨੇ ਆਪਣੀਆਂ ਫੈਕਟਰੀਆਂ ਨੂੰ ਕੰਬੋਡੀਆ, ਵੀਅਤਨਾਮ, ਬੰਗਲਾਦੇਸ਼ ਅਤੇ ਲਾਓਸ ਵਰਗੇ ਦੇਸ਼ਾਂ 'ਚ ਜਿਥੇ ਸਸਤੀ ਮਜ਼ਦੂਰੀ ਉਪਲਬਧ ਹੈ, ਵਿਚ ਲਾ ਦਿੱਤਾ ਹੈ। ਇਸ ਨਾਲ ਇਨ੍ਹਾਂ ਦੇਸ਼ਾਂ ਵਿਚ ਵਰਗ ਸੰਘਰਸ਼ ਤੇਜ਼ ਹੋਏ ਹਨ। ਪਿਛਲੇ ਕੁਝ ਸਾਲਾਂ ਵਿਚ ਕੰਬੋਡੀਆ, ਵੀਅਤਨਾਮ ਅਤੇ ਬੰਗਲਾਦੇਸ਼ ਵਿਚ ਜੁਝਾਰੂ ਹੜਤਾਲਾਂ ਅਤੇ ਹਿੰਸਕ ਵਿਰੋਧ ਹੋਏ ਹਨ।



ਇਹ ਇਸ ਗੱਲ ਦਾ ਸੰਕੇਤ ਹੈ ਕਿ ਅਮਰੀਕੀ ਪੂੰਜੀਪਤੀ ਆਪਣੇ ਨਿਵੇਸ਼ ਨੂੰ ਆਪਣੇ ਦੇਸ਼ ਦੇ ਅੰਦਰ ਲਾ ਸਕਦੇ ਹਨ। ਭਾਵ ਇਹ ਕਿ ਅਮਰੀਕਾ ਆਪਣੇ ਦੇਸ਼ ਦੇ ਅੰਦਰ ਆਪਣੀਆਂ ਫੈਕਟਰੀਆਂ ਅਤੇ ਕਾਰੋਬਾਰਾਂ ਨੂੰ ਫਿਰ ਤੋਂ ਲਾ ਸਕਦੇ ਹਨ। ਕਿਉਂਕਿ ਚੀਨ ਵਿਚ ਮਜ਼ਦੂਰੀ ਅਤੇ ਜੁਝਾਰੂਪਨ ਵਧ ਰਿਹਾ ਹੈ ਜਦੋਂ ਕਿ ਯੂ. ਐਸ. ਏ. ਵਿਚ ਘੱਟ ਹੋ ਰਿਹਾ ਹੈ ਜਾਂ ਮਰ ਰਿਹਾ ਹੈ। ਚੀਨ ਵਿਚ ਸਿੱਟੇ ਵਜੋਂ, ਸਸਤੀ ਮਜ਼ਦੂਰੀ ਵਾਲੀ ਦੁਨੀਆ ਦੀ ਸਭ ਤੋਂ ਵੱਡੀ ਰਾਖਵੀਂ ਫੌਜ ਦੇ ਬਤੌਰ ਨਾ ਰਹਿ ਜਾਣ ਨਾਲ ਵਿਸ਼ਵ ਕਿਰਤ ਬਾਜ਼ਾਰ ਸੁੰਗੜ ਜਾਵੇਗਾ ਜਿਸ ਨਾਲ ਬਿਹਤਰ ਕੰਮ ਦੀਆਂ ਹਾਲਤਾਂ ਅਤੇ ਮਜ਼ਦੂਰੀ ਦੇ ਸਫ਼ਲਤਾਪੂਰਵਕ ਸੰਘਰਸ਼ਾਂ ਵਿਚ ਮਜ਼ਦੂਰਾਂ ਦੀ ਸਮਰੱਥਾ ਵੱਧ ਜਾਵੇਗੀ।

ਇਸ ਸਾਲ ਚੀਨ ਦੀ ਪੂੰਜੀ ਦਾ ਬਾਹਰ ਜਾਣਾ, ਉਹਦੇ ਇਥੇ ਪੂੰਜੀ ਆਉਣ ਦੀ ਤੁਲਨਾ ਵਿਚ ਜ਼ਿਆਦਾ ਰਿਹਾ ਹੈ। ਪਹਿਲੀ ਵਾਰ ਅਜਿਹਾ ਹੋਇਆ ਹੈ। ਇਸ ਬਾਹਰ ਜਾਣ ਵਿਚ ਪੱਛਮੀ ਦੇਸ਼ਾਂ ਦੀ ਭਾਰੀ ਕੀਮਤ ਵਾਲੀ ਜ਼ਮੀਨ ਜਾਇਦਾਦ ਵਿਚ ਸੱਟੇਬਾਜ਼ੀ ਨਿਵੇਸ਼ ਦੇ ਨਾਲ ਹੀ, ਅਫਰੀਕਾ, ਦੱਖਣੀ ਯੂਰਪ ਅਤੇ ਉਕਰੇਨ ਦੇ ਖਾਣਾਂ ਦੇ ਖੇਤਰ ਵਿਚ ਹੋਰ ਵਧਿਆ ਨਿਵੇਸ਼ ਹੈ। ਉਤਪਾਦਕ ਨਿਵੇਸ਼ ਦੇ ਇਸ ਵਿਸਥਾਰ ਨਾਲ ਮਜ਼ਦੂਰ ਵਰਗ ਦਾ ਵਿਸਥਾਰ ਹੋਵੇਗਾ ਅਤੇ ਵਧੇਰੇ ਮਜ਼ਦੂਰਾਂ ਦੇ ਸੰਘਰਸ਼ਾਂ ਦੇ ਵੱਲ ਲੈ ਜਾਵੇਗਾ।

ਸੰਖੇਪ ਵਿਚ ਚੀਨ ਵਿਚ ਮਜ਼ਦੂਰੀ ਦੀ ਤੇਜ਼ ਅਤੇ ਲਗਾਤਾਰ ਵਾਧੇ ਨਾਲ ਜਿਹੜਾ ਵਰਗ ਸੰਘਰਸ਼ ਦੇ ਸਿੱਟੇ ਦੇ ਰੂਪ 'ਚ ਸਾਹਮਣੇ ਹੈ, ਇਸ ਦਾ ਵਿਸ਼ਵ ਇਤਿਹਾਸਕ ਮਹੱਤਵ ਹੈ ਕਿਉਂਕਿ ਇਸ ਨਾਲ ਸਕਾਰਾਆਤਮਕ ਸਮਾਜਿਕ ਰਾਜਨੀਤਕ ਅੰਦੋਲਨਾਂ ਦੀ ਲੜੀ ਵਿਚ ਗਤੀ ਆਵੇਗੀ। ਜਿਹੜੀ ਵਿਸ਼ਵੀ ਅਰਥਵਿਵਸਥਾ ਵਿਚ ਤਰਥੱਲੀ ਪੈਦਾ ਕਰੇਗੀ।

**ਅਫਗਾਨ ਯੁੱਧ ਦਾ ਹੋਰ ਜ਼ਿਆਦਾ ਮਹੱਤਵ**

ਅਫ਼ਗਾਨਿਸਤਾਨ ਵਿਚ ਲੰਮੇ ਸਮੇਂ ਤੋਂ ਚਲਣ ਵਾਲਾ ਅਮਰੀਕੀ ਯੁੱਧ ਹੁਣ 13ਵੇਂ ਸਾਲ ਵਿਚ ਹੈ ਅਤੇ ਗੈਰ ਜੇਤੂ ਤਾਲਿਬਾਨ ਕੌਮੀ ਵਿਰੋਧ ਦੇ ਸਾਹਮਣੇ ਅਮਰੀਕੀ ਸਾਮਰਾਜਵਾਦੀਆਂ ਦੀ ਹਾਰ ਅਤੇ ਪਿਛੇ ਹਟਣ ਦੇ ਨਾਲ ਨਾਲ ਅਮਰੀਕੀ ਸਾਮਰਾਜ ਦਾ ਦਬਦਬਾ ਬਣਾਉਣ ਦੇ ਬਾਵਜੂਦ ਅਮਰੀਕੀ ਸਲੋਕਾਂ ਦੇਸ਼ ਅੰਦਰੋਂ ਵਿਰੋਧ ਅਤੇ ਵਿਸ਼ਵ ਵਿਆਪੀ ਕੌਮੀ ਵਿਰੋਧੀ ਲਹਿਰਾਂ ਦੇ ਨਾਲ ਵਿਆਪਕ ਸਿੱਟਾ ਹੈ।



ਸਭ ਤੋਂ ਪਹਿਲਾਂ ਅਤੇ ਸਭ ਤੋਂ ਉਤੇ ਯੁੱਧ ਨੇ ਵਿਆਪਕ ਅਮਰੀਕੀ ਅਬਾਦੀ ਨੂੰ ਨਵੀਆਂ ਫੌਜੀ ਦਖ਼ਲ-ਅੰਦਾਜ਼ੀਆਂ, ਵਿਸ਼ੇਸ਼ ਤੌਰ 'ਤੇ ਜਿਸ ਵਿਚ ਜ਼ਮੀਨ ਉਤੇ ਲੜਨ ਵਾਲੀਆਂ ਫੌਜਾਂ ਸ਼ਾਮਲ ਹੋਣ ਦੇ ਵਿਰੁੱਧ ਖੜ੍ਹਾ ਕਰ ਦਿੱਤਾ ਹੈ। 'ਅਫ਼ਗਾਨ ਸਿੰਡਰੋਮ, (1970 ਤੋਂ 1980 ਦੇ ਦਹਾਕੇ ਵਿਚ 'ਵੀਅਤਨਾਮੀ ਸਿੰਡਰੋਮ' ਨੂੰ ਹਟਾ ਕੇ) ਨਵੇਂ ਫੌਜੀ ਸਾਮਰਾਜ ਬਣਾਉਣ ਦੀਆਂ ਘਟਨਾਵਾਂ ਨੂੰ ਸ਼ੁਰੂ ਕਰਨ ਵਿਚ ਰੁਕਾਵਟ ਬਣ ਗਿਆ ਹੈ।

ਲਿਬਿਆ ਵਿਚ ਉਬਾਮਾ ਦੀ 'ਮਨੁੱਖੀ ਦਖ਼ਲ ਅੰਦਾਜ਼ੀ' ਸ਼ਹਿਰਾਂ ਅਤੇ ਘੱਟ ਵਿਕਸਿਤ ਖੇਤਰਾਂ ਉਤੇ ਬੰਬਾਰੀ ਕਰਨ ਤੱਕ ਸੀਮਤ ਸੀ, ਜਦੋਂ ਕਿ ਉਸ ਦੇਸ਼ ਉਤੇ ਪ੍ਰਭਾਵਸ਼ਾਲੀ ਢੰਗ ਨਾਲ ਕਬਜ਼ਾ ਕਰਨ, ਸੁਰੱਖਿਅਤ ਕਠਪੁਤਲੀ ਸਰਕਾਰ ਬਿਠਾਉਣ ਅਤੇ ਕੀਮਤੀ ਤੇਲ ਭੰਡਾਰਾਂ ਉਤੇ ਕਬਜ਼ਾ ਕਰਨ ਵਿਚ ਅਮਰੀਕੀ ਜ਼ਮੀਨੀ ਫੌਜਾਂ ਨੂੰ ਭੇਜਣ ਵਿਚ ਅਸਮਰਥ ਸੀ। ਸਿੱਟੇ ਵਜੋਂ ਤ੍ਰਿਪੋਲੀ ਵਿਚ ਇਹਦੀ ਫਰਜ਼ੀ ਕਠਪੁਤਲੀ ਸਰਕਾਰ ਠਹਿਦੇ ਗਈ ਅਤੇ ਲਿਬੀਆ ਤੇਲ ਉਤਪਾਦਨ ਇਨ੍ਹਾਂ ਸਾਰਿਆਂ 'ਚ ਬਹੁਤ ਘੱਟ ਗਿਆ ਹੈ। ਲਿਬੀਆ ਦਰਅਸਲ ਅਸਫ਼ਲ ਰਾਜ ਹੈ ਜਿਥੇ ਜਨਜਾਤੀ ਫੌਜਾਂ ਰਾਜ ਕਰਦੀਆਂ ਹਨ। ਇਹ ਉਹ ਦੇਸ਼ ਹੈ ਜਿਥੇ ਕਿਸੇ ਸਮੇਂ ਆਧੁਨਿਕ ਤਾਨਾ ਬਾਨਾ ਸੀ ਜਿਹਨੂੰ ਬੰਬਾਰੀ ਨਾਲ ਤਹਿਸ਼-ਨਹਿਸ਼ ਕਰ ਦਿੱਤਾ ਗਿਆ।

ਇਸੇ ਤਰ੍ਹਾਂ ਅਮਰੀਕੀ ਸਾਮਰਾਜਵਾਦ ਸੀਰੀਆ ਵਿਚ ਜ਼ਿਹਾਦੀ ਭਾੜੇ ਦੀਆਂ ਫੌਜਾਂ ਦੇ ਰਾਹੀਂ ਛਾਪਾਮਾਰ ਯੁੱਧ ਛੇੜਣ ਦੇ ਲਈ ਮਜ਼ਬੂਰ ਹੋਏ ਕਿਉਂਕਿ 'ਅਫਗਾਨ ਸਿੰਡਰੋਮ' ਜ਼ਿਆਦਾ ਅਮਰੀਕੀ ਫੌਜਾਂ ਦੀ ਸਿੱਧੀ ਅਤੇ ਪ੍ਰਤੱਖ ਦਖ਼ਲ ਅੰਦਾਜ਼ੀ ਕਰਨ ਤੋਂ ਹੋੜਦਾ ਸੀ।

ਇਜ਼ਰਾਈਲ ਦੀ ਪੰਚਗਾਮੀ-ਤਥਾ ਕਥਿਤ ਇਜ਼ਰਾਈਲੀ ਲਾਬੀ ਵਲੋਂ ਇਰਾਨ ਦੇ ਵਿਰੁੱਧ ਯੁੱਧ ਛੇੜਣ ਦੇ ਲਈ ਅਮਰੀਕੀ ਰਾਸ਼ਟਰਪਤੀ ਅਤੇ ਕਾਂਗਰਸ ਦੇ ਉਤੇ ਭਾਰੀ ਦਬਾਅ ਦੇ ਬਾਵਜੂਦ ਅਫ਼ਗਾਨ ਸਿੰਡਰੋਮ ਨੇ ਸੰਯੁਕਤ ਰਾਜਾ ਅਮਰੀਕਾ ਦੀ ਸਰਕਾਰ ਨੂੰ ਆਰਥਿਕ ਪ੍ਰਤੀਬੰਧਾਂ ਤੱਕ ਸੀਮਤ ਰੱਖਿਆ ਹੈ। (ਹਾਲਾਂਕਿ ਉਬਾਮਾ ਸਮੇਤ ਅਮਰੀਕੀ ਸਾਮਰਾਜ ਇਰਾਨ ਉਤੇ ਹਮਲੇ ਕਰਨ ਲਈ ਰੱਸੇ ਚੱਬ ਰਿਹਾ ਹੈ) ਪੱਛਮੀ


ਇੰਟਰਨੈਸ਼ਨਲ ਮਿਆਰਾਂ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ

BALJINDER ARTS

Baljinder Singh

Mob. +91-92167-29598, +91-98782-29598

akashdeep.1046@gmail.com

ਏਸ਼ੀਆ ਵਿਚ ਸੰਯੁਕਤ ਰਾਜ ਅਮਰੀਕਾ ਵਲੋਂ ਛੇੜੇ ਗਏ ਖੁੱਲ੍ਹੇ ਅਤੇ ਗੁਪਤ ਯੁੱਧਾਂ ਦੇ ਕਾਰਨ ਆਪਾਧਾਪੀ ਅਤੇ ਹਿੰਸਕ ਗਿਰਾਵਟ ਨੇ ਉਹਨੂੰ ਤੇ ਹਰਾਨ ਦੇ ਨਾਲ ਕੂਟਨੀਤਕ ਸਮਝੌਤਾ ਵਾਰਤਾਵਾਂ ਸ਼ੁਰੂ ਕਰਨ ਦੇ ਲਈ ਮਜ਼ਬੂਰ ਕੀਤਾ ਹੈ। ਇਸ ਨਾਲ ਇਜ਼ਰਾਈਲੀ ਫੌਜੀ ਪੱਖੀਆਂ ਅਤੇ ਉਨ੍ਹਾਂ ਦੇ ਅਮਰੀਕੀ ਏਜੰਟਾਂ ਵਿਚ ਗੁੱਸਾ ਵਿਆਪਕ ਹੋ ਰਿਹਾ ਹੈ। ਦੂਸਰੇ ਸ਼ਬਦਾਂ ਵਿਚ ਅਫਗਾਨਿਸਤਾਨ ਉਤੇ ਅਮਰੀਕੀ ਹਮਲੇ ਅਤੇ ਕਬਜ਼ੇ ਦੀ ਹਾਰ ਦੇ ਨਾਲ ਨਾਲ ਲੰਮੇ ਸਮੇਂ ਤੱਕ ਕਬਜ਼ੇ ਦੀ ਅਮਰੀਕੀ ਅਰਥ ਵਿਵਸਥਾ ਉਤੇ ਵਿਆਪਕ ਅਤੇ ਵਿਨਾਸ਼ਕਾਰੀ ਕੀਮਤ ਨੇ ਅਮਰੀਕੀ ਸਾਮਰਾਜ ਵਲੋਂ ਵਰਤਮਾਨ ਵਿਚ ਅਤੇ ਨੇੜਲੇ ਭਵਿੱਖ ਵਿਚ ਕਿਸੇ ਸਾਧਨ ਸਰੋਤਾਂ ਨਾਲ ਸੰਪਨ ਵਿਰੋਧੀ ਉਤੇ ਹਮਲਾ ਕਰਨ, ਕਬਜ਼ਾ ਕਰਨ ਅਤੇ ਉਥੇ ਟਿਥੇ ਰਹਿਣ ਦੀ ਉਹਦੀ ਸਮਰੱਥਾ ਨੂੰ ਕਮਜ਼ੋਰ ਕਰ ਦਿੱਤਾ ਹੈ।

**ਪੱਛਮੀ ਏਸ਼ੀਆ ਵਿਚ ਇਜ਼ਰਾਈਲ ਦੇ ਲਈ ਯੁੱਧਾਂ ਨੇ ਲਾਤੀਨੀ ਅਮਰੀਕਾ ਅਤੇ ਏਸ਼ੀਆ ਵਿਚ ਅਮਰੀਕੀ ਦਖ਼ਲ ਅੰਦਾਜ਼ੀ ਨੂੰ ਕਿਵੇਂ ਕਮਜ਼ੋਰ ਕੀਤਾ ਹੈ**

ਪੱਛਮੀ ਏਸ਼ੀਆ ਵਿਚ ਅਮਰੀਕੀ ਸਾਮਰਾਜਵਾਦੀਆਂ ਨੇ ਆਪਣੇ ਅੰਤਹੀਣ ਯੁੱਧਾਂ ਨੂੰ ਚਲਾਉਣ ਵਿਚ ਖਰਬਾਂ ਡਾਲਰਾਂ ਦਾ ਲੋਕਾਂ ਦਾ ਧਨ (ਸਰਵਜਨਕ ਧਨ) ਝੋਕ ਦਿੱਤਾ ਹੈ ਅਤੇ ਭਾਰੀ ਜਾਨ ਮਾਲ ਦਾ ਨੁਕਸਾਨ ਉਠਾਇਆ ਹੈ। ਉਹਦੇ ਇਸ ਕੰਮ ਵਿਚ ਘਰੇਲੂ ਯਹੂਦੀ ਨਸਲਵਾਦੀ ਤਾਕਤਾਂ ਦਾ ਇਜ਼ਰਾਈਲ ਦੇ ਪਾਲਣ ਪੋਸਣ ਵਿਚ ਸਮਰਥਨ ਰਿਹਾ ਹੈ।

ਯਹੂਦੀ ਨਸਲਵਾਦੀ ਪ੍ਰਭਾਵਸ਼ਾਲੀ ਤਾਕਤਾਂ ਦੇ ਕਾਰਨ ਅਮਰੀਕੀ ਸਾਮਰਾਜਵਾਦੀਆਂ ਨੇ ਲਾਤੀਨੀ ਅਮਰੀਕਾ ਅਤੇ ਏਸ਼ੀਆ ਦੇ ਆਪਣੇ ਪ੍ਰੰਪਰਾਗਤ ਕੰਟਰੋਲ ਵਾਲੇ ਖੇਤਰ ਵਿਚ ਮਹੱਤਵਪੂਰਨ ਆਰਥਿਕ ਰਾਜਨੀਤਕ ਅਤੇ ਕੂਟਨੀਤਕ ਪ੍ਰਭਾਗ ਗੁਆ ਦਿੱਤਾ ਹੈ। ਇਨ੍ਹਾਂ ਦੋਹਾਂ ਖੇਤਰਾਂ ਵਿਚ ਅਮਰੀਕਾ ਦੇ ਬਾਜ਼ਾਰ ਦਾ ਹਿੱਸ ਕਾਫ਼ੀ ਘੱਟ ਗਿਆ ਹੈ। ਸਮੁੱਚੇ ਲਾਤੀਨੀ ਅਮਰੀਕਾ ਵਿਚ ਸੰਯੁਕਤ ਰਾਜ ਅਮਰੀਕਾ ਨੂੰ ਅਲੱਗ ਕਰਕੇ ਨਵੇਂ ਖੇਤਰੀ ਸੰਗਠਨਾਂ ਦੀ ਗਿਣਤੀ ਵੱਧ ਗਈ ਹੈ। ਚੀਨ ਨੇ ਦੋਹਾਂ ਸਮੁੱਚੇ ਖੇਤਰਾਂ ਵਿਚ ਆਪਣੇ ਯੁੱਧ ਦੇ ਵਿਓਪਾਰਕ ਸਬੰਧਾਂ ਦਾ ਵਿਸਥਾਰ ਕੀਤਾ ਹੈ। ਇਸ ਨਾਲ ਅਮਰੀਕੀ ਸਾਮਰਾਜਵਾਦੀ ਦੇ ਪ੍ਰਭੁਤਵ (ਸਰਕਾਰੀ) ਵਿਚ ਹੋਰ ਗਿਰਾਵਟ ਆਈ ਹੈ।

ਜਦੋਂ ਤੱਕ ਅਮਰੀਕੀ ਸਾਮਰਾਜਵਾਦੀ ਪੱਛਮੀ ਏਸ਼ੀਆ ਵਿਚ ਦਖ਼ਲ-ਅੰਦਾਜ਼ੀ ਕਰਦੇ ਰਹਿਣਗੇ। ਉਦੋਂ ਤੱਕ ਉਹ ਲਾਤੀਨੀ ਅਮਰੀਕਾ ਵਿਚ ਲੋਕ ਹਮਾਇਤੀ ਬਗਾਵਤਾਂ ਅਤੇ ਕੇਂਦਰ ਅਤੇ ਲੋਕ ਪੱਖੀ ਸਰਕਾਰਾਂ ਵਿਰੁੱਧ ਪ੍ਰਭਾਵਸ਼ਾਲੀ ਢੰਗ ਨਾਲ ਦਖ਼ਲ ਅੰਦਾਜ਼ੀ ਕਰਨ ਵਿਚ ਅਸਮਰਥ ਰਹਿਣਗੇ। ਖਾੜੀ ਦੇ ਵੰਸ਼ਗਤ ਅੱਤਿਆਚਾਰੀਆਂ ਅਤੇ ਮਿਸਰ ਦੇ ਨਿਰਦਈ ਫੌਜੀ ਗਰੋਹਾਂ ਨੂੰ ਟਿਕਾਈ ਰੱਖਣ ਦੇ ਲਈ ਆਪਣੇ ਸੰਸਾਧਨਾ ਨੂੰ ਲਾ ਕੇ ਅਮਰੀਕੀ ਸਾਮਰਾਜਵਾਦੀ ਲਾਤੀਨੀ ਅਮਰੀਕਾ ਵਿਚ ਆਪਣੀ ਜ਼ਿਆਦਾ ਪ੍ਰੰਪਰਾਗਤ ਭੂਮਿਕਾ ਨੂੰ ਨਿਭਾਉਣ ਵਿਚ ਸਮਰੱਥ ਨਹੀਂ ਰਹੇ ਹਨ।

ਅਮਰੀਕੀ ਸਾਮਰਾਜਵਾਦੀ ਦੇ ਪੱਛਮੀ ਏਸ਼ੀਆ ਅਤੇ ਉਤਰੀ ਅਫਰੀਕਾ ਵਿਚ ਕਾਫ਼ੀ ਖੇਤਰ ਸਹਿਯੋਗੀ ਅਤੇ ਪਿਛਲੱਗੂ ਹਨ ਪਰ ਲੋਕਾਂ ਵਿਚ ਇਨ੍ਹਾਂ ਨੂੰ ਮਾਨਤਾ ਦੀ ਨਜ਼ਰ ਨਾਲ ਨਹੀਂ ਵੇਖਿਆ ਜਾਂਦਾ ਅਤੇ ਇਹ ਦਹਿਸ਼ਤ ਅਤੇ ਜ਼ਬਰ ਦੇ ਨਾਲ ਰਾਜ ਕਰਦੇ ਹਨ। ਤੁਰਕੀ ਵਿਚ ਇਰਗੋਦਾਨ ਹਕੂਮਤਾਂ ਦੇ ਵਿਰੁੱਧ ਤੁਰਕੀ ਦੇ ਜੁਝਾਰੂ ਮਜ਼ਦੂਰ ਵਰਗ ਦੇ ਮਹੱਤਵਪੂਰਨ ਹਿੱਸੇ ਸਮੇਤ ਲੋਕ ਸੰਧ..................ਹਨ।

ਤੁਰਕੀ ਦੇ ਅੰਦਰ ਅਤੇ ਉਹਦੀਆਂ ਸੀਮਾਵਾਂ ਵਿਚ ਕਰਦਾ, ਇਸਲਾਮਪੰਥੀਆਂ ਅਤੇ ਖੱਬੇਪੱਖੀਆਂ ਦਾ ਪ੍ਰਭਾਵ ਵਧਿਆ ਹੈ। ਇਸੇ ਦੌਰਾਨ, ਤੁਰਕੀ ਦੇ ਇਰਾਕ ਵਰਗੇ ਖੇਤਰੀ ਵਿਓਪਾਰਕ ਸਾਂਝੇਦਾਰ ਉਥਲ ਪੁਥਲ 'ਚੋਂ ਗੁਜ਼ਰ ਰਹੇ ਹਨ ਅਤੇ ਵਿਓਪਾਰ ਠੱਪ ਪੈ ਗਿਆ ਹੈ। ਹੋ ਸਕਦਾ ਹੈ ਕਿ ਪ੍ਰਧਾਨ ਮੰਤਰੀ ਇਰਮੋਦਾਨ ਚੋਣਾਂ ਜਿੱਤ ਜਾਣ, ਪਰ ਅਬਾਦੀ ਦੇ ਵਿਚ ਉਨ੍ਹਾਂ ਦੀ ਮਾਨਤਾ ਉਤੇ ਧੱਬੇ ਲੱਗੇ ਹੋਏ ਹਨ ਅਤੇ ਵੱਡੇ ਖੇਤਰੀ ਆਗੂ ਦੇ ਤੌਰ 'ਤੇ ਉਹਦੀਆਂ ਖਾਹਿਸ਼ਾਂ ਨੂੰ ਗੰਭੀਰ ਗ੍ਰਿਹਣ ਲੱਗ ਚੁੱਕਾ ਹੈ।

ਇਜ਼ਰਾਇਲ ਅਰਬਾਂ ਡਾਲਰ ਸਾਲਾਨਾ ਅਮਰੀਕੀ ਮਦਦ (ਤੋਹਫ਼ੇ ਦੇ ਰੂਪ ਵਿਚ) ਲੈ ਰਿਹਾ ਹੈ, ਜਦੋਂ ਕਿ ਫਲਸਤੀਨੀਆਂ ਨੂੰ ਉਹ ਬੇਦਖਲ ਕਰ ਰਿਹਾ ਹੈ ਅਤੇ ਆਰਥਿਕ ਨਾਕੇਬੰਦੀਆਂ ਕਰਕੇ ਭੁੱਖੇ ਮਰ ਰਿਹਾ ਹੈ। (ਪਿਛਲੇ ਦਿਨੀਂ ਤਾਂ ਸਿੱਧੇ ਹਮਲੇ ਕਰਕੇ ਫਲਸਤੀਨ ਦੇ ਸ਼ਹਿਰ ਅਤੇ ਆਬਾਦੀ ਤਹਿਸ਼-ਨਹਿਸ਼ ਕਰ ਦਿੱਤੀ ਹੈ ਅਤੇ ਹਜ਼ਾਰਾਂ ਫਲਸਤੀਨੀ ਮਾਰ ਦਿੱਤੇ ਹਨ।) ਪਰ ਹੁਣ ਇਜ਼ਰਾਇਲ ਦਾ ਕੌਮਾਂਤਰੀ ਪੱਧਰ ਉਤੇ ਬਾਈਕਾਟ ਵੱਧ ਰਿਹਾ ਹੈ। ਇਜ਼ਰਾਈਲ ਨਾਲੋਂ ਹੋਰ ਦੇਸ਼ ਦੂਰੀ ਬਣਾ ਕੇ ਰੱਖਣਾ ਚਾਹੁੰਦਾ ਹੈ ਇਸ ਤੋਂ ਪਹਿਲਾਂ ਐਨਾ ਜ਼ਿਆਦਾ ਦੂਰੀ ਦਾ ਮਾਹੌਲ ਨਹੀਂ ਸੀ।...

ਸੰਯੁਕਤ ਰਾਜ ਅਮਰੀਕਾ ਅਤੇ ਯੂਰਪੀਨ ਸੰਘ ਵਿਚ ਕਿਸੇ ਵੀ ਸਮੇਂ ਤੋਂ ਜ਼ਿਆਦਾ ਅੱਜ ਇਜ਼ਰਾਈਲ ਵਲੋਂ ਮਾਨਵਤਾ ਦੇ ਵਿਰੁੱਧ ਅਪਰਾਧ ਕਰਨ ਦੇ ਵਿਰੁੱਧ ਆਵਾਜ਼ਾਂ ਸੁਣਾਈ ਦੇ ਰਹੀਆਂ ਹਨ।

**ਖਾੜੀ ਦੇ ਰਾਜ : ਅਸਥਿਰ, ਪਿਛਲੱਗ ਅਤੇ ਸ਼ੱਕੀ ਸਹਿਯੋਗੀ**

ਸਾਊਦੀ ਅਰਬ ਸਮੇਤ ਖਾੜੀ ਦੇ ਰਾਜਾਂ ਪੱਛਮੀ ਏਸ਼ੀਆ ਵਿਚ ਅਮਰੀਕੀ ਸਾਮਰਾਜਵਾਦੀਆਂ ਦੇ ਯੁੱਧ ਦੀ ਪੂਰੀ ਤਾਕਤ ਦੀ ਹਮਾਇਤ ਕਰਨ ਦਾ ਲਿਖਤੀ ਮਤਾ ਦਿੱਤਾ ਸੀ। ਜਾਰਡਨ ਕਤਰ, ਸਾਊਦੀ ਅਰਬ, ਯਮਨ ਅਤੇ ਬਹਿਰੀਨ ਵਿਚ ਆਪਣੀ ਬੇਚੈਨ ਆਬਾਦੀ ਨੂੰ ਦਬਾਅ ਕੇ ਹਕੂਮਤਾਂ ਕੀਤੀਆਂ ਜਾ ਰਹੀਆਂ ਹਨ। ਬਹੁਮਤ ਜਮਹੂਰੀ ਆਜ਼ਾਦੀ ਦੀ ਸੰਗ ਕਰ ਰਹੀ ਹੈ ਅਤੇ ਕੁਝ ਮਾਮਲਿਆਂ ਵਿਚ ਨਿਰਦਈ ਜ਼ਬਰ ਦੇ ਬਾਵਜੂਦ ਵਿਆਪਕ ਪੈਮਾਨੇ ਉਤੇ ਵਿਰੋਧ ਪ੍ਰਦਰਸ਼ਨ ਕਰਦੇ ਰਹੇ ਹਨ। ਅਮਰੀਕੀ ਸਾਮਰਾਜਵਾਦ ਦੇ ਇਸ ਖੇਤਰ ਵਿਚ ਫੌਜੀ ਅੱਡੇ ਉਸ ਸਮੇਂ ਖਤਰੇ ਵਿਚ ਪੈ ਜਾਣਗੇ, ਜਦੋਂ ਇਹ ਜਮਹੂਰੀਅਤ ਹਮਾਇਤੀ ਬਹੁਗਿਣਤੀ ਅੱਤਿਆਚਾਰੀ ਪਰਿਵਾਰੀ ਆਧਾਰਤਸ਼ਾਹੀ ਤਾਨਾਸ਼ਾਹੀਆਂ ਨੂੰ ਉਖਾੜ ਸੁੱਟਣਗੇ।

ਹੋਰ ਵੀ, ਖਾੜੀ ਦੀਆਂ ਹਕੂਮਤਾਂ ਖਤਰਨਾਕ ਦੋਹਰੀ ਖੇਡ ਖੇਡ ਰਹੀਆਂ ਹਨ : ਉਹ ਖੁੱਲ੍ਹੇ ਤੌਰ 'ਤੇ ਅਮਰੀਕੀ ਸਾਮਰਾਜਵਾਦ ਦੀ ਹਮਾਇਤ ਕਰਦੀਆਂ ਹਨ। ਜਦੋਂ ਕਿ ਗੁਪਤ ਰੂਪ ਵਿਚ ਉਹ ਸੁੰਨੀ ਇਸਲਾਮੀ ਅੱਤਵਾਦੀਆਂ ਨੂੰ ਧਨ ਮੁਹੱਈਆ ਕਰਵਾ ਰਹੀਆਂ ਹਨ ਜਿਹੜੇ ਅਮਰੀਕੀ ਕਾਲੇ ਪ੍ਰਛਾਵਿਆਂ ਦਾ ਵਿਰੋਧ ਕਰਦੀਆਂ ਹਨ। (ਸੀਰੀਆ 'ਚ ਨਰਮਪੰਥੀ ਵਿਦਰੋਹੀ ਅਤੇ ਇਰਾਕ ਵਿਚ ਕਠਪੁਤਲੀ ਸਕਰਾਰ)

**ਯੂਰਪ : ਸੰਕਟ, ਵਿਸਥਾਰ ਅਤੇ ਵਿਰੋਧ**

ਜਿਥੇ ਯੂਰਪੀਨ ਸੰਘ ਆਪਣੇ ਖੇਤਰ ਦਾ ਵਿਸਥਾਰ ਕਰ ਰਿਹਾ ਹੈ। ਉਹ ਹਕੀਕਤ ਵਿਚ ਪੱਛਮੀ ਯੂਕਰੇਨ ਅਤੇ ਮੋਲਦਾਵੀਆ ਤੱਕ ਵੱਧ ਗਿਆ ਹੈ ਅਤੇ ਨਾਟੋ ਨੇ ਆਪਣੀਆਂ ਫੌਜੀ 'ਸਹੂਲਤਾਂ' ਨੂੰ ਰੂਸ ਦੀ ਸੀਮਾ ਤੱਕ ਤਾਇਨਾਤ ਕਰ ਦਿੱਤਾ ਹੈ। ਉਥੇ ਯੂਰਪੀਨ ਸੰਘ ਮਹਾਂਮੰਦੀ ਦੇ ਪਿਛੋਂ ਦੀ ਸਭ ਤੋਂ ਲੰਮੇ ਅਤੇ ਗਹਿਰੇ ਸਮੇਂ ਦੀ ਮੰਦੀ ਤੇ ਠਹਿਰਾਓ ਦਾ ਸ਼ਿਕਾਰ ਹੈ।




ਛੇ ਸਾਲਾਂ ਦੇ ਸੰਕਟ ਤੋਂ ਪਿਛੋਂ ਅਜੇ ਉਸਦਾ ਕੋਈ ਅੰਤ ਨਜ਼ਰ ਨਹੀਂ ਆਉਂਦਾ। ਯੂਰਪ ਦੇ ਪੂੰਜੀਵਾਦ ਦੇ ਲਗਾਤਾਰ ਵਾਧੇ ਅਤੇ ਪ੍ਰਭਾਵਸ਼ਾਲੀ ਹੋਣ ਨੂੰ ਸਮਰੱਥ ਬਣਾਉਣ ਵਾਲੀ ਆਤਮ ਸੁਧਾਰ ਦੀ ਪ੍ਰਣਾਲੀ ਦੇ ਬਤੌਰ ਕੋਈ ਵੀ ਬਚੇ ਖੁਚੇ ਸੰਕੇਤਾਂ ਦਾ ਵਸਤੂਗਤ ਵਾਸਤਵਿਕਤਾ ਖੰਡਨ ਕਰਦੀ ਹੈ। ਇਸ ਦੇ ਉਲਟ ਗੈਰ ਬਰਾਬਰੀ ਦੇ ਪਾੜੇ ਬਹੁਤ ਜ਼ਿਆਦਾ ਵਧ ਰਹੇ ਹਨ ਅਤੇ ਮਜ਼ਦੂਰੀ, ਵੇਤਨ ਅਤੇ ਸਮਾਜਿਕ ਸੁਰੱਖਿਆ ਦਾ ਤਾਣਾ ਬਾਣਾ ਤੇਜ਼ੀ ਨਾਲ ਡਿੱਗ ਰਿਹਾ ਹੈ। ਜਮਾਤੀ ਕਤਾਰਬੰਦੀਆਂ ਵਧ ਰਹੀਆਂ ਹਨ। ਜਮਾਤੀ ਸੰਘਰਸ਼ਾਂ ਦੇ ਮੁੜ ਤੋਂ ਸ਼ੁਰੂ ਹੋਣ ਦੀਆਂ ਸਾਰੀਆਂ ਯਥਾਰਥਕ ਹਾਲਤਾਂ ਮੌਜੂਦ ਹਨ।

ਬ੍ਰਸੇਲਜ਼ ਦੇ ਅਮੀਰ ਤੰਤਰ ਵਲੋਂ ਹੋਰ ਜ਼ਿਆਦਾ ਸਖ਼ਤ ਪਿਛਾਖੜੀ ਕਦਮਾਂ ਨੂੰ ਅਬਾਦੀ ਉਤੇ ਠੋਸਣ ਨਾਲ ਦੋਹਾਂ ਨਿੱਜੀ ਅਤੇ ਸਰਵਜਨਕ ਖੇਤਰਾਂ ਦੇ ਮਜ਼ਦੂਰਾਂ ਅਤੇ ਵੇਤਨਭੋਗੀ ਕਰਮਚਾਰੀਆਂ ਦੇ ਲੋਕ ਵਿਰੋਧ ਦੇ ਅਸਮਾਨ ਅਤੇ ਛੋਟੇ ਮੋਟੇ ਚਿੰਨ੍ਹ ਦਿਖਾਈ ਦੇ ਰਹੇ ਹਨ। ਹੁਣ ਦੂਰ ਭਵਿੱਖ ਦੀ ਗੱਲ ਨਹੀਂ ਹੈ ਕਿ ਇਸ ਤੋਂ ਜ਼ਿਆਦਾ ਆਮ ਅਤੇ ਸਿਲਸਿਲੇਵਾਰ ਟਕਰਾਹਟਾਂ ਦੀ ਜ਼ਮੀਨ ਤਿਆਰ ਹੋਵੇਗੀ।

ਜਿਵੇਂ ਹੀ ਯੂਰਪੀਨ ਸੰਘ ਨੇ ਆਪਣੇ ਆਪ ਨੂੰ ਹੋਰ ਫੈਲਾ ਕੇ ਪੱਛਮੀ ਯੂਕਰੇਨ ਤੱਕ ਇਕ ਨਿਰਦਈ ਪਿਛਲੱਗੂ ਹਕੂਮਤ ਦੇ ਰਾਹੀਂ ਆਪਣਾ ਕੰਟਰੋਲ ਸਥਾਪਿਤ ਕਰ ਲਿਆ ਹੈ। ਇਸ ਨੇ ਉਦਯੋਗਿਕ ਪੂਰਬੀ ਯੂਕਰੇਨ ਵਿਚ ਵਰਗ ਵਿਦਰੋਹ ਨੂੰ ਕਿੰਗਾਰੀ ਦੇਣ ਦਾ ਕੰਮ ਕੀਤਾ ਹੈ ਜਾਂ ਮੱਘਣ ਵਿਚ ਮਦਦ ਮੁਹੱਈਆ ਕਰਵਾਈ ਹੈ। ਮਜ਼ਦੂਰਾਂ ਅਤੇ ਕਰਮਚਾਰੀਆਂ ਨੇ ਉਥੇ ਲੋਕ ਪੱਖੀ ਜਨਵਾਦੀ ਲੋਕਤੰਤਰ ਦੀ ਸਥਾਪਨਾ ਕਰ ਦਿੱਤੀ ਹੈ ਅਤੇ ਉਹ ਯੂਰਪੀਨ ਸੰਘ ਦੇ ਸਹਿਯੋਗੀ ਕੀਏਵ ਗ੍ਰੋਹ ਦੇ ਵਿਰੁੱਧ ਕੌਮੀ ਵਿਰੋਧ ਦੇ ਯੁੱਧ ਵਿਚ ਲੱਗੇ ਹੋਏ ਹਨ।

ਰੂਸ ਦੇ ਵਿਰੁੱਧ ਯੂਰਪੀਨ ਸੰਘ ਅਤੇ ਸੰਯੁਕਤ ਰਾਜ ਅਮਰੀਕਾ ਵਲੋਂ ਲਾਈਆਂ ਗਈਆਂ ਸਖ਼ਤ ਰੋਕਾਂ (ਪਾਬੰਦੀਆਂ) ਨੇ, ਜਰਮਨ, ਫਰਾਂਸ, ਸੰਯੁਕਤ ਰਾਜ ਅਮਰੀਕਾ ਇਟਲੀ ਅਤੇ ਹੋਰ ਥਾਵਾਂ ਦੇ ਪੂੰਜੀਪਤੀ ਵਰਗ ਦੇ ਵੱਡੇ ਖੇਤਰਾਂ 'ਚੋਂ ਗੁੱਸੇ ਭਰੀ ਆਲੋਚਨਾ ਨੂੰ ਉਤਸ਼ਾਹਿਤ ਕੀਤਾ ਹੈ। ਸੰਯੁਕਤ ਰਾਜ ਦੇ ਨੈਸ਼ਨਲ ਐਸੋਸੀਏਸ਼ਨ ਆਫ਼ ਮੈਨੂੰਫੈਕਚਰਿੰਗ ਅਤੇ ਉਥੋਂ ਦੇ ਚੈਂਬਰਜ਼ ਆਫ਼ ਕਾਮਰਸ ਨੇ ਸਾਰੇ ਪ੍ਰਭਾਵਸ਼ਾਲੀ ਵਿੱਤੀ ਮੀਡੀਆ ਵਿਚ ਸੰਪਾਦਕੀ ਲਿਖੇ ਹਨ ਅਤੇ ਪੂਰੇ ਪੂਰੇ ਪੰਨੇ ਦੇ ਇਸ਼ਤਿਹਾਰ ਉਤੇ ਹਨ, ਜਿਸ 'ਚ ਇਹ ਤਰਕ ਦਿੱਤਾ ਗਿਆ ਹੈ ਕਿ ਰੂਸ ਦੇ ਵਿਰੁੱਧ ਲਾਈਆਂ ਗਈਆਂ ਨਵੀਆਂ ਪਾਬੰਦੀਆਂ ਲਾਲ ਅਰਬਾਂ ਡਾਲਰਾਂ ਦਾ ਵਿਓਪਾਰ ਅਤੇ ਨਿਵੇਸ਼ ਦਾ ਨੁਕਸਾਨ ਹੋਵੇਗਾ ਅਤੇ ਲੱਖਾਂ ਅਮਰੀਕੀ ਲੋਕ ਰੁਜ਼ਗਾਰ ਤੋਂ ਵਾਂਝੇ ਹੋ ਜਾਣਗੇ।

ਪੂੰਜੀਪਤੀ ਵਰਗ ਅਤੇ ਸਾਮਰਾਜੀ ਰਾਜ ਦੇ ਦਰਮਿਆਨ ਮੌਜੂਦਾ ਟਕਰਾਅ ਦਾ ਮਹੱਤਵ ਸਪਸ਼ਟ ਤੌਰ 'ਤੇ ਅਮਰੀਕੀ ਰਾਜ ਦੇ ਫੌਜਵਾਦੀਆਂ ਅਤੇ ਬਾਜ਼ਾਰ ਆਧਾਰਤ ਉਤਪਾਦਕਾਂ ਅਤੇ ਨਿਵੇਸ਼ਕਾਂ ਦੇ ਵਿਚਕਾਰ ਟਕਰਾਵਾਂ ਨੂੰ ਦੱਸਦਾ ਹੈ।

ਇਸੇ ਤਰ੍ਹਾਂ ਰੂਸ ਅਤੇ ਚੀਨ ਇਨ੍ਹਾਂ ਰੋਕਾਂ (ਪ੍ਰਤਿਬੰਧਾਂ) ਦੇ ਜਵਾਬ ਵਿਚ ਨਵੇਂ ਰਾਜਨੀਤਕ ਆਰਥਿਕ ਅਤੇ ਫੌਜੀ ਗਠਜੋੜ ਦੇ ਵੱਲ ਅੱਗੇ ਵਧ ਰਹੇ ਹਨ। ਰੂਬਲ ਅਤੇ ਰੇਨਮਿਨਬੀ (ਡਾਲਰ ਅਤੇ ਯੂਰੋ ਦੀ ਥਾਂ ਉਤੇ) ਵਿਚ ਵਿਓਪਾਰ ਫੈਲ ਰਿਹਾ ਹੈ। ਘਰੇਲੂ ਅਰਥ ਵਿਵਸਥਾ ਚੀਨ ਦੇ ਨਵੇਂ ਵਿਕਾਸ ਮਾਡਲ ਦੀ ਚਾਲਕ ਸ਼ਕਤੀ ਬਣਦੀ ਜਾ ਰਹੀ ਹੈ। ਯੂਰਪੀਨ ਅਤੀਤ ਦੀ ਥਾਂ ਸਥਾਨਕ ਉਦਯੋਗ ਲੈ ਰਹੇ ਹਨ। ਇਹਦਾ ਮੱਧਿਅਮ ਰੂਸ ਵਿਚ ਆਯਾਤ ਵਿਸਥਾਪਨ ਹੈ।

ਸੰਖੇਪ ਵਿਚ ਸੰਯੁਕਤ ਰਾਜ ਅਮਰੀਕਾ ਅਤੇ ਯੂਰਪੀਨ ਸੰਘ ਵਲੋਂ ਲਾਏ ਗਏ ਪ੍ਰਤੀਬੰਦ ਅਤੇ ਰੂਸ ਤੇ ਚੀਨ ਦੇ ਵਿਰੁੱਧ ਦਿੱਤੀਆਂ ਜਾਣ ਵਾਲੀਆਂ ਧਮਕੀਆਂ ਦਾ ਉਲਟਾ ਪ੍ਰਭਾਵ ਪੈ ਰਿਹਾ ਹੈ। ਉਹ ਪੱਛਮੀ ਮੈਨੂੰਫੈਕਚਰ ਅਤੇ ਵੱਡੇ ਵਿਸਾਲ ਗਤੀਸ਼ੀਲ ਦੇਸ਼ਾਂ ਦੇ ਬਾਜ਼ਾਰ ਵਿਚ ਨਿਰਯਾਤਕਾਂ ਦੇ ਮਹੱਤਵਪੂਰਨ ਹਿੱਸਿਆਂ ਨੂੰ ਪ੍ਰਭਾਵਿਤ ਕਰ ਰਹੇ ਹਨ ਅਤੇ ਸੰਯੁਕਤ ਰਾਜ ਅਮਰੀਕਾ ਅਤੇ ਯੂਰਪੀਨ ਯੂਨੀਅਨ ਦੇ ਹਾਕਮਾਂ ਦੇ ਵਿਚ ਡੂੰਘੀ ਵੰਡ ਨੂੰ ਜਨਮ ਦੇ ਰਹੇ ਹਨ।

**ਲਾਤੀਨੀ ਅਮਰੀਕਾ : ਕੇਂਦਰ ਲੋਕ ਪੱਖੀ, ਸੱਜ ਪਿਛਾਖੜੀ ਅਤੇ ਖੱਬੇ ਪੱਖੀ**

21ਵੀਂ ਸਦੀ ਦੇ ਦੂਸਰੇ ਦਹਾਕੇ ਵਿਚ ਅਮਰੀਕੀ ਸਾਮਰਾਜਵਾਦ ਦੇ ਸਬੰਧ ਵਿਚ ਇਹਦੇ ਕਈ ਸਾਰੇ ਡਰ ਅਤੇ ਖੱਬੀਪੱਖੀਆਂ ਦੇ ਬਹੁਤ ਸਾਰੇ ਭਰਮ ਖਤਮ ਹੋ ਗਏ ਹਨ। ਇਸਦੇ ਤਥਾ ਕਥਿਤ 21ਵੀਂ ਸਦੀ ਦੇ ਸਮਾਜਵਾਦ ਨੇ ਕਿਸੇ ਵੀ ਅਰਥ ਵਿਵਸਥਾ ਨੂੰ ਸਮਾਜੀ ਕਿਰਤ ਨਹੀਂ ਕੀਤਾ ਹੈ। ਇਹ ਠੀਕ ਹੈ ਕਿ ਅਮਰੀਕੀ ਸਾਮਰਾਜਵਾਦ ਵੀ ਹਕੂਮਤ ਤਬਦੀਲੀ ਦੀਆਂ ਸਾਜ਼ਿਸ਼ਾਂ ਵਿਚ ਸਫ਼ਲ ਨਹੀਂ ਹੋਈ ਅਤੇ ਕਿਸੇ ਵੀ ਵੱਡੇ ਦੱਖਣੀ ਅਮਰੀਕੀ ਦੇਸ਼ ਵਿਚ ਨਵਉਦਾਰਪੰਥੀ ਪਿੱਛਲਗੂ ਬਿਠਾਉਣ ਵਿਚ ਕਾਮਯਾਬ ਨਹੀਂ ਹੋਏ। ਹੌਂਡੂਰਾਸ ਅਪਵਾਦ ਹੈ। ਇਹ ਰਾਸ਼ਟਰ ਚੀਖ ਰਿਹਾ ਹੈ ਜਿਥੇ ਅਮਰੀਕੀ ਸਾਮਰਾਜਵਾਦ ਵਲੋਂ ਠੋਸੇ ਗਏ ਫੌਜੀ ਨਾਗਰਿਕ ਗਰੋਹ ਦੀ ਦਹਿਸ਼ਤ ਨਾਲ ਹਜ਼ਾਰਾਂ ਹਜ਼ਾਰ ਨਾਗਰਿਕ ਸ਼ਰਨਾਰਥੀਆਂ ਦੇ ਤੌਰ 'ਤੇ ਦੇਸ਼ ਛੱਡ ਕੇ ਜਾ ਰਹੇ ਹਨ।

ਲਾਤੀਨੀ ਅਮਰੀਕਾ ਵਿਚ ਤ੍ਰਿਕੋਨੀ ਸੰਘਰਸ਼ ਹੈ ਇਕ ਪਾਸੇ ਕੇਂਦਰੀ ਲੋਕ ਪੱਖੀ ਜਿਹੜੇ ਚੋਣਾਂ ਰਾਹੀਂ ਬਹੁਮਤ ਵਿਚ ਹਨ ਅਤੇ ਦੂਸਰੇ ਪਾਸੇ ਸੱਜ ਪਿਛਾਖੜੀ ਪਾਰਟੀਆਂ ਹਨ ਜਿਨ੍ਹਾਂ ਨੂੰ ਅਮਰੀਕੀ ਸਾਮਰਾਜ ਹਮਾਇਤ ਦਿੰਦਾ ਹੈ ਅਤੇ ਤੀਸਰੇ ਪਾਸੇ ਖੱਬੇ ਪੱਖੀ ਹਨ, ਜਿਨ੍ਹਾਂ 'ਚ ਸਮਾਜਿਕ ਅੰਦੋਲਨ ਅਤੇ ਟਰੇਡ ਯੂਨੀਅਨਾਂ ਹਨ।

ਹਾਲਾਂਕਿ ਇਨ੍ਹਾਂ ਦੇਸ਼ਾਂ ਵਿਚ ਸਜ ਪਿਛਾਖੜੀਆਂ ਵਲੋਂ ਤਖਤਾ ਪਲਟਨ ਦੇ ਖਤਰੇ ਵਧ ਰਹੇ ਹਨ ਪਰ ਖੱਬੇਪੱਖੀਆਂ ਲਈ ਸੰਭਾਵਨਾਵਾਂ ਵੀ ਵੱਧ ਰਹੀਆਂ ਹਨ।

**ਅਫਰੀਕਾ : ਦੱਖਣੀ ਅਫਰੀਕਾ ਦੀ ਇਤਿਹਾਸਕ ਆਮ ਹੜਤਾਲ**

ਦੱਖਣੀ ਅਫਰੀਕਾ ਅਤੇ ਅੰਗੋਲਾ, ਮੋਜ਼ਮਬੀਕ ਦੇ ਸਾਬਕ ਰਾਸ਼ਟਰਵਾਦੀ ਹਾਕਮ ਅਮਰੀਕੀ, ਯੂਰਪੀਨ ਸੰਘ, ਚੀਨ ਦੇ ਖਾਣਾਂ ਦੇ ਨਿਗਰਾਹਾਂ ਨਾਲ ਸਾਂਝ ਭਿਆਲੀ ਪਾ ਕੇ ਖਜ਼ਾਨਿਆਂ ਨੂੰ ਲੁੱਟਣ ਅਤੇ ਅਮੀਰ ਬਣਨ ਵਿਚ ਲੱਗੇ ਹੋਏ ਹਨ। ਨਾਲ ਹੀ ਦੱਖਣੀ ਅਮਰੀਕਾ ਦੇ ਖਾਨ ਮਜ਼ਦੂਰ ਤੇਜ਼ੀ ਨਾਲ ਇਕ ਸੰਭਾਵਿਤ ਬਦਲ ਦਾ ਨਿਰਮਾਣ ਕਰ ਰਹੇ ਹਨ। ਪੰਜਾਂ ਮਹੀਨਿਆਂ ਵਿਚ ਦੱਖਣੀ ਅਫਰੀਕਾ ਦੇ ਪਲੇਕਿਨਮ ਖਾਣ ਮਜ਼ਦੂਰ ਅਫਰੀਕਾ ਦੇ ਇਤਿਹਾਸ ਦੀ ਸਭ ਤੋਂ ਲੰਮੀ ਸਭ ਤੋਂ ਅਨੁਸਾਸ਼ਿਤ ਅਤੇ ਸਭ ਤੋਂ ਸਫ਼ਲ ਹੜਤਾਲ ਵਿਚ ਲੱਗੇ ਹੋਏ ਹਨ। ਪ੍ਰੰਪਰਾਗਤ ਦਲਾਲ ਯੂਨੀਅਨ ਅਤੇ ਫੈਡਰੇਸ਼ਨ ਨੂੰ ਛੱਡ ਕੇ ਉਥੋਂ ਦੇ ਮਜ਼ਦੂਰਾਂ ਨੇ ਇਕ ਨਵੀਂ ਜੁਝਾਰੂ ਫੈਡਰੇਸ਼ਨ ਅਤੇ ਨਵੀਂ ਮਜ਼ਦੂਰ ਪਾਰਟੀ ਦਾ ਗਠਨ ਕੀਤਾ ਹੈ।

ਆਖਰ 'ਚ ਦੁਸ਼ਮਣ ਪੂੰਜੀਵਾਦ ਤਾਕਤਵਰ ਹੈ, ਪਰ ਇਹ ਲੋਕਾਂ ਦੀਆਂ ਬੁਨਿਆਦੀ ਸਮੱਸਿਆਵਾਂ ਦਾ ਹੱਲ ਨਹੀਂ ਦੇ ਸਕਦਾ। ਇਹ ਆਪਣੇ ਹੀ ਅੰਤਰ ਵਿਰੋਧਾਂ 'ਚ ਗ੍ਰਸਤ ਹੈ।

ਸਾਨੂੰ ਰੁਕਾਵਟਾਂ ਦੇ ਪ੍ਰਤੀ ਗਹਿਰਾਈ ਨਾਲ ਸੁਚੇਤ ਹਾਂ। ਅਸੀਂ ਮਨੁੱਖੀ ਕੀਮਤ ਅਤੇ ਆਉਣ ਵਾਲੇ ਲੰਮੇ ਰਸਤੇ ਤੋਂ ਜਾਣੂ ਹਾਂ। ਅਸੀਂ ਇਕੱਲੇ ਨਹੀਂ ਹਾਂ। ਸਾਨੂੰ ਸਹਿਯੋਗੀ ਮਿਲ ਰਹੇ ਹਨ ਅਤੇ ਅਸੀਂ ਅੱਗੇ ਵਧ ਰਹੇ ਹਾਂ। ਸਾਡੇ ਵਿਚੋਂ ਸਾਰਿਆਂ ਭਾਵ ਹਰ ਇਕ ਦਾ ਖਾਸ ਕੌਮੀ ਅਤੇ ਸਭਿਆਚਾਰਕ ਸੰਦਰਭ ਹੈ। ਲੇਕਿਨ ਅਸੀਂ ਸਾਰੇ ਆਜ਼ਾਦੀ ਸਮਾਜਿਕ ਨਿਆਂ ਅਤੇ ਇਕਜੁਟਤਾ ਦੀਆਂ ਕਦਰਾਂ ਕੀਮਤਾਂ ਨੂੰ ਸਾਂਝਿਆਂ ਕਰਦੇ ਹਾਂ। ਅੰਤਿਮ ਵਿਸ਼ਲੇਸ਼ਨ ਵਿਚ ਇਹ ਆਜ਼ਾਦੀ ਲਈ ਸੰਘਰਸ਼ ਹੈ ਜਿਹੜਾ ਸਾਡੇ ਰੋਜ਼ਾਨਾ ਜੀਵਨ ਨੂੰ ਅਰਥ ਦਿੰਦਾ ਹੈ।

ਸੰਖੇਪ ਤੇ ਭਾਵ ਆਤਮਕ ਅਨੁਸਾਰ

(Positive Tiought on Dark Time)

09354430211

# ਔਰਗੈਨਿਕ ਅਤੇ ਔਰਗੈਨਿਕ ਪਦਾਰਥਾਂ ਬਾਰੇ ਕੁੱਝ ਸੱਚਾਈਆਂ



ਡਾ. ਤ੍ਰਿਲੋਚਣ ਸਿੰਘ ਕਾਠਪਾਲ

ਸਦੀਆਂ ਤੋਂ ਖੇਤੀਬਾੜੀ ਮਨੁੱਖ ਦਾ ਪੇਸ਼ਾ ਰਿਹਾ ਹੈ। ਪਹਿਲਾਂ ਰਵਾਇਤੀ ਖੇਤੀਬਾੜੀ ਦੇ ਤਰੀਕੇ ਸਾਇੰਸ ’ਤੇ ਆਧਾਰਿਤ ਨਾ ਹੋਣ ਕਾਰਨ ਫਸਲਾਂ ਦਾ ਝਾੜ ਥੋੜ੍ਹਾ ਅਤੇ ਕੁਆਲਿਟੀ ਘਟੀਆ ਹੋਇਆ ਕਰਦੀ ਸੀ। ਉਨ੍ਹੀਵੀਂ ਸਦੀ ਦੇ ਆਖਰ ਵਿੱਚ ਫਰਟੀਲਾਈਜ਼ਰਾਂ ਦੀ ਕਾਢ ਅਤੇ 1940 ਤੋਂ ਬਾਅਦ ਕੀੜੇਮਾਰ ਦਵਾਈਆਂ ਅਤੇ ਫਫੂੰਦੀ ਨਾਸ਼ਕ ਰਸਾਇਣਾਂ ਦੀ ਵਰਤੋਂ ਕਰਕੇ ਝਾੜ ਅਤੇ ਕੁਆਲਿਟੀ ਵਿੱਚ ਵਾਧਾ ਹੋਇਆ। ਸਾਲ 1960ਵਿਆਂ ਵਿਚਕਾਰ ਫਸਲਾਂ ਦੀਆਂ ਵਧ ਝਾੜ ਦੇਣ ਵਾਲੀਆਂ ਕਿਸਮਾਂ ਕਾਰਨ ਹਰੀ ਕ੍ਰਾਂਤੀ ਰਾਹੀਂ ਅਨਾਜ ਅਤੇ ਫਲ ਤੇ ਸਬਜ਼ੀਆਂ ਦੇ ਝਾੜ ਵਿੱਚ ਬਹੁਤ ਵੱਡਾ ਉਛਾਲ ਆਇਆ। ਜਿਸਨੇ ਸੰਸਾਰ ਭਰ ਵਿਚੋਂ ਅੰਨ ਪਦਾਰਥਾਂ ਦੀ ਕਮੀ ਨੂੰ ਦੂਰ ਕਰ ਦਿੱਤਾ।

ਖੇਤੀ ਦੇ ਨਵੇਂ ਤਰੀਕਿਆਂ ਨਾਲ ਇਕ ਪਾਸੇ ਝਾੜ ਵਿਚ ਇਨਕਲਾਬ ਆਇਆ ਪ੍ਰੰਤੂ ਦੂਜੇ ਪਾਸੇ ਕੁੱਝ ਨੁਕਸਾਨ ਵੀ ਦੇਖਣ ਵਿੱਚ ਆਏ ਜਿਵੇਂ ਕਿ ਕਈ ਥਾਵਾਂ ’ਤੇ ਧਰਤੀ ਦੀ ਉਪਜਾਊ ਸ਼ਕਤੀ ਵਿਚ ਕਮੀ ਹੋਈ ਅਤੇ ਰਸਾਇਣਾਂ ਦੀ ਵਰਤੋਂ ਕਾਰਨ ਵਾਤਾਵਰਣ ਅਤੇ ਅੰਨ ਪਦਾਰਥ ਵੀ ਦੂਸ਼ਿਤ ਹੋ ਗਏ। ਇਹ ਕਮੀਆਂ ਦੇਖ ਕੇ ਧਰਤੀ ਦੇ ਜੀਵ ਵਿਗਿਆਨੀਆਂ ਨੇ ਸੋਚਣਾ ਸ਼ੁਰੂ ਕੀਤਾ ਕਿ ਕਿਸ ਢੰਗ ਨਾਲ ਜੀਵ ਵਿਗਿਆਨ ਦੇ ਖੇਤਰ ਵਿੱਚ ਹੋਈਆਂ ਖੋਜਾਂ ਨੂੰ ਖੇਤੀ ਵਿੱਚ ਅਪਣਾਇਆ ਜਾਵੇ ਤਾਂ ਜੋ ਉਪਰ ਦੱਸੀਆਂ ਕਮੀਆਂ ਨੂੰ ਦੂਰ ਕੀਤਾ ਜਾ ਸਕੇ।

ਯੂਰਪ ਵਿੱਚ ਸਾਲ 1930-40 ਵਿੱਚ ਸਰ ਐਲਬਰਟ ਹਾਵਰਡ ਅਤੇ ਉਸਦੀ ਪਤਨੀ Gabrielle ਹਾਵਰਡ ਜੋ ਕਿ ਪੌਦਾ ਵਿਗਿਆਨੀ ਸਨ, ਨੇ ਔਰਗੈਨਿਕ ਖੇਤੀ ਦੀ ਨੀਂਹ ਰੱਖੀ। ਸਰ ਐਲਬਰਟ ਹਾਵਰਡ ਨੂੰ “ਔਰਗੈਨਿਕ ਖੇਤੀ ਦਾ ਪਿਤਾ” ਕਿਹਾ ਜਾਂਦਾ ਹੈ ਕਿਉਂਕਿ ਉਨ੍ਹਾਂ ਨੇ ਸੰਸਾਰ ਵਿੱਚ ਸਭ ਤੋਂ ਪਹਿਲਾਂ ਵਿਗਿਆਨਿਕ ਸੂਝ-ਬੂਝ ਅਤੇ ਵਿਗਿਆਨਿਕ ਅਸੂਲਾਂ ਨੂੰ ਰਵਾਇਤੀ ਖੇਤੀ ਵਿੱਚ ਲਾਗੂ ਕੀਤਾ।

ਅਮਰੀਕਾ ਵਿੱਚ ਔਰਗੈਨਿਕ ਖੇਤੀ ਦੀ ਨੀਂਹ J.I. Rodol ਨੇ 1940 ਵਿਆਂ ਵਿੱਚ ਰੱਖੀ। ਉਸਨੇ ਔਰਗੈਨਿਕ ਖੇਤੀ ਉਪਰ ਤਜਰਬੇ ਕਰਨ ਵਾਸਤੇ ਇਕ ਔਰਗੈਨਿਕ ਫਾਰਮ ਦੀ ਸਥਾਪਨਾ ਕੀਤੀ। ਰੋਡੋਲ ਪ੍ਰੈਸ ਲਗਾ ਕੇ ਔਰਗੈਨਿਕ ਖੇਤੀ ਲਈ ਸਿੱਖਿਆ ਅਤੇ ਪ੍ਰਚਾਰ ਦਾ ਪ੍ਰਬੰਧ ਕੀਤਾ ਤਾਂ ਜੋ ਆਮ ਲੋਕਾਂ ਨੂੰ ਨਵੇਂ ਢੰਗ ਦੀ ਖੇਤੀ ਬਾਰੇ ਗਿਆਨ ਪ੍ਰਾਪਤ ਹੋ ਸਕੇ। ਇਸ ਵਿਗਿਆਨ ਆਧਾਰਿਤ ਨਵੇਂ ਢੰਗ ਦੀ ਖੇਤੀ ਨੂੰ ਅੱਗੇ ਵਧਾਉਣ ਵਾਸਤੇ ਲੇਡੀ ਵੈਲਫੋਰ ਨੇ ਇੰਗਲੈਂਡ ਵਿੱਚ ਅਤੇ ਕਈ ਹੋਰ



ਵਿਗਿਆਨੀਆਂ ਨੇ ਸੰਸਾਰ ਭਰ ਵਿਚ ਆਪਣਾ ਹਿੱਸਾ ਪਾਇਆ।

ਔਰਗੈਨਿਕ ਖੇਤੀ ਕੀ ਹੈ?

National Organic Stadards Board (NOSB) ,USDA ਦੇ ਮੁਤਾਬਿਕ ਔਰਗੈਨਿਕ ਖੇਤੀ ਦੀ ਪਰਿਭਾਸ਼ਾ ਹੇਠ ਲਿਖੀ ਹੈ:

Organic agriculture is an ecological production management system that promotes and enhances bio-diversity, biological cycles and soil biological activity. It is based on minimal use of off-farm inputs and on management practices that restore, maintain and enhance ecological harmony.”

ਆਮ ਭਾਸ਼ਾ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਔਰਗੈਨਿਕ ਖੇਤੀ ਕੁਦਰਤੀ ਵਾਤਾਵਰਣ ਨਾਲ ਘੱਟ ਤੋਂ ਘੱਟ ਛੇੜਛਾੜ ਕਰਦੀ ਹੈ ਅਤੇ ਕੁਦਰਤੀ ਨਿਜ਼ਾਮ ਨੂੰ ਬਰਕਰਾਰ ਰੱਖਣ ਵਾਲੇ ਅਸੂਲਾਂ ਉਤੇ ਨਿਰਭਰ ਕਰਦੀ ਹੈ। ਕੋਈ ਵੀ ਅਜਿਹੀ ਕਿਰਿਆ ਨਹੀਂ ਕਰਨੀ ਹੁੰਦੀ ਜਿਸ ਨਾਲ ਜੀਵ ਕਿਰਿਆ ਉਪਰ ਕੋਈ ਬੁਰਾ ਪ੍ਰਭਾਵ ਪਵੇ। ਧਰਤੀ ਦੀ ਉਪਜਾਊ ਸ਼ਕਤੀ ਨੂੰ ਰੂੜੀ ਦੀ ਖਾਦ, ਹਰੀ ਖਾਦ ਅਤੇ ਪੌਦਿਆ ਦੀ ਗਲੀ ਸੜੀ ਖਾਦ (ਕੰਪੋਸਟ) ਰਾਹੀਂ ਸੁਰੱਖਿਅਤ ਕੀਤਾ ਜਾਂਦਾ ਹੈ। ਫਸਲਾਂ ਦੇ ਕੀੜੇ-ਮਕੌੜੇ, ਫਫੂੰਦੀ ਅਤੇ ਖੜਪਤਵਾਰਾਂ (ਵੀਡਸ) ਨੂੰ ਕੁੱਝ ਕੁਦਰਤੀ ਪਦਾਰਥ ਅਤੇ ਪੌਦਿਆਂ ਤੋਂ ਪ੍ਰਾਪਤ ਹੋਈਆਂ ਦਵਾਈਆਂ ਨਾਲ ਕੰਟਰੋਲ ਵਿੱਚ ਰੱਖਿਆ ਜਾਂਦਾ ਹੈ। ਕਿਸੇ ਵੀ ਜ਼ਹਿਰੀਲੀ ਰਸਾਇਣ (ਪੈਸਟੀਸਾਈਡਜ) ਅਤੇ ਉਰਵਰਕਾਂ ਦੀ ਵਰਤੋਂ ਕਾਨੂੰਨੀ ਤੌਰ ’ਤੇ ਮਨਾਹੀ ਹੁੰਦੀ ਹੈ। ਇਸੇ ਤਰ੍ਹਾਂ ਔਰਗੈਨਿਕ ਮੀਟ, ਆਂਡੇ ਆਦਿ ਪੈਦਾ ਕਰਨ ਵਾਲੇ ਜੀਵਾਂ ਨੂੰ ਕਿਸੇ ਤਰ੍ਹਾਂ ਦੇ ਐਂਟੀਬਾਇਓਟਿਕ ਵਰਗੇ ਰਸਾਇਣ ਨਹੀਂ ਦਿੱਤੇ ਜਾਂਦੇ। ਡੱਬਾ ਬੰਦ ਔਰਗੈਨਿਕ ਪਦਾਰਥਾਂ ਵਿੱਚ ਕਿਸੇ ਤਰ੍ਹਾਂ ਦਾ preservative ਨਹੀਂ ਵਰਤਿਆ ਜਾਂਦਾ।

ਔਰਗੈਨਿਕ ਖੇਤੀ ਦੇ ਮੁੱਢਲੇ ਅਸੂਲ

1. ਵਾਤਾਵਰਣ ਦੀ ਪ੍ਰਦੂਸ਼ਤਾ ਘਟਾਉਣੀ, ਧਰਤੀ ਦਾ ਵਿਗਾੜ ਰੋਕਣਾ, ਜੀਵ ਕਿਰਿਆ ਨੂੰ ਉਤਸ਼ਾਹ ਦੇ ਕੇ ਮਨੁੱਖੀ ਸਿਹਤ ਨੂੰ ਬਰਕਰਾਰ ਰੱਖਣਾ।

2. ਧਰਤੀ ਅਤੇ ਪੌਦਿਆਂ ਨੂੰ ਅਜਿਹੇ ਢੰਗਾਂ ਨਾਲ ਵਰਤੋਂ ਵਿੱਚ ਲਿਆਉਣਾ ਤਾਂ ਜੋ ਧਰਤੀ ਦੀ ਉਪਜਾਊ ਸ਼ਕਤੀ, ਜੀਵ ਕਿਰਿਆ ਅਤੇ ਜੀਵ ਵਿਸ਼ਾਲਤਾ ਵਿੱਚ ਵਾਧਾ ਹੋਵੇ।

3. ਪਸ਼ੂ ਪਾਲਣ ਲਈ ਉਨ੍ਹਾਂ ਦੀ ਲੋੜ ਅਤੇ ਸੁਭਾਅ ਮੁਤਾਬਕ ਸਹੂਲਤਾਂ ਦੇਣੀਆਂ ਅਤੇ ਉਨ੍ਹਾਂ ਪ੍ਰਤੀ ਦਇਆ ਦੀ ਭਾਵਨਾ ਰੱਖਣੀ।

4. ਔਰਗੈਨਿਕ ਡੱਬਾ ਬੰਦ ਪਦਾਰਥ ਤਿਆਰ ਕਰਦੇ ਸਮੇਂ ਕਿਸੇ ਵੀ preservative ਦੀ ਵਰਤੋਂ ਨਹੀਂ ਕਰਨੀ ਅਤੇ ਧਿਆਨ ਰੱਖਿਆ ਜਾਵੇ ਕਿਸੇ ਵੀ ਪੜਾਅ ਤੋਂ ਔਰਗੈਨਿਕ ਮਿਆਰ ਅਤੇ ਪਦਾਰਥਾਂ ਦੀ ਕੁਆਲਿਟੀ ਪ੍ਰਤੀ ਲਾਪਰਵਾਹੀ ਨਾ ਵਰਤੀ ਜਾਵੇ।

5. ਔਰਗੈਨਿਕ ਖੇਤੀ ਦੇ ਢਾਂਚੇ ਵਿਚ ਰਹਿੰਦਿਆਂ ਕੁਦਰਤੀ ਪਦਾਰਥਾਂ ਅਤੇ ਉਨ੍ਹਾਂ ਦੇ ਸੋਮਿਆਂ ਨੂੰ recycle ਕਰਨਾ। ਸਥਾਨਿਕ renewable ਸੋਮਿਆਂ ਉਤੇ ਆਧਾਰਿਤ ਖੇਤੀ ਕਰਨੀ ਜਾਂ ਪਸ਼ੂ ਪਾਲਣ ਕਰਨਾ।

ਕੈਨੇਡਾ ਵਿੱਚ ਔਰਗੈਨਿਕ ਪਦਾਰਥ ਕਾਨੂੰਨ 2009 ਵਿੱਚ ਲਾਗੂ ਕੀਤੇ ਗਏ। ਇਨ੍ਹਾਂ ਕਾਨੂੰਨਾਂ ਅਨੁਸਾਰ ਹਰ ਔਰਗੈਨਿਕ ਖੇਤੀ ਕਰਨ ਵਾਲੇ ਜਾਂ ਔਰਗੈਨਿਕ ਪਦਾਰਥ ਤਿਆਰ ਕਰਨ ਵਾਲੇ ਨੂੰ ਆਪਣੀ ਉਪਜ ਜਾਂ ਪਦਾਰਥਾਂ ਨੂੰ ਸਰਟੀਫਿਕੇਸ਼ਨ ਬੌਡੀ ਰਾਹੀਂ, ਤਸਦੀਕ ਕਰਵਾਉਣਾ ਪੈਂਦਾ ਹੈ। ਕੈਨੇਡਾ ਦੀ ਫੂਡ ਸ਼ੇਫਟੀ ਇਨਸਪੈਕਸ਼ਨ ਏਜੰਸੀ ਦੁਆਰਾ ਥਾਪੀਆਂ ਗਈਆਂ 27 ਸਰਟੀਫਿਕੇਸ਼ਨ ਏਜੰਸੀ ਆਪਣੇ ਇਨਸਪੈਕਟਰਾਂ ਰਾਹੀਂ ਔਰਗੈਨਿਕ ਫਾਰਮਜ ਵਿੱਚ ਸਾਲਾਨਾ ਫੇਰਾ ਪਾ ਕੇ ਨਿਗਰਾਨੀਆਂ ਰੱਖਦੀਆਂ ਹਨ ਤਾਂ ਜੋ ਔਰਗੈਨਿਕ ਮਿਆਰਾਂ ਦੀ ਪਾਲਣਾ ਵਿੱਚ ਉਲੰਘਣਾ ਨਾ ਕੀਤੀ ਜਾਵੇ।

ਔਰਗੈਨਿਕ ਖੇਤੀ ਵਿਚ ਕੀੜੇ-ਮਕੌੜਿਆਂ ਅਤੇ ਖੜਪਤਵਾਰਾਂ ਦਾ ਕੰਟਰੋਲ ਕਰਨ ਵਾਸਤੇ ਕੈਮੀਕਲ ਰਸਾਇਣਾਂ ਦੀ ਵਰਤੋਂ ਕਰਨ ਦੀ ਬਜਾਇ ਕੁਦਰਤੀ ਢੰਗਾਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ ਕਿ ਗੋਡੀ ਕਰਕੇ ਜਾਂ ਧਰਤੀ ਦੀ ਉਥਲ-ਪੁਥਲ ਕਰਕੇ, ਖੜਪਤਵਾਰਾਂ ਨੂੰ ਕੱਟ ਕੇ ਜਾਂ ਤਾਪ ਕਰਮ ਵਧਾ ਕੇ ਖਤਮ ਕਰਨਾ ਆਦਿ। ਇਸ ਤੋਂ ਇਲਾਵਾ ਫਸਲਾਂ ਦੇ ਹੇਰ ਫੇਰ, ਹਰੀ ਖਾਦ ਰਾਹੀਂ ਨਾ ਸਿਰਫ਼ ਧਰਤੀ ਦੀ ਉਪਜਾਊ ਸ਼ਕਤੀ ਨੂੰ ਵਧਾਇਆ ਜਾਂਦਾ ਹੈ। ਸਗੋਂ ਇਹਦੇ ਨਾਲ ਕਈ ਕੀੜੇ-ਮਕੌੜੇ ਤੇ ਬਿਮਾਰੀਆਂ ਦਾ ਵੀ ਕੰਟਰੋਲ ਹੋ ਜਾਂਦਾ ਹੈ।

ਕੁੱਝ ਕੁਦਰਤੀ ਅਤੇ ਸੁਰੱਖਿਅਕ ਰਸਾਇਣਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ ਜਿਵੇਂ ਕਿ ਖੜਪਤਵਾਰਾਂ ਲਈ ਐਸਿਟਿਕ ਐਸਿਡ, ਮਕੀ ਗਲੂਟਿਨ, ਖ਼ੁਸ਼ਬੂਦਾਰ ਤੇਲ ਅਤੇ ਜੀਵ ਖੜਪਤਵਾਰ ਨਾਸ਼ਿਕ। ਕੀੜੇ-ਮਕੌੜਿਆਂ ਨੂੰ ਕੰਟਰੋਲ ਕਰਨ ਵਾਸਤੇ ਕੁਦਰਤੀ ਕੀਟ ਨਾਸ਼ਕ ਜਿਵੇਂ ਕਿ Bacillus thuringiensis (bacterial toxin), ਗੁਲ ਦੋਦੀ ਦਾ ਅਰਕ (Pyrethrums), Spinosad (a bacterial metabolite), ਨਿੱਮ ਅਤੇ rotenone (ਅਤੀ ਜ਼ਹਿਰੀਲਾ ਪਦਾਰਥ ਆਦਿ। ਫਫੂੰਦੀ ਆਦਿ ਬਿਮਾਰੀਆਂ ਨੂੰ ਕੰਟਰੋਲ ਕਰਨ ਲਈ ਬੋਰਡੈਕਸ ਮਿਸ਼ਰਣ ਅਤੇ ਕੁੱਝ ਤਾਂਬਾ ਆਧਾਰਿਤ ਰਸਾਇਣਾਂ



Gill Appliances & Heating Services
Residential, Commercial Service and Installation
24 Hour Service
Call: Surinder Gill
905.460.5544
***Repair and Install duct, heating, humidifier, air conditioner, water heater, dish washer, dryer, stove, fridge***



ਤੇ ਸੋਡੀਅਮ ਬਾਈਕਾਰਬੋਨੈਟ ਦੀ ਵਰਤੋਂ ਕੀਤੀ ਜਾਂਦੀ ਹੈ।

ਇਥੇ ਇਹ ਦੱਸ ਦੇਣਾ ਬਹੁਤ ਜ਼ਰੂਰੀ ਹੈ ਕਿ ਉਪਰ ਲਿਖੀਆਂ ਰਸਾਹਿਣਾਂ ਵਿਚੋਂ pyrethums , rotenone ਅਤੇ ਤਾਂਬਾ ਆਧਾਰਿਤ ਰਸਾਇਣ ਅਤੀ ਖਤਰਨਾਕ ਸਮਝੇ ਜਾਂਦੇ ਹਨ।

ਕੁੱਝ ਮਾਤਰਾ ਵਿੱਚ ਕੀੜਿਆਂ ਨੂੰ ਸੰਭੋਗ ਕਰਨ ਤੋਂ ਰੋਕਣ ਵਾਲੇ ਰਸਾਇਣ ਅਤੇ ਸ਼ਿਕਾਰੀ ਕੀੜੇ ਵੀ ਵਰਤੇ ਜਾਂਦੇ ਹਨ ਜੋ ਕੀੜਿਆਂ ਨੂੰ ਆਪਣੀ ਖੁਰਾਕ ਦੇ ਤੌਰ 'ਤੇ ਵਰਤਦੇ ਹਨ।

ਔਰਗੈਨਿਕ ਖੇਤੀ ਕਰਨ ਲਈ ਕੁੱਝ ਜ਼ਰੂਰੀ ਸ਼ਰਤਾਂ:

ਔਰਗੈਨਿਕ ਫਸਲ ਉਗਾਉਣ ਤੋਂ ਪਹਿਲਾਂ ਲਗਾਤਾਰ ਤਿੰਨ ਸਾਲ ਕੋਈ ਉਰਵਰਕ ਜਾਂ ਕੀੜੇਮਾਰ ਦਵਾਈ ਖੇਤਾਂ ਵਿੱਚ ਨਾ ਵਰਤੀ ਗਈ ਹੋਵੇ।

ਔਰਗੈਨਿਕ ਖੇਤਾਂ ਦੇ ਆਲੇ ਦੁਆਲੇ ਅੱਠ ਮੀਟਰ ਚੌੜੀ ਪੱਟੀ ਬਾਰਡਰ ਦੇ ਤੌਰ ਤੇ ਛੱਡੀ ਜਾਵੇ।


ਔਰਗੈਨਿਕ ਖੇਤਾਂ ਦੇ ਆਲੇ ਦੁਆਲੇ ਪੌਦਿਆਂ ਦੀ ਉੱਚੀ ਵਾੜ ਕੀਤੀ ਜਾਵੇ ਤਾਂ ਜੋ ਨਾਲ ਲੱਗਦੇ ਖੇਤਾਂ ਵਿਚੋਂ ਕੀੜੇ ਮਕੌੜੇ ਅੰਦਰ ਨਾ ਆ ਸਕਣ।

ਕੀ ਔਰਗੈਨਿਕ ਢੰਗ ਨਾਲ ਉਗਾਏ ਫਲ ਅਤੇ ਸਬਜ਼ੀਆਂ (Pesticides Residues) ਕੀਟਨਾਸ਼ਕ ਅਵਸ਼ੇਸ਼ਾਂ ਤੋਂ ਮੁਕਤ ਹੁੰਦੇ ਹਨ:

ਭਾਵੇਂ ਔਰਗੈਨਿਕ ਖੇਤੀ ਵਿੱਚ ਕੀੜੇਮਾਰ ਰਸਾਇਣਾਂ ਦੀ ਵਰਤੋਂ ਵਰਜਿਤ ਹੈ ਫਿਰ ਵੀ ਔਰਗੈਨਿਕ ਪਦਾਰਥ 100 ਪ੍ਰਤੀਸ਼ਤ ਰਸਾਇਣਾਂ ਦੇ ਅਵਸ਼ੇਸ਼ ਤੋਂ ਮੁਕਤ ਨਹੀਂ ਹੁੰਦੇ। Canadian Food Inspection Agency ਦੇ ਅਨੁਸਾਰ ਸਤੰਬਰ 2011 ਤੋਂ ਸਤੰਬਰ 2013 ਵਿਚਕਾਰ 921 ਤਾਜੇ ਫਲਾਂ ਅਤੇ ਸਬਜ਼ੀਆਂ ਦੇ ਨਮੂਨਿਆਂ ਵਿਚੋਂ ਲੱਗਭਗ 50 ਪ੍ਰਤੀਸ਼ਤ ਨਮੂਨਿਆਂ ਵਿੱਚ ਦਵਾਈਆਂ ਦੇ ਅਵਸ਼ੇਸ਼ ਪਾਏ ਗਏ। ਹੈਰਾਨ ਕਰਨ ਵਾਲੀ ਗੱਲ ਹੈ ਕਿ 77 ਪ੍ਰਤੀਸ਼ਤ ਔਰਗੈਨਿਕ ਅੰਗੂਰ, 45 ਪ੍ਰਤੀਸ਼ਤ ਔਰਗੈਨਿਕ ਸੇਬ ਅਤੇ 30 ਪ੍ਰਤੀਸ਼ਤ ਔਰਗੈਨਿਕ ਗਾਜਰਾਂ ਦੇ ਨਮੂਨਿਆਂ ਵਿੱਚ ਕੀੜੇਮਾਰ ਰਸਾਇਣ ਪਾਏ ਗਏ।

ਸਾਲ 2010 ਵਿੱਚ ਯੂਰਪ ਦੇ 28 ਦੇਸ਼ਾਂ ਵਿਚੋਂ 3571 ਖਾਣ ਵਾਲੇ ਔਰਗੈਨਿਕ ਪਦਾਰਥ ਟੈਸਟ ਕੀਤੇ ਗਏ। ਭਾਵੇਂ ਤਾਜੇ ਫਲਾਂ ਅਤੇ ਸਬਜ਼ੀਆਂ ਦੇ ਕੇਵਲ 0.8 ਪ੍ਰਤੀਸ਼ਤ ਨਮੂਨਿਆਂ ਵਿਚ ਨਿਰਧਾਰਿਤ ਮਾਤਰਾ ਤੋਂ ਜ਼ਿਆਦਾ ਅਵਸ਼ੇਸ਼ ਮਿਲੇ ਪ੍ਰੰਤੂ ਕੁੱਲ 131 ਕੀਟਨਾਸ਼ਕਾਂ ਦੇ ਅਵਸ਼ੇਸ਼ ਪਾਏ ਗਏ। ਇਨ੍ਹਾਂ ਵਿਚੋਂ 25 ਕੀਟਨਾਸ਼ਕ ਅਜਿਹੇ ਸਨ ਜਿਨ੍ਹਾਂ ਦੀ ਵਰਤੋਂ ਰਵਾਇਤੀ ਖੇਤੀ ਵਿੱਚ ਵੀ ਮਨਾਹੀ ਹੈ।

Rick Holley, Univ of Manitoba ਦੇ ਮੁਤਾਬਕ ਔਰਗੈਨਿਕ ਫਲਾਂ ਅਤੇ ਸਬਜ਼ੀਆਂ ਵਿੱਚ ਅਧਿਕ ਮਾਤਰਾ ਵਿੱਚ ਮਿਲੇ ਅਵਸ਼ੇਸ਼ ਇਹ ਸੰਕੇਤ ਦਿੰਦੇ ਹਨ ਕਿ ਇਨ੍ਹਾਂ ਫਸਲਾਂ ਉਪਰ ਜਾਣ ਬੁੱਝ ਕੇ ਵਰਜਿਤ ਕੀੜੇਮਾਰ ਦਵਾਈਆਂ ਦੀ ਵਰਤੋਂ ਕੀਤੀ ਗਈ ਹੈ। ਮਿਸਾਲ ਵਜੋਂ ਮੈਕਸਿਕੋ ਤੋਂ ਆਏ ਟਮਾਟਰਾਂ ਨੂੰ ਚਾਰ ਰਸਾਇਣਾਂ ਵਾਸਤੇ ਟੈਸਟ ਕੀਤਾ ਗਿਆ। ਦੋ ਰਸਾਇਣਾਂ ਦੀ ਮਾਤਰਾ ਨਿਰਧਾਰਿਤ ਮਾਤਰਾ ਤੋਂ ਜ਼ਿਆਦਾ ਪਾਈ ਗਈ। ਇਸੇ ਤਰ੍ਹਾਂ ਔਰਗੈਨਿਕ ਮਿਰਚਾਂ ਵਿੱਚ 10 ਅਵਸ਼ੇਸ਼ ਮਿਲੇ ਭਾਵੇਂ ਕੋਈ ਵੀ ਅਵਸ਼ੇਸ਼ ਨਿਰਧਾਰਿਤ ਮਾਤਰਾ ਤੋਂ ਵੱਧ ਨਹੀਂ ਸੀ।



ਸੱਚਾਈ ਇਹ ਹੈ ਕਿ ਔਰਗੈਨਿਕ ਖੇਤੀ ਉਤਪਾਦਕ ਕੀੜੇ ਮਕੌੜੇ ਅਤੇ ਬਿਮਾਰੀਆਂ ਨੂੰ ਕੰਟਰੋਲ ਕਰਨ ਵਾਸਤੇ ਪੈਸਟੀਸਾਈਡਾਂ ਦੀ ਵਰਤੋਂ ਚੋਰੀ ਛੁਪੇ ਕਰ ਲੈਂਦੇ ਹਨ ਕਿਉਂਕਿ ਪੌਦਿਆਂ ਤੋਂ ਪ੍ਰਾਪਤ ਹੋਈਆਂ ਦਵਾਈਆਂ ਅਤੇ ਕੁਦਰਤੀ ਜੀਵ ਰਸਾਇਣਾਂ ਕੀੜੇ ਮਕੌੜੇ ਦੀਆਂ ਬਿਮਾਰੀਆਂ ਨੂੰ ਕੰਟਰੋਲ ਕਰਨ ਦੇ ਸਮਰੱਥ ਨਹੀਂ ਹੁੰਦੀਆਂ।

**ਔਰਗੈਨਿਕ ਪਦਾਰਥਾਂ ਦੀ ਪੌਸ਼ਟਿਕਤਾ ਅਤੇ ਮਨੁੱਖੀ ਸਿਹਤ:**

ਔਰਗੈਨਿਕ ਅਤੇ ਰਵਾਇਤੀ ਫਸਲਾਂ ਵਾਸਤੇ ਵੱਖ-ਵੱਖ ਕਿਸਮਾਂ ਨਹੀਂ ਹੁੰਦੀਆਂ। ਇਸ ਲਈ ਦੋਵੇਂ ਪ੍ਰਕਾਰ ਦੀਆਂ ਫਸਲਾਂ ਵਿੱਚ ਪੌਸ਼ਟਿਕ ਤੱਤ ਬਰਾਬਰ ਹੀ ਹੁੰਦੇ ਹਨ। ਔਰਗੈਨਿਕ ਪਦਾਰਥ ਮੂਲ ਰੂਪ ਵਿੱਚ ਰਵਾਇਤੀ ਪਦਾਰਥਾ ਨਾਲੋਂ ਮਨੁੱਖੀ ਸਿਹਤ ਲਈ ਜ਼ਿਆਦਾ ਲਾਭਵੰਦ ਨਹੀਂ ਹੁੰਦੇ। ਇਹ ਕੇਵਲ ਭਰਮ ਹੈ। ਹੇਠ ਲਿਖੀ ਖੋਜ ਦੇ ਆਧਾਰ 'ਤੇ ਕੱਢੇ ਸਿੱਟਿਆਂ ਤੋਂ ਇਹ ਹੋਰ ਵੀ ਸਾਫ ਹੋ ਜਾਂਦਾ ਹੈ।

ਸਾਲ 2009 ਵਿੱਚ ਇੰਗਲੈਂਡ ਦੀ ਫੂਡ ਸਟੈਂਡਰਡ ਏਜੰਸੀ ਨੇ ਕਈ ਖੋਜ ਪੱਤਰਾਂ ਦੀ ਪੜਚੋਲ ਕਰਨ ਉਪਰੰਤ ਫੈਸਲਾ ਦਿੱਤਾ ਕਿ "ਔਰਗੈਨਿਕ ਅਤੇ ਰਵਾਇਤੀ ਢੰਗ ਨਾਲ ਉਗਾਈਆਂ ਫਸਲਾਂ ਅਤੇ ਔਰਗੈਨਿਕ ਪਸ਼ੂ ਪਦਾਰਥਾਂ ਦੇ ਪੌਸ਼ਟਿਕ ਅਤੇ ਦੂਜੇ ਤੱਤਾਂ ਵਿੱਚ ਕੋਈ ਅੰਤਰ ਨਹੀਂ ਹੁੰਦਾ। ਖੁਰਾਕੀ ਤੱਤਾਂ ਦੇ ਪੱਖੋਂ ਦੋਵੇਂ ਕਿਸਮ ਦੇ ਪਦਾਰਥ ਬਰਾਬਰ ਹਨ ਅਤੇ ਔਰਗੈਨਿਕ ਪਦਾਰਥ ਕਿਸੇ ਵੀ ਤਰ੍ਹਾਂ ਰਵਾਇਤੀ ਪਦਾਰਥਾਂ ਨਾਲੋਂ ਮਨੁੱਖੀ ਸਿਹਤ ਵਾਸਤੇ ਵੱਧ ਲਾਭਵੰਦ ਨਹੀਂ ਹਨ।

**ਔਰਗੈਨਿਕ ਪਦਾਰਥ ਅਤੇ ਜੀਵ ਬਿਮਾਰੀਆਂ (Microbial Infections)** : ਹਡਸਨ ਇੰਸਟੀਚਿਊਟ ਦੇ ਪ੍ਰੋਫੈਸਰ Dennis Avery ਦੇ ਮੁਤਾਬਕ ਔਰਗੈਨਿਕ ਫੂਡ ਵਿੱਚ 5.3✪✦✦ ਬੈਕਟੀਰੀਆ ਦੀ ਮਾਤਰਾ ਰਵਾਇਤੀ ਢੰਗ ਨਾਲ ਉਗਾਏ ਪਦਾਰਥਾਂ ਨਾਲੋਂ 8 ਗੁਣਾ ਜ਼ਿਆਦਾ ਹੋਣ ਦੀ ਸੰਭਾਵਨਾ ਹੁੰਦੀ ਹੈ। ਇਹ 5. 3✪✦✦ ਬੈਕਟੀਰੀਆ ਮਨੁੱਖੀ ਪਖਾਨੇ (ਟੱਟੀ) ਵਿੱਚ ਪਾਇਆ ਜਾਂਦਾ ਹੈ ਅਤੇ ਮਨੁੱਖੀ ਸਿਹਤ ਲਈ ਅਤੀ ਹਾਨੀਕਾਰਕ ਹੁੰਦਾ ਹੈ। ਜਰਮਨੀ ਵਿੱਚ ਸਾਲ 2011 ਵਿੱਚ 5. 3✪✦✦ ਬੀਨੇਨਬਿਊਟਰ ਔਰਗੈਨਿਕ ਫਾਰਮ ਤੋਂ ਫੈਲਿਆ ਜਿਸ ਤੋਂ 3900 ਲੋਕ ਪ੍ਰਭਾਵਿਤ ਹੋਏ ਅਤੇ 50 ਲੋਕਾਂ ਦੀ ਮੌਤ ਹੋਈ। ਔਰਗੈਨਿਕ ਪਦਾਰਥਾਂ ਵਿੱਚ ਕੁਦਰਤੀ ਰੱਖਿਅਕ ਪਦਾਰਥ ਜ਼ਿਆਦਾ ਮਾਤਰਾ ਵਿੱਚ ਪਾਏ ਜਾਂਦੇ ਹਨ ਜੋ ਫਸਲਾਂ ਨੂੰ ਕੀੜੇ ਮਕੌੜੇ ਅਤੇ ਬਿਮਾਰੀਆਂ ਤੋਂ ਬਚਾਉਣ ਵਿਚ ਸਹਾਇਕ ਹੁੰਦੇ ਹਨ। ਇਹ Toxins ਮਨੁੱਖੀ ਸਿਹਤ ਲਈ ਬਹੁਤ ਹਾਨੀਕਾਰਕ ਹੁੰਦੇ ਹਨ ਅਤੇ ਕਈ ਵਾਰ ਜਾਨਲੇਵਾ ਵੀ ਸਾਬਤ ਹੋ ਜਾਂਦੇ ਹਨ।

ਘੋਖਵੀਂ/ਤਿੱਖੀ ਔਰਗੈਨਿਕ ਖੇਤੀ ਦੀ ਪੜਚੋਲ : ਸਵਿਟਜ਼ਰਲੈਂਡ ਵਿਚ ਔਰਗੈਨਿਕ ਅਤੇ ਰਵਾਇਤੀ ਖੇਤੀ ਦਾ ਮੁਕਾਬਲਾ 21 ਸਾਲਾਂ ਤੱਕ ਤਜਰਬਿਆਂ ਰਾਹੀਂ ਕੀਤਾ ਗਿਆ। ਉਨ੍ਹਾ ਦੇਖਿਆ ਕਿ ਔਰਗੈਨਿਕ ਫਸਲਾਂ ਦਾ ਝਾੜ ਰਵਾਇਤੀ ਖੇਤੀ ਨਾਲੋਂ 80 ਪ੍ਰਤੀਸ਼ਤ ਹੁੰਦਾ ਹੈ। ਇੰਗਲੈਂਡ ਵਿੱਚ ਇਹ ਝਾੜ 55 ਪ੍ਰਤੀਸ਼ਤ ਮਿਲਿਆ। ਡੈਨਮਾਰਕ ਦੀ ਪਰਿਵਰਣ ਰੱਖਿਅਕ ਏਜੰਸੀ ਨੇ ਅਨੁਮਾਨ ਲਗਾਇਆ ਹੈ ਕਿ ਕੀੜੇਮਾਰ ਦਵਾਈਆਂ ਦੀ ਵਰਤੋਂ ਖਤਮ ਕਰਨ ਨਾਲ 25 ਪ੍ਰਤੀਸ਼ਤ ਉਤਪਾਦਨ ਦੀ ਕਮੀ ਆ ਜਾਂਦੀ ਹੈ।

ਵਿਸ਼ਵ ਪ੍ਰਸਿੱਧ ਖੇਤੀਬਾੜੀ ਦੇ ਮਾਹਿਰ ਅਤੇ ਨੋਬਲ ਪੁਰਸਕਾਰ ਵਿਜੇਤਾ, Dr Norman Borloug ਅਤੇ ਕਈ ਹੋਰ ਮਾਹਿਰਾਂ ਨੇ ਇਸ ਵਿਚਾਰ ਦੀ ਵਿਰੋਧਤਾ ਕੀਤੀ ਹੈ ਕਿ ਔਰਗੈਨਿਕ ਖੇਤੀ ਪਰਿਵਰਣ ਵਾਸਤੇ ਲਾਭਵੰਦ ਹੈ ਅਤੇ ਇਸ ਨੂੰ ਸਥਾਈ ਤੌਰਤੇ ਅਪਣਾਇਆ ਜਾ ਸਕਦਾ ਹੈ। ਡਾ. Borloug ਇਸ ਗੱਲ ਤੇ ਜ਼ੋਰ ਦੇ ਕੇ ਕਹਿੰਦੇ ਸਨ ਕਿ ਔਰਗੈਨਿਕ ਖੇਤੀ ਰਾਹੀਂ ਕੇਵਲ ਚਾਰ ਅਰਬ ਲੋਕਾਂ ਵਾਸਤੇ ਅਨਾਜ ਪੈਦਾ ਕੀਤਾ ਜਾ ਸਕਦਾ ਹੈ ਉਹ ਵੀ ਤਾਂ ਜੇਕਰ ਅਜੋਕੇ ਰਕਬੇ ਨਾਲੋਂ ਅਧਿਕ ਜ਼ਮੀਨ ਵਿੱਚ ਖੇਤੀ ਕੀਤੀ ਜਾਵੇ ਅਤੇ ਇਕੋਸਿਸਟਮ ਦੇ ਤਬਾਹ ਹੋ ਜਾਣ ਦੀ ਪ੍ਰਵਾਹ ਨਾ ਕੀਤੀ ਜਾਵੇ। Dr Borloug ਅਤੇ ਉਨ੍ਹਾਂ ਦੇ ਸਾਥੀ ਸਿਫਾਰਸ਼ ਕਰਦੇ ਹਨ ਕਿ ਰਵਾਇਤੀ ਖੇਤੀ ਵਿੱਚ ਉਰਵਰਕਾਂ ਦੇ ਨਾਲ ਰੂੜੀ ਦੀ ਖਾਦ, ਹਰੀ ਖਾਦ, ਕੰਪੋਸਟ ਆਦਿ ਵਰਤੋਂ ਕਰਕੇ ਅਤੇ ਪੈਸਟੀਸਾਈਡਜ ਦੀ ਸਿਆਣਪ ਨਾਲ ਕੀਤੀ ਵਰਤੋਂ ਹੀ ਸੰਸਾਰ ਭਰ ਦੇ 7 ਅਰਬ ਲੋਕਾਂ ਲਈ ਲੋੜੀਂਦਾ ਅਨਾਜ ਪੈਦਾ ਕਰ ਸਕਦੀ ਹੈ। ਔਰਗੈਨਿਕ ਖੇਤੀ ਅਜਿਹਾ ਕਰਨ ਦੇ ਅਸਮਰੱਥ ਹੈ।

ਅੰਤਿਮ ਸਿੱਟੇ : ਉਪਰ ਲਿਖੇ ਤੱਥਾਂ ਦੇ ਆਧਾਰ ਤੇ ਸਾਡੇ ਸਾਹਮਣੇ ਇਹ ਸੱਚਾਈਆਂ ਪ੍ਰਗਟ ਹੋਈਆਂ ਹਨ।

1. ਔਰਗੈਨਿਕ ਖੇਤੀ ਦਾ ਝਾੜ ਰਵਾਇਤੀ ਖੇਤੀ ਦੇ ਮੁਕਾਬਲੇ ਵਿਚ 55-80 ਪ੍ਰਤੀਸ਼ਤ ਹੁੰਦਾ ਹੈ।

2. ਔਰਗੈਨਿਕ ਪਦਾਰਥਾਂ ਦਾ ਮੁੱਲ ਰਵਾਇਤੀ ਪਦਾਰਥਾਂ ਨਾਲੋਂ 2-4 ਗੁਣਾਂ ਜ਼ਿਆਦਾ ਹੁੰਦਾ ਹੈ।

3. ਔਰਗੈਨਿਕ ਫੂਡ ਖਾਸ ਤੌਰ ਤੇ ਤਾਜ਼ੇ ਫਲਾਂ ਅਤੇ ਸਬਜ਼ੀਆਂ ਵਿੱਚ ਕੀੜੇਮਾਰ ਰਸਾਇਣਾਂ ਦੇ ਅਵਸ਼ੇਸ਼ (ਭਾਵੇਂ ਥੋੜੀ ਮਾਤਰਾ ਵਿੱਚ) ਮਿਲਦੇ ਹਨ।

4.ਬੈਕਟੀਰੀਅਲ ਇਨਫੈਕਸ਼ਨਜ ਦੀ ਸੰਭਾਵਨਾ ਖਾਸ ਤੌਰ ਤੇ ਭੋਇੰ ਅੰਦਰ ਪੈਦਾ ਹੋਣ ਵਾਲੀਆਂ ਫਲ, ਸਬਜ਼ੀਆਂ ਅਤੇ ਮੀਟ ਵਿੱਚ ਜ਼ਿਆਦਾ ਹੁੰਦੀ ਹੈ।

5. ਔਰਗੈਨਿਕ ਫਲ ਅਤੇ ਸਬਜ਼ੀਆਂ Pest Resistant ਕਿਸਮਾਂ ਵਿੱਚ ਕੁਦਰਤੀ ਜ਼ਹਿਰੀਲੇ ਪਦਾਰਥ ਦੀ ਮਾਤਰਾ ਜ਼ਿਆਦਾ ਹੋਣ ਕਾਰਨ ਮਨੁੱਖੀ ਸਿਹਤ ਉਪਰ ਬੁਰਾ ਅਸਰ ਪੈ ਸਕਦਾ ਹੈ।

6. ਖੁਰਾਕੀ ਤੱਤ ਵੀ ਰਵਾਇਤੀ ਪਦਾਰਥਾਂ ਤੋਂ ਵੱਧ ਨਹੀਂ ਸਗੋਂ ਬਰਾਬਰ ਹੀ ਹੁੰਦੇ ਹਨ।

ਇਨ੍ਹਾਂ ਤੱਥਾਂ ਨੂੰ ਧਿਆਨ ਵਿੱਚ ਰਖਦਿਆਂ ਹੋਇਆਂ ਇਹ ਸਿੱਟਾ ਨਿਕਲਦਾ ਹੈ ਕਿ ਔਰਗੈਨਿਕ ਫੂਡ ਪਦਾਰਥ ਕਿਸੇ ਵੀ ਪੱਖ ਤੋਂ ਰਵਾਇਤੀ ਪਦਾਰਥਾਂ ਨਾਲੋਂ ਵਧੇਰੇ ਗੁਣਕਾਰੀ ਨਹੀਂ ਹਨ। ਇਸ ਕਰਕੇ ਔਰਗੈਨਿਕ ਫੂਡ ਪਦਾਰਥਾਂ ਉਪਰ ਵਾਧੂ ਪੈਸੇ ਖਰਚ ਕਰਨ ਵਿਚ ਕੋਈ ਅਕਲਮੰਦੀ ਨਹੀਂ ਹੈ। ਕੈਨੇਡਾ ਦੀ ਫੂਡ ਨਿਰੀਖਣ ਏਜੰਸੀ (Canadian Food Inspection Agency) ਇਸ ਗੱਲ ਦੀ ਸਿਫਾਰਸ਼ ਕਰਦੀ ਹੈ ਕਿ ਕੈਨੇਡਾ ਵਿੱਚ ਰਵਾਇਤੀ ਖੇਤੀ ਰਾਹੀਂ ਪੈਦਾ ਕੀਤੇ ਗਏ ਪਦਾਰਥ ਮਨੁੱਖੀ ਸਿਹਤ ਦੀ ਰੱਖਿਆ ਦੇ ਹਰ ਮਾਪ ਦੰਡ ਤੇ ਪੂਰੇ ਹੁੰਦੇ ਹਨ। ਇਸ ਵਾਸਤੇ ਔਰਗੈਨਿਕ ਫੂਡ ਉਪਰ ਜ਼ਿਆਦਾ ਪੈਸੇ ਖਰਚ ਕਰਨ ਦੀ ਬਜਾਇ ਰਵਾਇਤੀ ਢੰਗ ਨਾਲ ਪੈਦਾ ਕੀਤੇ ਗਏ ਫਲ ਅਤੇ ਸਬਜ਼ੀਆਂ ਜ਼ਿਆਦਾ ਖਰੀਦੋ ਅਤੇ ਖਾਓ ਕਿਉਂਕਿ ਫਲਾਂ ਅਤੇ ਸਬਜ਼ੀਆਂ ਦੇ ਖੁਰਾਕੀ ਤੱਕ ਸਾਨੂੰ ਕੈਂਸਰ ਸਮੇਤ ਕਈ ਬਿਮਾਰੀਆਂ ਤੋਂ ਬਚਾਉਂਦੇ ਹਨ। (ਸਮਾਪਤ)

(Retd.) Prof. Head
Deptt. of Chemistry &
Biochemistry
CCS H.A.U. Hisar (India)
Kathpalts@yahoo.com

## ਰੈਡ ਵਿੱਲੋ ਕਲੱਬ ਵੱਲੋਂ ਡੂੰਘੇ ਦੁੱਖ ਦਾ ਇਜਹਾਰ

ਪਿਛਲੇ ਦਿਨੀਂ ਇਸ ਕਲੱਬ ਦੇ ਬਹੁਤ ਹੀ ਸੁਹਿਰਦ ਤੇ ਹਰਮਨ ਪਿਆਰੇ ਮੈਂਬਰ ਸ੍ਰ. ਸੂਰਤ ਸਿੰਘ ਔਜਲਾ ਅਚਾਨਕ ਹੀ ਕਲੱਬ ਦੇ ਮੈਂਬਰਾਂ ਅਤੇ ਪਰਿਵਾਰ ਨੂੰ ਵਿਛੋੜਾ ਦੇ ਗਏ। ਉਹ ਸੇਵਾ, ਤਿਆਗ, ਨਿਮਰਤਾ ਅਤੇ ਸਾਦਗੀ ਦੇ ਪੁੰਜ ਸਨ। ਉਹ ਇਮਾਨਦਾਰ, ਨਿਧੜਕ ਤੇ ਬੇਵਾਕ ਵਿਅਕਤੀ ਸਨ ਜੋ ਸੱਚੀ ਗੱਲ ਕਹਿਣ ਤੋਂ ਕਦੇ ਝਿਜਕਦੇ ਨਹੀਂ ਸਨ। ਉਹਨਾਂ ਵਿੱਚ ਸੇਵਾ ਭਾਵਨਾ ਇਨੀ ਪਰਬਲ ਸੀ ਕਿ ਉਹ ਸਨੋਅ ਦੇ ਦਿਨਾਂ ਵਿੱਚ ਵੀ ਆਪਣੇ ਮਿੱਤਰ ਸੇਵਾ ਸਿੰਘ ਨਾਲ ਪੈਦਲ ਜਾ ਕੇ ਕਲੱਬ ਮੈਂਬਰਾਂ ਲਈ ਅਖਬਾਰ ਲਿਆਉਂਦੇ ਤੇ ਕਈਆਂ ਦੇ ਘਰੀਂ ਵੀ ਪਹੁੰਚਾਉਂਦੇ। ਕਲੱਬ ਦੇ ਹਰ ਫੰਕਸ਼ਨ ਸਮੇਂ ਸਵੇਰ ਤੋਂ ਅੰਤ ਤੱਕ ਸੇਵਾ ਵਿੱਚ ਜੁਟੇ ਰਹਿੰਦੇ। ਉਹ ਕੁਰਸੀਆਂ ਸੈਟ ਕਰਨ, ਲੰਗਰ ਵਰਤਾਉਣ ਆਦਿ ਸੇਵਾ ਬੜੀ ਨਿਮਰਤਾ ਤੇ ਹਲੀਮੀ ਨਾਲ ਨਿਭਾਉਂਦੇ ਸਨ। ਕਲੱਬ ਵੱਲੋਂ ਕੀਤੀ ਜਾਂਦੀ ਗਲੀਆਂ ਪਾਰਕਾਂ ਦੀ ਸਫਾਈ ਵਿੱਚ ਵਡੇਰੀ ਉਮਰ ਹੋਣ ਦੇ ਬਾਵਜੂਦ ਪੂਰੇ ਉਤਸਾਹ ਨਾਲ ਹਿੱਸਾ ਲੈਂਦੇ ਸਨ। ਹਰ ਇੱਕ ਦੇ ਦੁੱਖ ਸੁੱਖ ਵਿੱਚ ਸ਼ਾਮਲ ਹੋਣਾ ਉਹਨਾਂ ਦੀ ਜ਼ਿੰਦਗੀ ਦਾ ਨਿਯਮ ਸੀ। ਕਲੱਬ ਵੱਲੋਂ ਇਸ ਸਾਲ ਸਲਾਨਾ ਸਮਾਗਮ ਸਮੇਂ ਉਹਨਾਂ ਨੂੰ ਕਲੱਬ ਦੇ ਸਭ ਤੋਂ ਸੀਨੀਅਰ ਮੈਂਬਰ ਹੋਣ ਦੇ ਨਾਤੇ ਸਨਮਾਨਿਤ ਕੀਤਾ ਗਿਆ। ਸਾਰੀ ਉਮਰ ਦਸਾਂ ਨਹੁੰਆਂ ਦੀ ਕਿਰਤ ਕਰਦੇ ਹੋਏ ਉਹ ਅਚਾਨਕ ਇੱਕ ਦੁਰਘਟਨਾ ਵਿੱਚ ਸਦੀਵੀ ਵਿਛੋੜਾ ਦੇ ਗਏ। ਉਹ ਆਪਣੇ ਪਿੱਛੇ ਇੱਕ ਵੱਡਾ ਤੇ ਹੱਸਦਾ ਖੇਡ ਦਾ ਪਰਿਵਾਰ ਛੱਡ ਗਏ। ਲੰਬੇ ਸਮੇਂ ਤੋਂ ਉਹ ਆਪਣੇ ਪੁੱਤਰ ਜੈਗ ਔਜਲਾ ਨਾਲ ਸੰਤੁਸਟੀ ਵਾਲਾ ਜੀਵਨ ਜੀਅ ਰਹੇ ਸਨ। ਆਦਾਰਾ 'ਸਰੋਕਾਰਾਂ ਦੀ ਆਵਾਜ਼' ਅਤੇ ਰੈਡ ਵਿੱਲੋ ਕਲੱਬ ਦੀ ਆਗੂ ਟੀਮ ਤੇ ਸਮੂਹ ਮੈਂਬਰ ਇਸ ਦੁੱਖ ਦੀ ਘੜੀ ਵਿੱਚ ਉਹਨਾਂ ਦੇ ਸਮੂਹ ਪਰਿਵਾਰ, ਰਿਸ਼ਤੇਦਾਰਾਂ ਤੇ ਦੋਸਤਾਂ ਮਿੱਤਰਾਂ ਨਾਲ ਦੁੱਖ ਸਾਂਝਾ ਕਰਦੇ ਹਨ। ਅਸੀਂ ਹਰ ਵਕਤ ਉਹਨਾਂ ਦੇ ਗੁਣਾਂ ਤੋਂ ਪ੍ਰੇਰਣਾ ਲੈਂਦੇ ਰਹਾਂਗੇ ਤੇ ਇਹੀ ਸਾਡੀ ਉਹਨਾਂ ਨੂੰ ਸੱਚੀ ਸ਼ਰਧਾਜਲੀ ਹੈ।

# ਦਮਨਕਾਰੀ ਕਾਨੂੰਨ ਦਾ ਡਟਵਾਂ ਵਿਰੋਧ ਕਰੋ



ਕੰਵਲਜੀਤ ਖੰਨਾ

ਸੰਨ 2010 ਵਿੱਚ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਵੱਲੋਂ ਪੰਜਾਬ ਵਿਧਾਨ ਸਭਾ ਵਿੱਚ ਦੋ ਅਜਿਹੇ ਬਿਲ ਪੇਸ਼ ਕੀਤੇ ਅਤੇ ਪਾਸ ਕਰਵਾਏ ਗਏ ਸਨ ਜਿਨ੍ਹਾਂ ਨੂੰ ਅਕਾਲੀ-ਭਾਜਪਾ ਗੱਠਜੋੜ ਤੋਂ ਸਿਵਾਏ ਪੰਜਾਬ ਦੀਆਂ ਸਭਨਾਂ ਜਮਹੂਰੀ, ਸਿਆਸੀ ਤੇ ਸਮਾਜਿਕ ਜਥੇਬੰਦੀਆਂ ਨੇ ਕਾਲ਼ੇ ਕਾਨੂੰਨ ਕਹਿ ਕੇ ਰੱਦ ਕੀਤਾ ਸੀ ਅਤੇ ਡਟਵਾਂ ਵਿਰੋਧ ਕੀਤਾ ਸੀ। ਇਹ ਕਾਲ਼ੇ ਕਾਨੂੰਨ ਸਨ : ਪਹਿਲਾ, 'ਪੰਜਾਬ ਜਨਤਕ ਅਤੇ ਨਿੱਜੀ ਜਾਇਦਾਦ ਦੇ ਨੁਕਸਾਨ 'ਤੇ ਰੋਕ ਬਿਲ-2010।' 'ਪੰਜਾਬ ਵਿਸ਼ੇਸ਼ ਸੁਰੱਖਿਆ ਗਰੁੱਪ ਬਿਲ-2010' ਇਨ੍ਹਾਂ ਦੋ ਕਾਨੂੰਨਾਂ ਤੋਂ ਛੁੱਟ ਦੋ ਸੋਧ ਬਿਲ ਵੀ ਪਾਸ ਕੀਤੇ ਗਏ ਸਨ। ਇਹ ਸਨ : 'ਇੰਡੀਅਨ ਪ੍ਰੋਸੀਜਰ ਕੋਡ (ਪੰਜਾਬ ਦੂਸਰੀ ਸੋਧ) ਬਿਲ, 2010' ਅਤੇ 'ਦਾ ਕੋਡ ਆਫ ਕ੍ਰਿਮੀਨਲ ਪ੍ਰੋਸੀਜ਼ਰ (ਪੰਜਾਬ ਦੂਸਰੀ ਸੋਧ) ਬਿਲ-2010'। ਪੰਜਾਬ ਦੀ ਸਮੁੱਚੀ ਲੋਕਾਈ ਨੂੰ ਡੂੰਘੇ ਰੂਪ 'ਚ ਪ੍ਰਭਾਵਿਤ ਕਰਨ ਵਾਲੇ ਕਈ ਮਾਮਲਿਆਂ 'ਚ ਭਾਰਤੀ ਸੰਵਿਧਾਨ ਦੀਆਂ ਮੂਲ ਭਾਵਨਾ ਦੇ ਹੀ ਉਲਟ ਧਾਰਾਵਾਂ ਵਾਲੇ ਇਨ੍ਹਾਂ ਬਿਲਾਂ ਨੂੰ ਪੇਸ਼ ਤੇ ਪਾਸ ਕਰਨ ਲੱਗਿਆ ਪੰਜਾਬ ਦੀ ਤਤਕਾਲੀ ਅਕਾਲੀ-ਭਾਜਪਾ ਗੱਠਜੋੜ ਸਰਕਾਰ ਨੇ ਜਮਹੂਰੀਅਤ ਦੇ ਘੱਟੋ-ਘੱਟ ਪੈਮਾਨੇ ਮੁਤਾਬਕ ਪੰਜਾਬ ਦੇ ਲੋਕਾਂ ਤੇ ਜਮਹੂਰੀ ਸੰਗਠਨਾਂ ਨੂੰ ਕਿਸੇ ਵੀ ਤਰ੍ਹਾਂ ਨਾਲ ਸੁਝਾਅ ਜਾਂ ਇਤਰਾਜ਼ ਪ੍ਰਗਟ ਕਰਨ ਦਾ ਮੌਕਾ ਤੱਕ ਨਹੀਂ ਸੀ ਦਿੱਤਾ। ਹੋਰ ਵੀ ਗੈਰ-ਜਮਹੂਰੀ ਤੇ ਗੈਰ-ਸੰਜੀਦਾ ਢੰਗ ਇਹ ਸੀ ਕਿ ਇਨ੍ਹਾਂ ਕਾਨੂੰਨਾਂ ਤੇ ਸੋਧ ਬਿਲਾਂ ਨੂੰ ਪੰਜਾਬ ਵਿਧਾਨ ਸਭਾ ਨੇ ਪਹਿਲੀ ਅਕਤੂਬਰ, 2010 ਵਾਲੇ ਦਿਨ ਬਿਨਾਂ ਕੋਈ ਬਹਿਸ ਕੀਤੇ ਕੁੱਝ ਹੀ ਮਿੰਟਾਂ ਵਿੱਚ ਪਾਸ ਕਰ ਦਿੱਤਾ ਸੀ। ਪੰਜਾਬ ਨੂੰ 'ਖੁੱਲ੍ਹੀ ਜੇਲ੍ਹ' ਵਿੱਚ ਬਦਲ ਦੇਣ ਵਾਲੇ ਅਤੇ ਹਕੂਮਤ ਨੂੰ ਤਾਨਾਸ਼ਾਹ ਤਾਕਤਾਂ ਨਾਲ ਲੈਸ ਕਰਨ ਵਾਲੇ ਇਨ੍ਹਾਂ ਕਾਲ਼ੇ ਕਾਨੂੰਨਾਂ ਦਾ ਜ਼ੋਰਦਾਰ ਢੰਗ ਨਾਲ ਵਿਰੋਧ ਕੀਤਾ ਅਤੇ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਜਾਣ ਦੇ ਬਾਵਜੂਦ ਵੀ ਅਕਾਲੀ-ਭਾਜਪਾ ਸਰਕਾਰ ਨੂੰ ਇਨ੍ਹਾਂ ਕਾਨੂੰਨਾਂ ਨੂੰ ਵਾਪਸ ਲੈਣ ਲਈ ਮਜ਼ਬੂਰ ਕਰ ਦਿੱਤਾ। ਪਿਛਲੇ ਕੁੱਝ ਦਹਾਕਿਆਂ 'ਚ ਪੰਜਾਬ ਦੇ ਲੋਕਾਂ ਦੀ ਇਹ ਸ਼ਾਨਦਾਰ ਜਿੱਤ ਸੀ ਅਤੇ ਹਕੂਮਤ ਦੀ ਕਰਾਰੀ ਹਾਰ ਸੀ।

ਹੁਣ 22 ਜੁਲਾਈ ਨੂੰ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤਾ 'ਪੰਜਾਬ ਜਨਤਕ ਅਤੇ ਨਿੱਜੀ ਜਾਇਦਾਦ ਦੇ ਨੁਕਸਾਨ 'ਤੇ ਰੋਕ ਬਿਲ-2014' ਉਨ੍ਹਾਂ ਕਾਲ਼ੇ ਕਾਨੂੰਨਾਂ ਵਿੱਚੋਂ ਇੱਕ, 'ਪੰਜਾਬ ਜਨਤਕ ਤੇ ਨਿੱਜੀ ਜਾਇਦਾਦ ਦੇ ਨੁਕਸਾਨ 'ਤੇ ਰੋਕ ਬਿਲ-2010', ਦਾ ਹੀ ਨਵਾਂ ਰੂਪ ਹੈ। ਪੰਜਾਬ ਦੇ ਉਪ ਮੁੱਖ ਮੰਤਰੀ ਤੇ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਖਾਸ ਦਿਲਚਸਪੀ ਨਾਲ ਕੁੱਝ ਸੋਧਾਂ ਸਮੇਤ ਇਸ ਬਿਲ ਨੂੰ ਕੁੱਝ ਦਿਨ ਪਹਿਲਾਂ ਪੰਜਾਬ ਮੰਤਰੀ ਮੰਡਲ ਨੇ ਵਿਧਾਨ ਸਭਾ ਵਿੱਚ ਪੇਸ਼ ਕਰਨ ਲਈ ਮਨਜ਼ੂਰ ਕੀਤਾ ਸੀ। ਇੱਕ ਵਾਰ ਫਿਰ, ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਵੱਲੋਂ ਇਸ ਬਿੱਲ ਨੂੰ ਬਿਲਕੁਲ ਉਸੇ ਤਰ੍ਹਾਂ ਗੈਰ-ਜਮਹੂਰੀ ਤਰੀਕੇ ਨਾਲ, ਬਿਨਾਂ ਲੋਕਾਂ ਨੂੰ ਇਤਰਾਜ਼ ਜਾਂ ਸੁਝਾਅ ਦਾ ਮੌਕਾ ਦਿੱਤੇ ਅਤੇ ਬਿਨਾਂ ਬਹਿਸ ਕੀਤੇ ਪੇਸ਼ ਕੀਤਾ ਅਤੇ ਪਾਸ ਕਰਵਾਇਆ ਗਿਆ ਹੈ। ਇਸ ਮਕਸਦ ਲਈ ਸੁਪਰੀਮ ਕੋਰਟ ਦੇ ਇੱਕ ਫੈਸਲੇ ਨੂੰ ਲੰਗੜੇ ਬਹਾਨੇ ਵਜੋਂ ਵਰਤਣ ਦੀ ਕੋਸ਼ਿਸ਼ ਕੀਤੀ ਹੈ। ਅਸਲ ਵਿੱਚ ਸੁਪਰੀਮ ਕੋਰਟ ਨੇ ਸਰਕਾਰ ਨੂੰ ਸਰਕਾਰੀ ਤੇ ਨਿੱਜੀ ਜਾਇਦਾਦ ਦੀ ਸੁਰੱਖਿਆ ਯਕੀਨੀ ਬਨਾਉਣ ਲਈ ਤਾਂ ਨਿਰਦੇਸ਼ ਜਾਰੀ ਕੀਤਾ ਸੀ ਨਾ ਕਿ ਲੋਕਾਂ ਦੇ ਜੱਥੇਬੰਦ ਹੋਣ ਅਤੇ ਰੋਸ ਪ੍ਰਗਟ ਕਰਨ ਦੇ ਜਮਹੂਰੀ ਹੱਕਾਂ 'ਤੇ ਛਾਪਾ ਮਾਰਨ ਵਾਲਾ ਕਾਨੂੰਨ ਬਨਾਉਣ ਲਈ।

ਪੰਜਾਬ ਸਰਕਾਰ ਤੇ ਵਿਧਾਨ ਸਭਾ ਵੱਲੋਂ ਪਾਸ ਕੀਤਾ ਇਹ ਕਾਨੂੰਨ ਬਹੁਤ ਹੀ ਆਸਧਾਰਨ ਕਿਸਮ ਦਾ ਹੈ। ਇਸ ਕਾਨੂੰਨ ਦਾ ਘੇਰਾ ਵਸੀਹ ਹੈ ਅਤੇ ਧਾਰਾਵਾਂ ਤੇ ਸਜ਼ਾਵਾਂ ਬਹੁਤ ਹੀ ਸਖ਼ਤ ਹਨ। ਇਸ ਕਾਨੂੰਨ ਨਾਲ ਲੈਸ ਹੋ ਕੇ ਸਰਕਾਰ ਅਸਹਿਮਤੀ ਦੀ ਹਰ ਆਵਾਜ਼ ਨੂੰ ਕੁਚਲਣ ਦੇ ਸਮਰੱਥ ਹੋ ਜਾਵੇਗੀ ਅਤੇ ਪੰਜਾਬ ਦੇ ਲੋਕਾਂ ਦੇ ਜੱਥੇਬੰਦ ਹੋਣ ਅਤੇ ਸ਼ਾਂਤਮਈ ਤਰੀਕੇ ਨਾਲ ਸੰਘਰਸ਼ ਕਰਨ ਦੇ ਰਾਹ 'ਚ ਵੱਡੀਆਂ ਰੁਕਾਵਟਾਂ ਡਾਹ ਸਕੇਗੀ। ਸੰਖੇਪ ਵਿੱਚ ਇਸ ਬਿਲ ਦੀਆਂ ਕੁੱਝ ਚਰਚਿਤ ਤੇ ਖ਼ਤਰਨਾਕ ਧਾਰਾਵਾਂ ਇਸ ਪ੍ਰਕਾਰ ਹਨ :

**ਨੁਕਸਾਨ ਪਹੁੰਚਾਊ ਕਾਰਵਾਈ :** ਇਸ ਬਿਲ ਦੀ ਧਾਰਾ-2 ਦੀ ਉਪ ਧਾਰਾ ਬੀ ਮੁਤਾਬਕ ਨੁਕਸਾਨ ਪਹੁੰਚਾਊ ਕਾਰਵਾਈ ਵਿੱਚ ਇਹ ਕਾਰਵਾਈਆਂ ਸ਼ਾਮਲ ਹਨ। ਐਜੀਟੇਸ਼ਨ, ਹੜਤਾਲ, ਧਰਨਾ, ਬੰਦ ਜਾਂ ਪ੍ਰਦਰਸ਼ਨ ਜਾਂ ਮਾਰਚ ਜਾਂ ਜਲੂਸ ਜਿਸ ਨਾਲ ਕਿਸੇ ਸਰਕਾਰੀ ਜਾਂ ਨਿੱਜੀ ਜਾਇਦਾਦ ਦਾ ਨੁਕਸਾਨ, ਹਰਜਾ ਜਾਂ ਬਰਬਾਦੀ ਕੀਤੀ ਜਾਵੇ। ਨੁਕਸਾਨ, ਹਰਜਾ ਜਾਂ ਬਰਬਾਦੀ ਦਾ ਬਿਨਾਂ ਵਿਆਖਿਆ ਖੁੱਲ੍ਹਾ-ਡੁੱਲ੍ਹਾ ਚੌਖਟਾ ਹਰ ਕਿਸਮ ਦੀ ਜਨਤਕ ਸਰਗਰਮੀ ਨੂੰ 'ਨੁਕਸਾਨ ਪਹੁੰਚਾਊ ਕਾਰਵਾਈ' ਦੇ ਜੁਮਰੇ ਵਿੱਚ ਰੱਖਣ ਦੇ ਸਮਰੱਥ ਹੈ। ਜ਼ਾਹਿਰ ਹੈ ਇਸ ਧਾਰਾ ਦੀ ਸਰਕਾਰ, ਪੁਲਸ, ਅਫਸਰਸ਼ਾਹੀ ਤੇ ਹੋਰ ਕੋਈ ਵੀ ਵਿਆਪਕ ਦੁਰਵਰਤੋਂ ਕਰਕੇ ਸ਼ਾਂਤਮਈ ਰੋਸ ਪ੍ਰਗਟਾਵੇ ਨੂੰ ਸਜ਼ਾ ਯੋਗ ਕਾਰਵਾਈ ਗਰਦਾਨ ਸਕਦੇ ਹਨ।

**ਜੱਥੇਬੰਦ ਕਰਨ ਵਾਲੇ:** ਧਾਰਾ-2 ਦੀ ਉਪ ਧਾਰਾ-ਸੀ ਅਨੁਸਾਰ ਉਪਰੋਕਤ ਕਾਰਵਾਈ ਨੂੰ 'ਜੱਥੇਬੰਦ ਕਰਨ ਵਾਲੇ' (ਆਰਗੇਨਾਈਜ਼ਰ) ਇਨ੍ਹਾਂ ਨੂੰ ਮੰਨਿਆ ਜਾਵੇਗਾ: ਕੋਈ ਵਿਅਕਤੀ ਜਾਂ ਵਧੇਰੇ ਵਿਅਕਤੀ ਜਾਂ ਕਿਸੇ ਜੱਥੇਬੰਦੀ, ਯੂਨੀਅਨ ਜਾਂ ਪਾਰਟੀ ਦੇ ਅਹੁਦੇਦਾਰ ਜੋ ਉਕਤ ਕਾਰਵਾਈ ਦੇ ਪ੍ਰਬੰਧਕ ਹਨ, ਜੋ ਨੁਕਸਾਨ ਪਹੁੰਚਾਊ ਕਾਰਵਾਈ ਲਈ ਉਕਸਾਉਂਦੇ ਹਨ। ਇਸ ਦੀ ਸਾਜਿਸ਼ ਕਰਦੇ ਹਨ, ਇਸ ਦੀ ਸਲਾਹ ਦਿੰਦੇ ਹਨ ਜਾਂ ਅਜਿਹਾ ਕਰਨ ਲਈ ਮਾਰਗ ਦਰਸ਼ਨ ਕਰਦੇ ਹਨ। ਯਾਨੀ ਇਸ ਧਾਰਾ ਮੁਤਾਬਕ ਉਨ੍ਹਾਂ ਆਗੂ ਵਰਕਰਾਂ ਨੂੰ ਵੀ ਗ੍ਰਿਫ਼ਤ ਵਿੱਚ ਲਿਆ ਜਾ ਤੇ ਦੋਸ਼ੀ ਕਰਾਰ ਦਿੱਤਾ ਜਾ ਸਕਦਾ ਹੈ ਜਿਹੜੇ ਜ਼ਰੂਰੀ ਨਹੀਂ ਕਿਸੇ ਕਾਰਵਾਈ ਵਿੱਚ ਸਿੱਧੇ ਸ਼ਾਮਲ ਹੋਣ। ਜ਼ਾਹਿਰ ਹੈ ਸਰਕਾਰ ਦੀ ਮਨਸ਼ਾ ਹਰ ਹੀਲੇ-ਵਾਸੀਲੇ ਜਨਤਕ ਤੇ ਸਿਆਸੀ ਆਗੂਆਂ ਨੂੰ ਇਸ ਕਾਨੂੰਨ ਦੇ ਲਪੇਟੇ ਵਿੱਚ ਲੈ ਕੇ ਲੋਕਾਂ ਨੂੰ ਲੀਡਰਸ਼ਿਪ ਤੋਂ ਵਾਂਝਿਆਂ ਕਰਨਾ ਹੈ, ਖੌਫ਼ਜ਼ਦਾ ਕਰਨਾ ਹੈ।

**ਸਜ਼ਾ ਦਾ ਪ੍ਰਬੰਧ :** ਇਸ ਬਿਲ ਦੀ ਧਾਰਾ ਅਨੁਸਾਰ 'ਜੋ ਕੋਈ ਵੀ ਕਿਸੇ ਜਨਤਕ ਜਾਂ ਨਿੱਜੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੀ ਕਾਰਵਾਈ ਕਰਦਾ ਹੈ ਉਸ ਨੂੰ ਤਿੰਨ ਸਾਲ ਤੱਕ ਦੀ ਕੈਦ ਅਤੇ ਇੱਕ ਲੱਖ ਰੁਪਏ ਜ਼ੁਰਮਾਨਾ ਕੀਤਾ ਜਾ ਸਕੇਗਾ। ਪਰ ਜੇ ਨੁਕਸਾਨ ਅਗਜ਼ਨੀ ਜਾਂ ਵਿਸਫੋਟਕ ਪਦਾਰਥ ਨਾਲ ਪਹੁੰਚਾਇਆ ਜਾਵੇ ਤਾਂ ਧਾਰਾ ਅਨੁਸਾਰ ਘੱਟੋ-ਘੱਟ ਇੱਕ ਸਾਲ ਤੋਂ ਪੰਜ ਸਾਲ ਤੱਕ ਦੀ ਕੈਦ ਅਤੇ ਤਿੰਨ ਲੱਖ ਰੁਪਏ ਜ਼ੁਰਮਾਨਾ ਕੀਤਾ ਜਾ ਸਕੇਗਾ। ਇਸ ਤੋਂ ਛੁੱਟ, ਬਿਲ ਦੀ ਧਾਰਾ - ਅਨੁਸਾਰ ਨੁਕਸਾਨ ਦੇ ਬਰਾਬਰ ਹਰਜ਼ਾਨਾ ਵੀ ਦੋਸ਼ੀ/ਦੋਸ਼ੀਆਂ ਤੋਂ ਵਸੂਲ ਕੀਤਾ ਜਾਵੇਗਾ। ਇਹ ਜਾਇਦਾਦ ਕੁਰਕ ਕਰਕੇ ਵਸੂਲ ਕੀਤਾ ਜਾਵੇਗਾ। ਨੁਕਸਾਨ ਦਾ ਅੰਦਾਜ਼ਾ ਸਰਕਾਰ ਵੱਲੋਂ ਨਿਯੁਕਤ 'ਸਮਰੱਥ ਅਥਾਰਟੀ' ਵੱਲੋਂ ਤਹਿ ਕੀਤਾ ਜਾਵੇਗਾ। ਧਾਰਾ -8 ਅਨੁਸਾਰ ਅਜਿਹੀ ਕਾਰਵਾਈ ਗੈਰ-ਜ਼ਮਾਨਤ ਯੋਗ ਅਪਰਾਧ ਦੀ ਸ਼੍ਰੇਣੀ 'ਚ ਰੱਖੀ ਜਾਵੇਗੀ। ਧਾਰਾ-9 ਅਨੁਸਾਰ ਇਸ ਕਾਨੂੰਨ ਦੇ ਘੇਰੇ ਦੀ ਕਾਰਵਾਈ 'ਚ ਸ਼ਾਮਲ ਵਿਅਕਤੀ ਨੂੰ ਸਮਰੱਥ ਅਧਿਕਾਰੀ (ਹੈਡ ਕਾਂਸਟੇਬਲ) ਵੱਲੋਂ ਬਿਨਾਂ ਵਾਰੰਟ ਗ੍ਰਿਫ਼ਤਾਰ ਕੀਤਾ ਜਾ ਸਕੇਗਾ। ਇਸੇ ਧਾਰਾ ਮੁਤਾਬਕ ਇਸ ਕਾਨੂੰਨ ਤਹਿਤ ਆਉਂਦੇ ਜੁਰਮ ਦੀ ਸੁਣਵਾਈ ਚੀਫ ਜੁਡੀਸ਼ੀਅਲ ਮੈਜਿਸਟਰੇਟ ਤੋਂ ਹੇਠਲੀ ਅਦਾਲਤ ਨਹੀਂ ਕਰ ਸਕੇਗੀ। ਕਾਨੂੰਨ ਅਨੁਸਾਰ ਘਟਨਾ ਦੇ ਮੌਕੇ 'ਤੇ ਸਰਕਾਰ ਵੱਲੋਂ ਕੀਤੀ ਵੀਡੀਓਗ੍ਰਾਫ਼ੀ ਨੂੰ ਹੀ ਸਬੂਤ ਵੱਜੋਂ ਮੰਨਿਆ ਜਾਵੇਗਾ।

ਇਨ੍ਹਾਂ ਧਾਰਾਵਾਂ ਤੋਂ ਸਪੱਸ਼ਟ ਹੈ ਕਿ ਇਸ ਕਾਨੂੰਨ ਦੀ ਜੱਦ ਵਿੱਚ ਕਿਸੇ ਵੀ ਪ੍ਰਕਾਰ ਦੀ ਰੋਸ ਪ੍ਰਗਟਾਵੇ ਦੀ ਕਾਰਵਾਈ ਨੂੰ ਲਿਆ ਜਾ ਸਕਦਾ ਹੈ ਅਤੇ ਕਿਸੇ ਵੀ ਜਥੇਬੰਦੀ/ਪਾਰਟੀ ਦੇ ਕਿਸੇ ਵੀ ਆਗੂ ਨੂੰ ਦੋਸ਼ੀ ਠਹਿਰਾਇਆ ਜਾ ਸਕਦਾ ਹੈ, ਭਲੇ ਹੀ ਉਹ ਮੌਕੇ 'ਤੇ ਮੌਜੂਦ ਨਾ ਵੀ ਹੋਵੇ। ਬਿਨਾਂ ਵਾਰੰਟ ਗ੍ਰਿਫ਼ਤਾਰੀ, ਸਖ਼ਤ ਸਜ਼ਾਵਾਂ ਅਤੇ ਵੀਡੀਓਗ੍ਰਾਫ਼ੀ ਨੂੰ ਹੀ ਸਬੂਤ ਵਜੋਂ ਮੰਨਣਾ ਇਸ ਕਾਨੂੰਨ ਦੀਆਂ ਹੋਰ ਸੰਗੀਨ ਧਾਰਾਵਾਂ ਹਨ ਜਿਨ੍ਹਾਂ ਦੀ ਹਕੂਮਤ ਤੇ ਪੁਲਸ ਵੱਲੋਂ ਦੁਰਵਰਤੋਂ ਯਕੀਨੀ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਇਹ ਕਾਨੂੰਨ ਪੰਜਾਬ ਦੇ ਲੋਕਾਂ ਦੇ ਜੱਥੇਬੰਦ ਹੋਣ ਅਤੇ ਸ਼ਾਂਤਮਈ ਸੰਘਰਸ਼ ਕਰਨ ਦੇ ਜਮਹੂਰੀ ਹੱਕਾਂ 'ਤੇ ਛਾਪਾ ਹੈ।

ਦਿਲਚਸਪ ਗੱਲ ਇਹ ਹੈ ਕਿ ਕਈ ਮਾਮਲਿਆਂ 'ਚ ਐਮਰਜੈਂਸੀ ਦੇ ਦਿਨਾਂ ਦੀ ਹੀ ਨਹੀਂ ਸਗੋਂ ਅੰਗਰੇਜ਼ੀ ਰਾਜ ਦੇ ਕਾਲ਼ੇ ਕਾਨੂੰਨਾਂ ਤੇ ਦਿਨਾਂ ਦੀ ਯਾਦ ਤਾਜ਼ਾ ਕਰਵਾਉਂਦੇ ਇਸ ਦਮਨਕਾਰੀ ਕਾਨੂੰਨ ਦਾ ਸੂਤਰਧਾਰ ਕੋਈ ਹੋਰ ਨਹੀਂ ਸਗੋਂ ਆਪਣੇ ਆਪ ਨੂੰ 'ਐਮਰਜੈਂਸੀ ਵਿਰੋਧੀ ਮੋਰਚੇ' ਦਾ ਮਹਾਂ-ਨਾਇਕ ਕਹਾਉਣ ਵਾਲਾ ਪ੍ਰਕਾਸ਼ ਸਿੰਘ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਹੀ ਹੈ। ਹੋਰ ਵੀ ਦਿਲਚਸਪ ਗੱਲ ਇਹ ਹੈ ਕਿ ਪੰਜਾਬ ਵਿਧਾਨ ਸਭਾ ਵੱਲੋਂ, ਹਰ ਕਿਸਮ ਦੇ ਸ਼ਾਂਤਮਈ ਵਿਰੋਧ ਨੂੰ ਲਪੇਟ ਲੈਣ ਦੇ ਸਮਰੱਥ, ਇਸ ਬਿਲ ਨੂੰ ਪਾਸ ਕਰਨ ਸਮੇਂ ਮੁੱਖ ਮੰਤਰੀ ਪੰਜਾਬ ਪ੍ਰਕਾਸ਼ ਸਿੰਘ ਬਾਦਲ ਹਰਿਆਣੇ ਦੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਦੇ 'ਤੇ ਭੜਕਾਊ ਤੇ ਉਕਸਾਊ ਬਿਆਨਬਾਜ਼ੀ ਤੇ ਕਾਰਵਾਈਆਂ ਰਾਹੀਂ ਪੰਜਾਬ ਦੇ ਹੀ ਨਹੀਂ ਸਗੋਂ ਗੁਆਂਢੀ ਸੂਬੇ ਹਰਿਆਣੇ ਦੇ ਅਮਨ-ਅਮਾਨ ਨੂੰ ਵੀ ਲਾਂਬੂ ਲਾਉਣ ਦੇ ਯਤਨਾਂ 'ਚ ਮਸ਼ਰੂਫ ਹੈ।

ਅੰਤਿਮ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਪੰਜਾਬ ਸਰਕਾਰ ਆਪਣੇ ਕਾਰਪੋਰੇਟ ਪੱਖੀ ਵਿਕਾਸ ਮਾਡਲ ਦੇ ਸਿੱਟਿਆਂ ਤੇ ਉਨ੍ਹਾਂ ਦੀ ਬਦੌਲਤ ਵੱਧਦੇ ਲੋਕ ਰੋਹ ਤੋਂ ਘਬਰਾਈ ਹੋਈ ਹੈ। ਇੱਕ ਅਜਿਹਾ ਵਿਕਾਸ ਮਾਡਲ ਜਿਸ ਨੇ ਪੰਜਾਬ ਦੇ ਸ਼ਹਿਰੀ ਤੇ ਪੇਂਡੂ ਮਜ਼ਦੂਰਾਂ ਨੂੰ ਰੋਟੀ-ਰੋਜ਼ੀ ਤੋਂ ਵਾਂਝੇ ਕਰ ਦਿੱਤਾ ਹੈ, ਖੇਤਾਂ ਦੇ ਪੁੱਤਾਂ ਨੂੰ ਖ਼ੁਦਕਸ਼ੀਆਂ ਦੇ ਰਾਹ ਪਾ ਦਿੱਤਾ ਹੈ; ਪੰਜਾਬ ਦੀ ਜੁਆਨੀ ਨੂੰ ਬੇਰੁਜ਼ਗਾਰੀ ਦੀ ਭੱਠੀ ਵਿੱਚ ਝੋਕ ਦਿੱਤਾ ਹੈ, ਪੰਜਾਬ ਨੂੰ ਨਸ਼ਿਆਂ ਦੀ ਮੰਡੀ ਬਣਾ ਦਿੱਤਾ ਹੈ; ਪੰਜ ਦਰਿਆਵਾਂ ਦੀ ਧਰਤੀ ਨੂੰ ਬੰਜਰ ਤੇ ਜਲਵਾਯੂ ਨੂੰ ਦੂਸ਼ਿਤ ਕਰ ਦਿੱਤਾ ਹੈ।

ਅਜਿਹੀ ਹਾਲਤ ਵਿੱਚ ਸਮੂਹ ਪੰਜਾਬ ਹਿਤੈਸ਼ੀਆਂ ਨੂੰ, ਲੇਖਕਾਂ-ਪੱਤਰਕਾਰਾਂ ਨੂੰ, ਟਰੇਡ ਯੂਨੀਅਨਾਂ ਤੇ ਜਨਤਕ ਜਥੇਬੰਦੀਆਂ ਨੂੰ, ਸਮਾਜਿਕ ਤੇ ਸਿਆਸੀ ਸੰਗਠਨਾਂ ਨੂੰ ਇਸ ਕਾਲ਼ੇ ਕਾਨੂੰਨ ਦੇ ਖਿਲਾਫ਼ ਮੋਰਚੇ ਮੱਲ ਲੈਣ ਦੀ ਲੋੜ ਹੈ। ਮੁਗਲ ਹਾਕਮਾਂ ਦੇ ਖਿਲਾਫ਼ 'ਰਾਜੇ ਸ਼ੀਂਹ ਮੁਕੱਦਮ ਕੁੱਤੇ' ਦੀ ਆਵਾਜ਼ ਪੰਜਾਬ ਵਿੱਚੋਂ ਹੀ ਉੱਠੀ ਸੀ, ਰੌਲਟ ਐਕਟ ਦੇ ਖਿਲਾਫ਼ ਬੋਲਿਆਂ ਦੇ ਕੰਨ ਖੋਲ੍ਹਣ ਲਈ ਧਮਾਕਾ ਪੰਜਾਬ ਦੇ ਪੁੱਤਰਾਂ ਨੇ ਹੀ ਕੀਤਾ ਸੀ, ਐਮਰਜੈਂਸੀ ਵਿਰੁੱਧ ਆਵਾਜ਼ ਪੰਜਾਬ ਦੇ ਲੋਕਾਂ ਨੇ ਹੀ ਉਠਾਈ ਸੀ। ਅੱਜ ਫਿਰ ਇੱਕ ਜ਼ੋਰਦਾਰ ਆਵਾਜ਼ ਉੱਠਣੀ ਚਾਹੀਦੀ ਹੈ ਜਿਹੜੀ ਅਕਾਲੀ-ਭਾਜਪਾ ਸਰਕਾਰ ਦੇ ਕੰਨਾਂ ਦੇ ਪਰਦੇ ਪਾੜ ਦੇਵੇ।

## ਅੱਜ ਤੋਂ ਚਾਰ ਸਾਲ ਪਹਿਲਾਂ ਕਾਲ਼ੇ ਕਾਨੂੰਨਾਂ ਵਿਰੁੱਧ ਸੰਘਰਸ਼

22 ਜੁਲਾਈ 2014 ਨੂੰ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤਾ ਪੰਜਾਬ ਜਨਤਕ ਅਤੇ ਨਿੱਜੀ ਜਾਇਦਾਦ ਦੇ ਨੁਕਸਾਨ ਤੇ ਰੋਕ ਬਿਲ 2014 ਉਨ੍ਹਾਂ ਕਾਲ਼ੇ ਕਾਨੂੰਨਾਂ ਵਿੱਚੋਂ ਇੱਕ 'ਪੰਜਾਬ ਜਨਤਕ ਤੇ ਨਿੱਜੀ ਜਾਇਦਾਦ ਦੇ ਨੁਕਸਾਨ 'ਤੇ ਰੋਕ ਬਿਲ 2010' ਦਾ ਹੀ ਨਵਾ ਰੂਪ ਹੈ। ਇਸਦਾ ਇਤਿਹਾਸਕ ਪਿਛੋਕੜ ਇਹ ਹੈ ਕਿ ਜਦੋਂ 2010 'ਚ ਇਸ ਬਿਲ ਨੂੰ ਪੰਜਾਬ ਸਰਕਾਰ ਵੱਲੋਂ ਪਾਸ ਕੀਤਾ ਗਿਆ ਸੀ ਤਾਂ ਪੰਜਾਬ ਦੀਆਂ ਸੰਘਰਸ਼ਸ਼ੀਲ ਜੱਥੇਬੰਦੀਆਂ ਦੇ ਅਧਾਰ ਉੱਤੇ ਬਣੇ ਕਾਲ਼ੇ ਕਾਨੂੰਨਾਂ ਵਿਰੁੱਧ ਸਾਂਝੇ ਮੰਚ ਵੱਲੋਂ ਲਗਾਤਾਰ ਇੱਕ ਸਾਲ ਪੂਰੇ ਜੀਅ ਜਾਨ ਨਾਲ ਸੰਘਰਸ਼ ਦਾ ਅਖਾੜਾ ਮਘਾਈ ਰੱਖਿਆ ਗਿਆ ਸੀ। ਜਿਸਦੇ ਸਿੱਟੇ ਵਜੋਂ 8 ਅਕਤੂਬਰ 2011 ਨੂੰ ਪੰਜਾਬ ਸਰਕਾਰ ਵੱਲੋਂ ਇਹ ਕਾਲਾ ਬਿਲ ਵਾਪਸ ਲੈਣਾ ਪਿਆ ਸੀ। ਜਿਸ ਵਿੱਚ 4 ਅਪ੍ਰੈਲ 2011 ਨੂੰ ਲੁਧਿਆਣੇ ਵਿਸ਼ਾਲ ਰੈਲੀ ਕਰਕੇ ਪੰਜਾਬ ਸਰਕਾਰ ਨੂੰ ਤਿੱਖੀ ਚਿਤਾਵਨੀ ਦਿੱਤੀ ਗਈ ਸੀ। ਇਸ ਤੋਂ ਅੱਗੇ 28 ਸਤੰਬਰ 2011 ਨੂੰ ਚੰਡੀਗੜ੍ਹ ਪਹੁੰਚਣ ਦੀਆਂ ਜ਼ੋਰਦਾਰ ਤਿਆਰੀਆਂ ਕੀਤੀਆਂ ਗਈਆਂ ਸਨ। ਭਾਵੇਂ ਉਸ ਸਮੇਂ ਸੰਘਰਸ਼ਸ਼ੀਲ ਜਥੇਬੰਦੀਆਂ ਦੇ ਜਥਿਆ ਨੂੰ ਚੰਡੀਗੜ੍ਹ ਤਾਂ ਨਹੀਂ ਜਾਣ ਦਿੱਤਾ ਗਿਆ, ਪ੍ਰੰਤੂ ਚੰਡੀਗੜ੍ਹ ਨੂੰ ਜਾਣ ਵਾਲੇ ਤਿੰਨੇ ਰਸਤਿਆਂ ਲਾਂਡਰਾਂ, ਖਰੜ ਤੇ ਜੀਰਕਪੁਰ ਵਿਖੇ ਜਾਮ ਲਾ ਕੇ ਬੰਦ ਕਰ ਦਿੱਤੇ ਗਏ ਸਨ। ਪੰਜਾਬ ਸਰਕਾਰ ਨੇ ਇਸ ਸੰਘਰਸ਼ ਦਾ ਸੇਕ ਨਾ ਝਲਦਿਆ 8 ਅਕਤੂਬਰ 2011 ਨੂੰ ਇਹ ਕਾਲੇ ਕਾਨੂੰਨ ਵਾਪਸ ਲੈਣ ਦੇ ਐਲਾਨ ਕਰਨ ਦਾ ਕੌੜਾ ਘੁੱਟ ਭਰਨ ਲਈ ਮਜਬੂਰ ਹੋਣਾ ਪਿਆ ਸੀ। ਇਸ ਤਰ੍ਹਾਂ ਚਾਰ ਸਾਲ ਬਾਅਦ ਅੱਜ ਵੀ ਇਹ ਜੋਰਦਾਰ ਲੋੜ ਬਣਦੀ ਹੈ ਕਿ 22 ਜੁਲਾਈ 2014 ਨੂੰ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਅਣ ਐਲਾਨੀ ਐਮਰਜੈਂਸੀ ਲਾਉਣ ਵਾਲੇ ਇਸ ਬਿਲ ਵਿਰੁੱਧ ਜਨਤਕ, ਜੱਥੇਬੰਦੀਆਂ ਤੇ ਹੋਰ ਇਨਕਲਾਬੀ ਤਾਕਤਾਂ ਦਾ ਸਾਂਝਾ ਮੰਚ ਉਸਾਰਦੇ ਵਿਸ਼ਾਲ ਤੇ ਵਿਸ਼ਾਲਤਮ ਲਾਮਬੰਦੀ ਕਰਦੇ ਹੋਏ ਅੱਗੇ ਵਧਿਆ ਜਾਵੇ ਅਤੇ ਪੰਜਾਬ ਦੀ ਫਾਸ਼ੀ ਅਕਾਲੀ ਭਾਜਪਾ ਹਕੂਮਤ ਨੂੰ ਇਹ ਬਿਲ 2011 ਦੀ ਤਰ੍ਹਾਂ ਵਾਪਸ ਲੈਣ ਲਈ ਮਜਬੂਰ ਕੀਤਾ ਜਾਵੇ।

## ਭਾਰਤ ਵਿੱਚ ਕਾਲੇ ਕਾਨੂੰਨਾਂ ਦਾ ਇਤਿਹਾਸ

1. ਹਾਕਮਾਂ ਵੱਲੋਂ ਤਿਲਗਾਨਾਂ ਦੇ ਕਿਸਾਨਾਂ ਵਿਰੁੱਧ ਫੌਜੀ ਤਾਕਤ ਦੀ ਹਿੰਸਕ ਵਰਤੋਂ ਦਾ ਅਧਿਕਾਰ ਲੈਣ ਲਈ ਮਦਰਾਸ ਗੜਬੜ ਦਬਾਊ ਐਕਟ 1948 ਆਜ਼ਾਦ ਭਾਰਤ ਦਾ ਪਹਿਲਾ ਕਾਲਾ ਕਾਨੂੰਨ ਸੀ।

1946 'ਚ ਸ਼ੁਰੂ ਹੋਇਆ ਕਿਸਾਨ ਸੰਘਰਸ਼ ਹੋਰਾਂ ਮਸਲਿਆਂ ਤੋਂ ਇਲਾਵਾ ਜਗੀਰਦਾਰਾਂ ਵੱਲੋਂ ਜਬਰੀ ਕੰਮ, ਗੈਰ ਕਾਨੂੰਨੀ ਵਸੂਲੀਆਂ, ਉਜਾੜਿਆਂ ਅਤੇ ਪੇਂਡੂ ਪਟੇਲਾਂ ਦੇ ਦਾਬੇ ਵਿਰੁੱਧ ਸੀ। ਫਿਰ ਇਹ ਸੰਘਰਸ਼ ਜਗੀਰਦਾਰ ਭੂਮੀਪਤੀਆਂ ਤੇ ਨਿਜਾਮ ਦੇ ਜਾਬਰ ਰਾਜ ਤੋਂ ਛੁਟਕਾਰਾ ਪਾਉਣ ਲਈ ਜਰੱਈ ਮੁਕਤੀ ਸੰਘਰਸ਼ 'ਚ ਵਟ ਗਿਆ ਸੀ। ਇਹ ਸੰਘਰਸ਼ ਭਾਰਤੀ ਫੌਜਾਂ ਦੇ ਦਾਖਲੇ ਨਾਲ ਨਿਜ਼ਾਮ ਦਾ ਰਾਜ ਖ਼ਤਮ ਹੋਣ ਅਤੇ ਹੈਦਰਾਬਾਦ ਰਿਆਸਤ ਦੇ ਭਾਰਤੀ ਸੰਘ ਨਾਲ ਰੇਲਵੇਂ ਤੋਂ ਬਾਅਦ ਵੀ ਜਾਰੀ ਰਿਹਾ।

ਮੁੱਖ ਤੌਰ ਤੇ ਨਲਗੌਂਡਾ, ਵਾਰੰਗਲ ਅਤੇ ਖਮਾਮ ਨਾਮੀ ਤਿੰਨ ਜ਼ਿਲ੍ਹਿਆਂ 'ਚ ਪੈਂਦੇ 16000 ਵਰਗ ਮੀਲ ਦੇ 3000 ਪਿੰਡਾਂ ਤੇ 30 ਲੱਖ ਆਬਾਦੀ ਵਾਲੇ ਇਲਾਕੇ ਦੀ ਕਿਸਾਨੀ, ਗਰਾਮ ਰਾਜ ਜਾਂ ਪੇਂਡੂ ਸੋਵੀਅਤਾਂ ਸਥਾਪਤ ਕਰਨ 'ਚ ਕਾਮਯਾਬ ਹੋ ਰਹੀ ਸੀ। ਭੋਂ ਕੁਬੇਰ ਪਿੰਡਾਂ 'ਚੋਂ ਕੱਢ ਦਿੱਤੇ ਗਏ, ਉਨ੍ਹਾਂ ਦੀਆਂ ਜ਼ਮੀਨਾਂ ਜਬਤ ਕਰ ਲਈਆਂ ਸਨ, ਅਤੇ ਲੱਗਭੱਗ 10 ਲੱਖ ਏਕੜ ਜ਼ਮੀਨ ਕਿਸਾਨਾਂ 'ਚ ਵੰਡ ਦਿੱਤੀ ਗਈ ਸੀ। ਇਸ ਵਿੱਚ 40000 ਦੇ ਲੱਗਭੱਗ ਕਮਿਊਨਿਸਟ ਅਤੇ ਕਿਸਾਨ ਕਾਰਕੁਨ ਮਾਰੇ ਗਏ ਅਤੇ 10000 ਤੋਂ ਵੱਧ ਕਮਿਊਨਿਸਟ ਅਤੇ ਹਮਦਰਦ ਜੇਲ ਦੀਆਂ ਸੀਖਾਂ 'ਚ ਬੰਦ ਕਰ ਦਿੱਤੇ ਗਏ ਸਨ।

ਬਾਅਦ ਦੇ ਸਾਲਾਂ 'ਚ ਵੱਡੀ ਗਿਣਤੀ 'ਚ ਕਾਲੇ ਕਾਨੂੰਨ ਪਾਸ ਕੀਤੇ ਗਏ, ਜਿਨ੍ਹਾਂ ਨੇ ਲੋਕਾਈ ਤੇ ਦਹਿਸ਼ਤ ਪਾਉਣ ਲਈ ਹਾਕਮਾਂ ਦੇ ਜਬਰ ਨੂੰ ਕਾਨੂੰਨੀ ਛਤਰੀ ਮੁਹੱਈਆ ਕੀਤੀ।

2. ਸਿੰਘਾਪੁਰ 'ਚ ਲੱਗਭੱਗ 40000 ਬਰਤਾਨਵੀ ਭਾਰਤੀ ਸੈਨਿਕਾਂ ਨੇ ਇੰਡੀਅਨ ਨੈਸ਼ਨਲ ਆਰਮੀ 'ਚ ਸ਼ਾਮਲ ਹੋਕੇ, ਜਪਾਨੀ ਫੌਜੀਆਂ ਨਾਲ ਰਲ ਕੇ ਪੂਰਬੀ ਮੋਰਚੇ ਤੋਂ ਭਾਰਤ ਵੱਲ ਵੱਧਣਾ ਸ਼ੁਰੂ ਕਰ ਦਿੱਤਾ। ਬਸਤੀਵਾਦੀ ਸਰਕਾਰ ਨੇ ਇੱਕ ਹੂੜਾ ਫੇਰੂ ਚਾਲ ਨਾਲ ਕਾਂਗਰਸ ਨੂੰ ਗੈਰ ਕਾਨੂੰਨੀ ਸੰਗਠਨ ਕਰਾਰ ਦੇ ਦਿੱਤਾ, ਪ੍ਰਮੁੱਖ ਕਾਂਗਰਸੀ ਨੇਤਾਵਾਂ ਨੂੰ ਫੜ ਕੇ ਜੇਲ੍ਹੀਂ ਡੱਕ ਦਿੱਤਾ। ਪੂਰੇ ਦੇਸ਼ 'ਚ ਜਨਤਕ ਉਥਲ ਪੁਥਲ ਸ਼ੁਰੂ ਹੋ ਗਈ। ਵਾਇਸਰਾਏ ਲਾਰਡ ਲਿਲਿਥਗੋ ਨੇ ਸਾਰੇ ਬਰਤਾਨਵੀ ਭਾਰਤ 'ਚ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਅਤੇ 15 ਅਗਸਤ 1942 ਨੂੰ ਆਰਮਡ ਫੋਰਸਜ (ਸਪੈਸ਼ਲ ਪਾਵਰਜ਼) ਆਰਡੀਨੈਂਸ ਜਾਰੀ ਕਰ ਦਿੱਤਾ।

ਇਸ ਆਰਡੀਨੈਂਸ਼ ਨਾਲ ਹਥਿਆਰਬੰਦ ਸ਼ਕਤੀਆਂ ਕੋਲ ਮਾਮੂਲੀ ਸ਼ੱਕ ਦੇ ਆਧਾਰ ਤੇ ਕਿਸੇ ਵੀ ਸ਼ਹਿਰੀ ਨੂੰ ਹਿਰਾਸਤ 'ਚ ਲੈਣ ਅਤੇ ਮਾਰਨ ਤੱਕ ਦਾ ਅਧਿਕਾਰ ਮਿਲ ਗਿਆ।

3. ਵੱਖ-ਵੱਖ ਲੋਕ ਵਿਰੋਧੀ ਹਕੂਮਤਾਂ ਵੱਲੋਂ ਸਮੇਂ ਸਮੇਂ ਖ਼ਾਸ ਹਾਲਤਾਂ ਨਾਲ ਨਿਬੜਨ ਲਈ ਘੜੇ ਗਏ ਦਹਿਸ਼ਤਗਰਦੀ ਵਿਰੋਧੀ ਕਾਇਦੇ-ਕਾਨੂੰਨ, ਸਪੈਸ਼ਲ ਕਾਨੂੰਨਾਂ ਰਾਹੀਂ ਹਕੂਮਤ ਦੇ ਨਿਆਂਇਕ ਇਤਿਹਾਸ ਨਾਲ ਬਿਲਕੁੱਲ ਮੇਲ ਖਾਂਦੇ ਹਨ। ਬਰਤਾਨਵੀ ਬਸਤੀਵਾਦ ਨੂੰ ਖ਼ਤਰਾ ਸਮਝੇ ਜਾਂਦੇ ਕਿਸੇ ਵੀ ਵਿਅਕਤੀ ਵੱਲ ਸੇਧਤ ਪਹਿਲਾਂ ਨਜ਼ਰਬੰਦੀ ਕਾਨੂੰਨ ਅੰਗਰੇਜ਼ਾਂ ਨੇ 1793 'ਚ ਪਾਸ ਕੀਤਾ। ਬੰਗਾਲ 'ਚ ਈਸਟ ਇੰਡੀਆ ਕੰਪਨੀ ਨੇ ਬੰਗਾਲ ਸਟੇਟ ਪ੍ਰਿਜਨਰਜ ਰੈਗੂਲੇਸ਼ਨ ਘੜੀ ਜੋ ਕਿ 1818 ਦੀ ਰੈਗੂਲੇਸ਼ਨ ਵਜੋਂ ਲੰਬਾਂ ਸਮਾਂ ਲਾਗੂ ਰਹੀ। ਬਸਤੀਵਾਦੀ ਰਾਜ ਵੱਲੋਂ ਸਾਰੀਆਂ ਮੁੱਢਲੀਆਂ ਆਜ਼ਾਦੀਆਂ ਵਿਰੋਧੀ ਇੱਕ ਗੈਰ-ਸਵਿੰਧਾਨਕ ਆਰਡੀਨੈਂਸ਼ ਜਾਰੀ ਕੀਤਾ। ਇਸ ਮੁਤਾਬਿਕ ਰਾਜ ਕੋਲ ਕਿਸੇ ਵੀ ਵਿਅਕਤੀ ਵਿਰੁੱਧ ਅਦਾਲਤੀ ਮੁੱਕਦਮਾ ਚਲਾਉਣ ਲਈ ਲੋੜੀਂਦੇ ਸਬੂਤਾਂ ਦੀ ਘਾਟ ਹੋਣ ਦੀ ਸੂਰਤ 'ਚ ਉਸ ਨੂੰ ਅਣਮਿੱਥੇ ਸਮੇਂ ਲਈ ਹਿਰਾਸਤ ਰੱਖਣ ਦਾ ਅਧਿਕਾਰੀ ਸੀ। ਬਾਅਦ 'ਚ ਰਾਜ ਨੇ ਇਹ ਆਰਡੀਨੈਂਸ ਰੈਗੂਲੇਸ਼ਨ ਦੇ ਅਧੀਨ ਹੋਣ ਦਾ ਵਿਖਾਵਾ ਕੀਤਾ। ਬਰਤਾਨਵੀ ਰਾਜ ਕੋਲ ਰੇਗੁਲੇਸ਼ਨ ਕਿਸੇ ਵੀ ਰਾਜਨੀਤਕ ਉਥਲ-ਪੁੱਥਲ ਨੂੰ ਕੁਚਲਣ ਲਈ ਬਹੁਤ ਹੀ ਕਾਰਗਰ ਹਥਿਆਰ ਸੀ।

20ਵੀਂ ਸਦੀ ਦੇ ਸ਼ੁਰੂ 'ਚ ਬਹੁਤ ਸਾਰੇ ਭੂਮੀਗਤ ਗਰੁੱਪਾਂ ਵੱਲੋਂ ਆਜ਼ਾਦੀ ਪ੍ਰਾਪਤੀ ਲਈ ਹਿੰਸਕ ਤਰੀਕਿਆਂ ਦੀ ਵਰਤੋਂ ਨਾਲ ਭਾਰਤ ਵਿੱਚ ਇਨਕਲਾਬੀ ਲਹਿਰ ਵਿੱਚ ਚੜ੍ਹਤ ਦੇਖਣ ਨੂੰ ਮਿਲੀ। ਇਹ ਸਮਾਂ, ਇਸ ਉਭਾਰ ਨੂੰ ਹਿੰਸਕ ਢੰਗਾਂ ਨਾਲ ਦਬਾਉਣ ਲਈ ਘੜੇ ਗਏ ਬਹੁਤ ਸਾਰੇ ਲੋਕ ਵਿਰੋਧੀ ਕਾਇਦੇ ਕਾਨੂੰਨਾਂ ਨਾਲ ਵੀ ਭਰਿਆ ਪਿਆ ਹੈ। 1908 'ਚ ਸਰਕਾਰ ਨੇ ਨਿਊਜ਼ ਪੇਪਰ (ਅਪਰਾਧ ਲਈ ਉਕਸਾਉਣਾ) ਐਕਟ ਅਤੇ ਦਾ ਐਕਸਪਲੋਸਿਵ ਸਬਸਟਾਂਸ਼ ਐਕਟ ਅਤੇ, ਛੇਤੀ ਮਗਰੋਂ ਇੰਡੀਅਨ ਪ੍ਰੈਸ ਐਕਟ, ਦਾ ਕਰਿਮੀਨਲ ਟਰਾਈਬਜ਼ ਐਕਟ, ਅਤੇ ਬਗਾਵਤੀ ਇਕਤਰਤਾਵਾਂ ਰੋਕੂ ਐਕਟ ਪਾਸ ਕੀਤੇ। ਇਨ੍ਹਾਂ 'ਚੋਂ ਬਹੁਤ ਸਾਰੀਆਂ ਮੀਟਿੰਗਾਂ, ਬਗਾਵਤੀ ਮੈਟਰ ਦੀ ਪ੍ਰਿਟਿੰਗ ਤੇ ਪ੍ਰਾਪੇਗੰਡੇ ਤੇ ਰੋਕ ਲਾਕੇ ਅਤੇ ਸ਼ੱਕੀਆਂ ਨੂੰ ਗ੍ਰਿਫਤਾਰ ਕਰਕੇ ਇਨਕਲਾਬੀ ਲਹਿਰਾਂ ਨੂੰ ਭੰਨਣ ਤੇ ਕਮਜ਼ੋਰ ਕਰਨ ਵੱਲ ਸੇਧਤ ਸਨ। ਦੀ ਫੌਰਨਰਜ਼ ਆਰਡੀਨੈਂਸ਼ ਐਕਟ 1914 ਨਾਲ ਭਾਰਤ 'ਚ ਵਿਦੇਸ਼ੀਆਂ ਦਾ ਦਾਖਲਾ ਤੇ ਗਤੀਆਂ ਵਿਧੀਆਂ ਨੂੰ ਠੱਲਣ ਦੀ ਕੋਸ਼ਿਸ਼ ਕੀਤੀ। ਦੀ ਡੀਫੈਂਸ ਆਫ ਇੰਡੀਆ ਐਕਟ 1915 ਨਾਲ ਸ਼ੱਕੀਆਂ ਤੇ ਸਪੈਸ਼ਲ ਟ੍ਰਿਬਿਊਨਲਾਂ ਹੇਠ ਮੁਕੱਦਮੇ ਚਲਾਏ ਗਏ। ਇਨ੍ਹਾਂ ਦੇ ਫੈਸਲਿਆਂ ਵਿਰੁੱਧ ਕੋਈ ਅਪੀਲ ਨਹੀਂ ਹੁੰਦੀ ਸੀ।

ਪਹਿਲੇ ਵਿਸ਼ਵ ਯੁੱਧ ਦੇ ਖ਼ਤਮ ਹੋਣ ਨਾਲ, ਦੀ ਡੀਫੈਂਸ ਆਫ ਇੰਡੀਆਂ ਐਕਟ 1915 ਦੀ ਮਿਆਦ ਪੁੱਗਣ ਦੀ ਸੂਰਤ 'ਚ ਅੰਗਰੇਜ਼ ਸਰਕਾਰ ਨੂੰ ਨਵੀਆਂ ਚੁਣੌਤੀਆਂ ਦੇ ਸਨਮੁੱਖ ਨਵੇਂ ਕਾਨੂੰਨਾਂ ਦੀ ਲੋੜ ਸੀ। ਭਾਰਤ 'ਚ ਬਗਾਵਤੀ ਲਹਿਰਾਂ ਨੂੰ ਠੱਲਣ ਲਈ ਬਣਾਈ ਕਮੇਟੀ ਦੇ ਚੇਅਰਮੈਨ, ਜਸਟਿਸ ਰੋਵਾਲਟ ਦੀਆਂ ਸ਼ਿਫਾਰਸਾਂ ਉਤੇ ਅਧਾਰਤ 1919 'ਚ ਰੌਲਟ ਐਕਟ ਪਾਸ ਕੀਤ ਗਿਆ। ਇਹ ਹਫੜਾ ਦਫੜੀ ਤੇ ਰੈਵੂਲਿਊਸਨਰੀ ਅਪਰਾਧ ਐਕਟ ਦੇ ਤੌਰ 'ਤੇ ਵੀ ਜਾਣਿਆ ਜਾਂਦਾ ਸੀ। ਇਸ ਨਾਲ ਬਸਤੀਵਾਦੀ ਸਰਕਾਰ ਕੋਲ ਸ਼ੱਕੀਆਂ ਨੂੰ ਬਿਨਾਂ ਮੁਕੱਦਮਾ ਚਲਾਏ ਕੈਦ ਕਰਨ ਅਤੇ ਸ਼ਹਿਰੀ ਆਜ਼ਾਦੀਆਂ ਨੂੰ ਕੁਚਲਣ ਦੇ ਅਸੀਮ ਅਧਿਕਾਰ ਮਿਲ ਗਏ। 1935 ਦੇ ਸਵਿਧਾਨਿਕ ਸੁਧਾਰਾਂ ਸਮੇਤ 1930 ਵਿਆਂ 'ਚ ਪਾਸ ਕੀਤੇ ਸਖਤ ਕਾਨੂੰਨਾਂ ਨੇ ਹਿੰਸਕ ਲਹਿਰਾਂ ਨੂੰ ਖੁੰਢੀਆਂ ਕਰਨ ਦਾ ਕੰਮ ਕੀਤਾ। ਆਜ਼ਾਦੀ ਪ੍ਰਾਪਤੀ ਪਿੱਛੋਂ ਮੁਲਕ ਦੀ ਵੰਡ ਸਮੇਂ ਹੋਈ ਹਿੰਸਾ ਕਰਕੇ ਆਜ਼ਾਦ ਭਾਰਤ ਦੀ ਸਰਕਾਰ ਨੂੰ ਧਰਮ ਦੇ ਨਾਮ 'ਤੇ ਹਿੰਸਾ ਭੜਕਾ ਰਹੀਆਂ ਤਾਕਤਾਂ ਨੂੰ ਨੱਥ ਪਾਉਣ ਲਈ ਪੰਜਾਬ ਡਿਸਟ੍ਰਬਡ ਏਰੀਆਜ਼ ਐਕਟ, ਬਿਹਾਰ ਮੇਂਟੀਨੈਂਸ ਆਫ ਪਬਲਿਕ ਆਡਰ ਐਕਟ, ਬੰਬੇ ਪਬਲਿਕ ਸੇਫਟੀ ਐਕਟ ਅਤੇ ਮਦਰਾਸ ਸਪ੍ਰੈਸ਼ਨ ਆਫ ਡਿਸਟ੍ਰਬੈਂਸ਼ ਐਕਟ ਵਰਗੇ ਕਾਨੂੰਨ ਘੜਨੇ ਪਏ। ਨਕਸਲਵਾੜੀ ਲਹਿਰ ਨੂੰ ਦਬਾਉਣ ਲਈ ਪੱਛਮੀ ਬੰਗਾਲ ਸਕਰਾਰ ਨੇ ਵੈਸਟ ਬੰਗਾਲ (ਪ੍ਰੀਵੈਂਨਸਨ ਆਫ ਵੁਆਇਲੈਂਟ ਐਕਟੀਵਿਟੀਜ਼) ਐਕਟ ਆਫ 1970 ਪਾਸ ਕੀਤਾ।

ਪਿਛਲੇ ਤਿਨ ਦਹਾਕਿਆਂ 'ਚ ਖਾਸ ਹਾਲਤਾਂ ਨਾਲ ਸਿੱਝਣ ਲਈ ਬਹੁਤ ਸਾਰੇ ਕਾਨੂੰਨ ਬਣਾਏ ਗਏ : ਜੰਮੂ ਕਸ਼ਮੀਰ ਪਬਲਿਕ ਸੇਫਟੀ ਐਕਟ (1978), ਆਸਾਮ ਪ੍ਰੀਵੈਂਸ਼ਨ ਡੀਟੈਂਸ਼ਨ ਐਕਟ (1980), ਨੈਸ਼ਨਲ ਸਕਿਓਰਿਟੀ ਐਕਟ (1980 ਜੋ 1984 ਤੇ 1987 'ਚ ਸੋਧਿਆ ਗਿਆ) ਐਂਟੀ ਹਾਈਜੈਕਿੰਗ ਐਕਟ (1982), ਆਰਮਡ ਫੋਰਸਜ਼ (ਪੰਜਾਬ ਅਤੇ ਚੰਡੀਗੜ੍ਹ) ਸ਼ਪੈਸਲ ਪਾਵਰਜ਼ ਐਕਟ (1983), ਪੰਜਾਬ ਡਿਸਟ੍ਰਬਡ ਏਰੀਆਜ਼ ਐਕਟ (1983), ਚੰਡੀਗੜ੍ਹ ਡਿਸਟ੍ਰਬਡ ਏਰੀਆਜ਼ ਐਕਟ (1983), ਸਪ੍ਰੈਸ਼ਨ ਆਫ ਅਨਲਾਅ ਫੁੱਲ ਐਕਟੀਵਿਟੀਜ਼ ਆਫ ਸਿਵਿਲ ਏਵੀਏਸ਼ਨ ਐਕਟ (1982), ਦਹਿਸ਼ਗਰਦੀ ਪ੍ਰਭਾਵਿਤ ਏਰੀਆ (ਸਪੈਸ਼ਲ ਅਦਾਲਤਾਂ) ਐਕਟ 1984, ਨੈਸ਼ਨਲ ਸਕਿਓਰਿਟੀ (ਦੂਜੀ ਸੋਧ) ਆਰਡੀਨੈਂਸ਼ (1984), ਦਹਿਸ਼ਗਰਦੀ ਤੇ ਭੰਨਤੋੜ ਐਕਟਿਵਿਟੀਜ਼ (ਬਚਾਅ) ਐਕਟ (1986), ਕ੍ਰਿਮੀਨਲ ਕੋਰਟ ਅਤੇ ਸਕਿਓਰਿਟੀ ਗਾਰਡ ਕੋਰਟ ਰੂਲਜ਼ (1987), ਅਤੇ ਦ ਸਪੈਸ਼ਲ ਪ੍ਰੋਟੇਕਸ਼ਨ ਗਰੁੱਪ ਐਕਟ (1988)

ਭਾਵੇਂ ਇਹ ਕਾਨੂੰਨ ਖਾਸ ਹਾਲਤਾਂ ਨਾਲ ਨਿਬੜਨ ਲਈ ਘੜੇ ਗਏ ਹਨ, ਪਰ ਇਹਨਾਂ 'ਚੋਂ ਕੋਈ ਵੀ ਦਹਿਸ਼ਤਗਰਦੀ ਦੇ ਵੱਡੇ ਦੈਂਤ ਵਿਰੁੱਧ ਨਹੀਂ ਸੇਧਿਆ ਗਿਆ। ਕੇਵਲ ਦਹਿਸ਼ਗਰਦੀ ਤੇ ਭੰਨਤੋੜ ਐਕਟੀਵਿਟੀਜ਼ (ਬਚਾਅ) ਐਕਟ (ਟਾਡਾ) 1987 ਅਤੇ ਪ੍ਰੀਵੈਂਸ਼ਨ ਆਫ ਟੈਰੋਰਿਜ਼ਮ ਐਕਟ (ਪੋਟਾ) 2002 ਕਾਨੂੰਨਾਂ ਨੂੰ ਹੀ ਅਸਲ 'ਚ ਦਹਿਸ਼ਤਗਰਦੀ ਵਿਰੋਧੀ ਕਾਨੂੰਨ ਕਿਹਾ ਜਾ ਸਕਦਾ ਹੈ। ਰਾਜ ਨੇ ਦਹਿਸ਼ਤਗਰਦੀ ਨੂੰ ਖਾਸ ਜੁਰਮ ਸਮਝ ਕੇ ਤੇ ਇਸ ਨਾਲ ਨਿਬੜਨ ਲਈ ਖਾਸ ਲੋੜ ਵੱਜੋਂ ਹੀ ਇਹ ਦੋ ਸੰਵਿਧਾਨਿਕ ਹਥਿਆਰ ਆਪਣੇ ਹੱਥ 'ਚ ਲਏ।

ਉਦਾਹਰਣ ਵੱਜੋਂ ਸਰਬਉੱਚ ਅਦਾਲਤ ਵੱਲੋਂ ਹਿਤਿੰਦਰ ਵਿਸ਼ਨੂ ਠਾਕੁਰ ਬਨਾਮ ਸਟੇਟ ਆਫ ਮਹਾਰਾਸ਼ਟਰਾ ਵਿੱਚ ਆਮ ਜੁਰਮ ਅਤੇ ਦਹਿਸ਼ਗਰਦੀ ਵਿੱਚ ਸਾਫ ਕੀਤੇ ਫਰਕ ਸਮਝਣ ਦੀ ਲੋੜ ਹੈ।

"ਦਹਿਸ਼ਗਰਦੀ ਨਾਂ ਤਾਂ ਟਾਡਾ 'ਚ ਪ੍ਰੀਭਾਸ਼ਤ ਕੀਤੀ ਹੈ ਅਤੇ ਨਾ ਹੀ ਦਹਿਸ਼ਗਰਦੀ ਦੀ ਕੋਈ ਸਟੀਕ ਪ੍ਰਭਿਾਸ਼ਾ ਦੇਣੀ ਸੰਭਵ ਹੈ। ਇਹ ਵੀ ਤਹਿ ਨਹੀਂ ਕੀਤਾ ਜਾ ਸਕਦਾ ਕਿ ਦਹਿਸ਼ਤਗਰਦੀ ਕੀ ਹੈ? ਇਸ ਤਰ੍ਹਾਂ ਕਹਿ ਲਵੋਂ ਕਿ ਹਿੰਸਾਂ ਦੀ ਵਰਤੋਂ ਜਦੋਂ ਇਸ ਨਾਲ ਪੀੜ੍ਹਤ ਵਿਅਕਤੀ ਨੂੰ ਕੇਵਲ ਜਿਸਮਾਨੀ ਤੇ ਮਾਨਸਿਕ ਨੁਕਸਾਨ ਹੀ ਨਹੀਂ ਹੁੰਦਾ, ਸਗੋਂ ਇਹ ਵਿਅਕਤੀ ਜਾਂ ਪੂਰੇ ਸਮਾਜ ਤੇ ਇੱਕ ਚਿਰੋਕਣਾ ਅਸਰ ਪਾਉਂਦਾ ਜਾਂ ਪਾਉਣ ਦੀ ਸਮਰੱਥਾ ਰੱਖਦਾ ਹੈ। ਇਸ ਕਾਰਵਾਈ 'ਚ ਕਿਸੇ ਦੀ ਮੌਤ, ਸਰੀਰਕ ਜ਼ਖਮ, ਜਾਇਦਾਦ ਨੂੰ ਨੁਕਸਾਨ ਜਾਂ ਕਿਸੇ ਦੀਆਂ ਵਿਅਕਤੀਗਤ ਆਜ਼ਾਦੀਆਂ ਹੀ ਨਹੀਂ ਖੋਹੀਆਂ ਜਾਂਦੀਆਂ, ਸਗੋਂ ਕੀਤੀ ਗਈ ਦਹਿਸ਼ਤਗਰਦੀ ਕਾਰਵਾਈ ਦੇ ਜ਼ੁਰਮ ਦਾ ਪ੍ਰਭਾਵ, ਦੇਸ਼ ਦੇ ਆਮ ਪੀਨਲ ਕਾਨੂੰਨ ਹੇਠ ਸਾਧਾਰਨ ਜੁਰਮ ਲਈ ਦਿੱਤੀ ਜਾ ਸਕਣ ਵਾਲੀ ਸਜ਼ਾ ਤੋਂ ਸਮਾਜ ਨੂੰ ਹੋਣ ਵਾਲੀ ਤਸੱਲੀ ਤੋਂ ਵੀ ਹੁੰਦਾ ਹੈ। ਅਤੇ ਕਈ ਵਾਰੀ ਇਸ ਦਾ ਮਕਸਦ ਸਰਕਾਰ ਨੂੰ ਝੁਕਾਉਣ ਜਾਂ ਸਮਾਜ 'ਚ ਭਾਈਚਾਰਕ ਸਾਂਝ ਨੂੰ ਤੋੜਨ, ਲੋਕਾਂ ਤੇ ਸਮਾਜ ਨੂੰ ਭੈ-ਭੀਤ ਕਰਨ, ਅਤੇ ਇਸ ਨਾਲ ਕੇਵਲ ਉਹੀ ਨਹੀਂ ਜਿਨ੍ਹਾਂ ਤੇ ਵਾਰ ਕੀਤਾ ਗਿਆ ਹੈ, ਸਗੋਂ ਸਮਾਜ ਦੀ ਗਤੀ, ਅਮਨ-ਅਮਾਨ ਨੂੰ ਭੰਗ ਕਰਨਾ ਅਤੇ ਲੋਕਾਂ 'ਚ ਡਰ ਤੇ ਅਸੁਰੱਖਿਆ ਪੈਦਾ ਕਰਨਾ ਹੁੰਦਾ ਹੈ। ਇੱਕ ਦਹਿਸ਼ਗਰਦ ਕਾਰਵਾਈ ਕੇਵਲ ਲਾਅ ਅਤੇ ਆਡਰ, ਜਾਂ ਜਨਤਕ ਆਡਰ ਨੂੰ ਭੰਗ ਕਰਨ ਵਾਲੀ ਹੀ ਨਹੀਂ ਹੁੰਦੀ, ਸਗੋਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਆਮ ਕਾਨੂੰਨ ਨਾਲ ਇਸ ਨੂੰ ਨਜਿੱਠ ਨਹੀਂ ਸਕਦੀਆਂ।

ਅਦਾਲਤ ਨੇ ਹੋਰ ਵਾਧਾ ਕਰਦਿਆਂ ਕਿਹਾ ਕਿ ਆਮ ਹਿੰਸਾ ਅਤੇ ਦਹਿਸ਼ਗਰਦੀ 'ਚ ਫਰਕ ਇਹ ਹੈ ਕਿ ਇੱਕ ਜਾਣ-ਬੁੱਝ ਕੇ ਅਤੇ ਵਿਊਤਵੱਧ ਧਮਕੀ ਹੈ। ਇਸ ਕਰਕੇ ਅਜਿਹੇ ਅਪਰਾਧੀ ਨਾਲ ਦੇਸ਼ ਦੇ ਆਮ ਕਾਨੂੰਨਾਂ ਅਧੀਨ ਆਮ ਅਦਾਲਤਾਂ 'ਚ ਸਧਾਰਨ ਅਪਰਾਧੀਆਂ ਨਾਲੋਂ ਵੱਖਰੇ ਤੌਰ 'ਤੇ ਪੇਸ਼ ਆਉਣਾ ਤੇ ਨਜਿੱਠਣਾ ਚਾਹੀਦਾ ਹੈ।

## ਭਾਰਤ 'ਚ ਲੋਕ ਵਿਰੋਧੀ ਕਾਨੂੰਨਾਂ ਦੀ ਲਿਸਟ

1. ਦੀ ਮੇਂਟੀਨੈਂਸ ਆਫ ਇੰਟਰਨਲ ਸਕਿਓਰਟੀ ਐਕਟ 1971 (ਮੀਸਾ)

1973 'ਚ ਭਾਰਤੀ ਸੰਸਦ ਵੱਲੋਂ ਪਾਸ ਕੀਤਾ ਇਹ ਕਾਨੂੰਨ ਬਹੁਤ ਹੀ ਵਾਦਵਿਵਾਦ ਦਾ ਵਿਸ਼ਾ ਰਿਹਾ ਹੈ। ਇਸ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਐਡਮਿਨਿਸਟ੍ਰੇਸ਼ਨ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਬੇਤਹਾਸ਼ਾ ਪਾਵਰਾਂ ਦੇ ਦਿੱਤੀਆਂ-ਭਾਰਤ 'ਚ ਸਿਵਲ ਤੇ ਰਾਜਨੀਤਕ ਗੜਬੜ ਨੂੰ ਦਬਾਉਣ, ਅਤੇ ਕੌਮੀ ਸੁਰੱਖਿਆ ਨੂੰ ਵਿਦੇਸ਼ ਤੋਂ ਉਤਸਾਹਤ ਭੰਨਤੋੜ, ਦਹਿਸ਼ਗਰਦੀ, ਪਨਾਹ ਅਤੇ ਖ਼ਤਰੇ ਨਾਲ ਨਜਿੱਠਣ ਲਈ ਸ਼ਹਿਰੀਆਂ ਦੀ ਅਣਮਿੱਥੇ ਸਮੇਂ ਲਈ ਨਜ਼ਰਬੰਦੀ, ਬੇਰੋਕ ਤਾਕਤਾਂ, ਬਿਨਾਂ ਵਰੰਟਾਂ ਤੋਂ ਤਲਾਸੀ ਅਤੇ ਜਾਇਦਾਦ ਜਬਤ ਕਰਨ, ਟੈਲੀਫੋਨ ਤੇ ਤਾਰਾਂ ਨੂੰ ਟੇਪ ਕਰਨ ਅਤੇ ਐਕਸਰੇ ਕਰਨ ਆਦਿ।

ਸ਼ਹਿਰੀ ਆਜ਼ਾਦੀਆਂ ਦੀਆਂ ਸੰਵਿਧਾਨਿਕ ਗਰੰਟੀਆਂ ਨੂੰ ਮਸਲਣ ਕਾਰਨ ਇਹ ਕਾਨੂੰਨ ਬਹੁਤ ਬਦਨਾਮ ਹੋਇਆ, ਖਾਸ ਕਰਕੇ ਮੁਕਾਬਲੇਬਾਜ਼ੀ 'ਚ ਅਤੇ ਐਮਰਜੈਂਸੀ (1975-1977) ਦੌਰਾਨ ਹਜ਼ਾਰਾਂ ਲੋਕਾਂ ਨੂੰ ਨਜ਼ਰਬੰਦ ਕਰਨਾ, ਤਸੀਹੇ ਦੇਣੇ, ਬਹੁਤਿਆਂ ਦੀ ਜਬਰੀ ਨਲਬੰਦੀ-ਨਸ਼ਬੰਦੀ ਵੀ ਕਰ ਦਿੱਤੀ।

2. ਦੀ ਟੇਰੋਰਿਜ਼ਮ ਐਂਡ ਡਿਸਰੱਪਟਿਵ ਐਕਟਿਵਿਟੀਜ਼ (ਪ੍ਰੀਵੈਂਸ਼ਨ) ਐਕਟ 1987

ਆਮ ਤੌਰ 'ਤੇ ਟਾਡਾ ਦੇ ਨਾਮ ਨਾਲ ਜਾਣਿਆ ਜਾਂਦਾ ਇਹ ਕਾਨੂੰਨ ਕੇਂਦਰੀ ਸਰਕਾਰ ਦਾ ਦਹਿਸ਼ਗਰਦੀ ਦੀਆਂ ਗਤੀਵਿਧੀਆਂ ਨੂੰ ਨਜਿੱਠਣ ਦਾ ਪਹਿਲਾਂ ਕਾਨੂੰਨੀ ਯਤਨ ਸੀ। ਇਹ ਪੰਜਾਬ ਵਿੱਚ ਵੱਧ ਰਹੀ ਦਹਿਸ਼ਗਰਦ ਹਿੰਸਾ, ਜਿਸ ਦਾ ਹਿੰਸਕ ਪ੍ਰਭਾਵ ਦੇਸ਼ ਦੇ ਦੂਸਰੇ ਹਿੱਸਿਆਂ ਖਾਸ ਕਰਕੇ ਰਾਜਧਾਨੀ ਨਵੀਂ ਦਿੱਲੀ 'ਚ ਪੈ ਰਿਹਾ ਸੀ ਦੇ ਪਿਛੋਕੜ 'ਚ ਬਣਾਇਆ ਗਿਆ ਸੀ। ਬਹੁਤ ਸਾਰੇ ਮਾਨਵ ਅਧਿਕਾਰ ਸੰਗਠਨਾਂ ਅਤੇ ਰਾਜਨੀਤਕ ਪਾਰਟੀਆਂ ਵੱਲੋਂ ਨੁਕਤਾਚੀਨੀ ਹੇਠ ਆਉਣ ਕਾਰਨ ਹਾਕਮਾਂ ਨੇ ਇਸ ਦੀ ਮਈ 1995 'ਚ ਮਿਆਦ ਪੁੱਗਣ ਦਿੱਤੀ, ਭਾਵੇਂ ਇਸ ਅਧੀਨ ਦਰਜ ਕੀਤੇ ਮੁਕੱਦਮਿਆਂ ਦਾ ਕਾਨੂੰਨੀ ਪੱਖ ਬਰਕਰਾਰ ਹੈ।

3. ਦੀ ਪ੍ਰੀਵੈਂਨਸਨ ਆਫ ਟੇਰੋਰਿਸਟ ਐਕਟ, 2001 (ਪੋਟਾ)

11 ਸਤੰਬਰ ਦੀਆਂ ਘਟਨਾਵਾਂ ਨੇ ਭਾਰਤ ਸਰਕਾਰ ਨੂੰ ਵੀ ਆਪਣੇ ਤੌਰ 'ਤੇ ਦਹਿਸਤ ਦੇ ਵਿਰੁੱਧ ਧਾਵਾ ਬੋਲਣ ਲਈ ਇੱਕ ਹੋਰ ਤੀਰ ਛੱਡਣ ਦੀ ਲੋੜ ਦਾ ਬਹਾਨਾ ਦੇ ਦਿੱਤਾ। ਕਿਹਾ ਗਿਆ ਕਿ ਇਹ ਟਾਡਾ ਨਾਲੋਂ ਘੱਟ ਸਖਤ ਹੈ। ਨਵੇਂ ਅਪਰਾਧਾਂ ਨੂੰ ਰੋਕਣ ਦੀ ਜਰੂਰਤ, ਅਮਰੀਕਾ ਅਤੇ ਯੂ. ਕੇ. 'ਚ ਅਜਿਹੇ ਕਾਨੂੰਨਾਂ ਦੇ ਹਵਾਲੇ ਦੇ ਕੇ ਸਰਕਾਰ ਨੇ ਇਸਦੀ ਜਰੂਰਤ ਦੀ ਵਿਆਖਿਆ ਦਿੱਤੀ।

ਗੰਭੀਰ ਪੜਤਾਲ ਤੋਂ ਪਤਾ ਲੱਗਦਾ ਸੀ ਕਿ ਇਹਨਾਂ ਦਲੀਲਾਂ 'ਚ ਕੋਈ ਦਮ ਨਹੀਂ ਹੈ।

4. ਕੌਮੀ ਸੁਰੱਖਿਆ ਕਾਨੂੰਨ (1980, ਜੋ 1984 ਅਤੇ 1987 'ਚ ਸੋਧਿਆ ਗਿਆ)

5. ਗੈਰ ਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ 1967 ਨੂੰ 2004 'ਚ ਪੋਟਾ ਦੀਆਂ ਧਾਰਾਵਾਂ ਪਾਉਣ ਲਈ ਸੋਧਿਆ ਗਿਆ। ਪੋਟਾ ਦੀਆਂ ਲੋਕ ਵਿਰੋਧੀ ਧਾਰਾਵਾਂ ਕਾਰਨ ਦੇਸ਼ ਭਰ 'ਚ ਹੋਏ ਵਿਰੋਧਾਂ ਕਾਰਨ ਸਾਂਸਦ ਨੇ ਇਹ ਖ਼ਤਮ ਕਰ ਦਿੱਤਾ ਸੀ। ਇਥੇ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਪੋਟਾ ਨੂੰ ਖ਼ਤਮ ਕਰਨ ਦੀ ਪਟੀਸ਼ਨ 'ਤੇ 100 ਤੋਂ ਵੱਧ ਸੰਸਦਾਂ ਨੇ ਦਸਤਖ਼ਤ ਕੀਤੇ ਸਨ ਅਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਇਸ ਦੀ ਦੁਰਵਰਤੋਂ ਅਤੇ ਇਸ ਦੀਆਂ ਕਈ ਧਾਰਾਵਾਂ ਦੇ ਸੰਵਿਧਾਨ ਵਿਰੋਧੀ ਹੋਣ ਤੇ ਉਂਗਲ ਧਰੀ ਸੀ।

6. ਦੀ ਜ਼ਰੂਰੀ ਸੇਵਾਵਾਂ ਮੇਂਟੀਨੈਂਸ ਐਕਟ (1981)

7. ਦੀ ਮਹਾਰਾਸ਼ਟਰਾ ਯੋਜਨਾਵੱਧ ਜੁਰਮ ਰੋਕੂ ਕਾਨੂੰਨ (1999) (MCOCA)

8. ਦਿੱਲੀ- ਮਹਾਰਾਸ਼ਟਾ ਯੋਜਨਾਵੱਧ ਜੁਰਮ ਰੋਕੂ ਕਾਨੂੰਨ (1999) (MCOCA) ਦਿੱਲੀ 'ਚ ਵੀ ਲਾਗੂ ਹੈ। ਗ੍ਰਹਿ ਮੰਤਰਾਲਿਆਂ ਦੇ ਕੇਂਦਰੀ ਪ੍ਰਸਾਸ਼ਤ ਇਲਾਕਿਆਂ (ਕਾਨੂੰਨ) ਐਕਟ 1950 ਦੀ ਧਾਰਾ 2 ਅਧੀਨ ਨੋਟੀਫੀਕੇਸ਼ਨ ਨੰ: ਜੀ ਐਸ ਆਰ 6 (ਈ) ਰਾਹੀਂ ਦੀ ਮਹਾਰਾਸ਼ਟਰਾ ਯੋਜਨਾਵੱਧ ਜੁਰਮ ਰੋਕੂ ਕਾਨੂੰਨ (1999) ਨੂੰ ਦਿੱਲੀ 'ਚ ਵੀ ਲਾਗੂ ਕਰ ਦਿੱਤਾ ਸੀ।

9. ਦੀ ਕਟਨਾਇਕਾ ਯੋਜਨਾਵੱਧ ਜੁਰਮ ਰੋਕੂ ਕਾਨੂੰਨ, 2000

10. ਦੀ ਆਂਧਰਾ ਪ੍ਰਦੇਸ਼ ਯੋਜਨਾਵੱਧ ਜੁਰਮ ਰੋਕੂ ਕਾਨੂੰਨ 2001

11. ਦੀ ਉੱਤਰ ਪ੍ਰਦੇਸ਼ ਗੈਂਗਸਟਰ ਅਤੇ ਸਮਾਜ ਵਿਰੋਧੀ ਗਤੀਵਿਧੀਆਂ (ਰੋਕੂ) ਅਕੈਟ, 1986 ਉੱਤਰ ਪ੍ਰਦੇਸ਼ ਐਕਟ ਨੰ: 7 ਆਫ 1986

ਉੱਤਰ ਪ੍ਰਦੇਸ ਗੁੰਡਾ ਕੰਟਰੋਲ ਐਕਟ, 1970 ਉੱਤਰ ਪ੍ਰਦੇਸ਼ ਗੁੰਡਾ ਕੰਟਰੋਲ ਰੂਲਜ਼ 1970

12. ਨਾਗਾਲੈਂਡ ਸਕਿਓਰਿਟੀ ਰੇਗੂਲੇਸ਼ਨ ਐਕਟ, 1962

13. ਆਸਾਮ ਮੇਂਟੀਨੈਂਸ ਆਫ ਪਬਲਿਕ ਆਰਡ (ਆਟੋਨੋਮਿਸ ਡਿਸਟ੍ਰਿਕ) ਐਕਟ, 1952

14. ਦੀ ਆਸਾਮ ਪ੍ਰੀਵੈਂਟਿਵ ਡੀਟੈਂਸ਼ਨ ਐਕਟ, 1980

15. ਦੀ ਆਸਾਮ ਡਿਸਟਰਬਡ ਐਕਟ, 1955

16. ਦੀ ਆਰਮਡ ਫੋਰਸਜ਼ (ਆਸਾਮ ਅਤੇ ਮਨੀਪੁਰ) ਸ਼ਪੈਸਲ ਪਾਵਰਜ਼ ਐਕਟ, 1983

17. ਦ ਪੰਜਾਬ ਡਿਸਟਰਬਡ ਏਰੀਆਜ਼ ਐਕਟ, 1983

18. ਦ ਆਰਮਡ ਫੋਰਸਜ਼ (ਪੰਜਾਬ ਅਤੇ ਚੰਡੀਗੜ੍ਹ) ਸ਼ਪੈਸਲ ਪਾਵਰਜ਼ ਐਕਟ, 1983

19. ਦੀ ਬਿਹਾਰ ਮੇਂਟੀਨੈਂਸ ਆਫ ਪਬਲਿਕ ਆਰਮਡ ਐਕਟ, 1947

20. ਦ ਬਿਹਾਰ ਅਪਰਾਧ ਰੋਕੂ ਐਕਟ, 1981

21. ਦ ਬੰਬੇ ਪਬਲਿਕ ਸੇਫਟੀ ਐਕਟ, 1947

22. ਮਦਰਾਸ ਦਾ ਗੜਬੜ ਦਬਾਊ ਐਕਟ, (1948)

23. ਦ ਜੰਮੂ ਕਸ਼ਮੀਰ ਪਬਲਿਕ ਸੇਫਟੀ ਐਕਟ, 1978

24. ਦ ਜੰਮੂ ਕਸ਼ਮੀਰ ਡਿਸਟ੍ਰਬਡ ਏਰੀਆ ਐਕਟ, 1990

25. ਦ ਆਰਮਡ ਫੋਰਸਜ਼ (ਜੰਮੂ ਤੇ ਕਸ਼ਮੀਰਰ) ਸ਼ੈਪਸਲ ਪਾਵਰਜ਼ ਐਕਟ, 1990

26. ਦ ਮੱਧ ਪ੍ਰਦੇਸ਼ ਰਾਜਿਆ ਸੁਰੱਕਸ਼ਾ ਅਧਿਨਿਅਮ, 1990

27. ਦ ਛੱਤੀਸਗੜ੍ਹ ਸਪੈਸ਼ਲ ਪਬਲਿਕ ਸੇਫਟੀ ਐਕਟ 2005

28. ਦ ਹਾਈਜੈਕਿੰਗ ਵਿਰੋਧੀ ਐਕਟ (1982)

29. ਦ ਚੰਡੀਗੜ੍ਹ ਡਿਸਟ੍ਰਬਡ ਏਰੀਆ ਐਕਟ (1983)

30. ਗੁਜਰਾਤ ਦਾ ਸਮਾਜ ਵਿਰੋਧੀ ਗਤੀਵਿਧੀਆਂ ਰੋਕੂ ਐਕਟ, 1985

31. ਆਂਧਰਾ ਪ੍ਰਦੇਸ਼ ਦਾ ਗੈਰ ਕਾਨੂੰਨੀ ਸ਼ਰਾਬ, ਡਕੈਤੀ, ਨਸ਼ੇ ਕਾਨੂੰਨ ਤੋੜੂ, ਗੁੰਡਿਆਂ, ਦੇਹ ਵਪਾਰ ਧੰਦਿਆ, ਅਤੇ ਭੂ-ਮਾਫੀਆ ਦੀਆਂ ਗਤੀਵਿਧੀਆਂ ਰੋਕੂ ਐਕਟ 1986

32. ਘਰੇਲੂ ਹਵਾਬਾਜ਼ੀ ਸੁਰੱਖਿਆ ਵਿਰੁੱਧ ਗੈਰਕਾਨੂੰਨੀ ਕਾਰਵਾਈਆਂ ਲਈ ਰੋਕੂ ਐਕਟ (1982)

33. ਦਹਿਸ਼ਗਰਦੀ ਪ੍ਰਭਾਵਤ ਏਰੀਆ (ਖਾਸ ਅਦਾਲਤਾਂ) ਐਕਟ (1984)

34. ਦ ਕੌਮੀ ਸੁਰੱਖਿਆ (ਦੂਜੀ ਸੋਧ) ਆਰਡੀਨੈਂਸ (1984)

35. ਦ ਕੌਮੀ ਸੁਰੱਖਿਆ ਗਾਰਡ ਐਕਟ (1986)

36. ਦ ਕਰਿਮੀਨਲ ਕੋਰਟ ਅਤੇ ਸੁਰੱਖਿਆ ਗਾਰਡ ਕੋਰਟ ਰੂਲਜ਼ (1987)

## ਰਾਜਾਂ ਦੇ ਹੋਰ ਕਾਨੂੰਨ

1. ਤਦ ਜੰਮੂ ਅਤੇ ਕਸ਼ਮੀਰ ਪ੍ਰੀਵੈਂਨਸ਼ਨ ਆਫ ਇਲੀਸਿਟ ਟਰੈਫਿਕ ਇਨ ਨਾਰਕੋਟਿਕ ਡਰੱਗਜ਼ ਅਤੇ ਸਾਈਕੋਟ੍ਰੋਪਿਕ ਸੱਬਸ਼ਟਾਂਸਜ਼ ਐਕਟ 1988

2. ਦ ਕਰਨਾਟਿਕਾ ਦਾ ਗੈਰ ਕਾਨੂੰਨੀ ਸ਼ਰਾਬ, ਡਕੈਤੀ, ਨਸ਼ੇ ਕਾਨੂੰਨ ਤੋੜੂ, ਗੁੰਡਿਆਂ, ਦੇਹ ਵਪਾਰ ਧੰਦਿਆਂ ਅਤੇ ਝੋਪੜੀਆਂ ਕਬਜ਼ਾ ਦੀਆਂ ਗਤੀਵਿਧੀਆਂ ਰੋਕੂ ਐਕਟ 1986

3. ਮਹਾਰਾਸ਼ਟਰਾ ਵਿਰਕਾਪ੍ਰਸਤੀ, ਸਮਾਜ ਵਿਰੋਧੀ ਅਤੇ ਹੋਰ ਖ਼ਤਰਨਾਕ ਗਤੀਵਿਧੀਆਂ ਰੋਕੂ ਐਕਟ, 1980

4. ਮਹਾਰਾਸ਼ਟਰਾ ਦਾ ਝੋਪੜੀਆਂ ਲਾਰਡਾਂ, ਗੈਰ ਕਾਨੂੰਨੀ ਸ਼ਰਾਬ ਅਤੇ ਨਸ਼ਾ ਕਾਨੂੰਨ ਤੋੜਨ ਦੀਆਂ ਖ਼ਤਰਨਾਕ ਗਤੀਵਿਧੀਆਂ ਰੋਕੂ ਐਕਟ, 1981

5. ਤਾਮਿਲਨਾਡੂ ਗੈਰ ਕਾਨੂੰਨੀ ਸ਼ਰਾਬ, ਡਕੈਤੀ, ਨਸ਼ੇ ਕਾਨੂੰਨ ਤੋੜੂ (ਜੰਗਲਾਤ ਕਾਨੂੰਨ ਤੋੜੂ), ਗੁੰਡਿਆਂ, ਦੇਹ ਵਪਾਰ ਧੰਦਿਆਂ ਅਤੇ ਝੋਪੜੀ-ਮਾਫੀਆਂ ਦੀਆਂ ਗਤੀਵਿਧੀਆਂ ਰੋਕੂ ਐਕਟ 1982

6. ਦ ਛਤੀਸਗੜ੍ਹ ਸਪੈਸ਼ਲ ਪਬਲਿਕ ਸਕਿਓਰਿਟੀ ਐਕਟ, 2005

7. ਦ ਮੱਧਿਆ ਪ੍ਰਦੇਸ਼ ਸਪੈਸ਼ਲ ਪਬਲਿਕ ਸਕਿਓਰਿਟੀ ਐਕਟ, 1999

94170-67344

## ਮਜ਼ਦੂਰ

ਅਸੀਂ ਸਨ ਬਾਥਨਹੀਂ ਕਰਦੇ
ਬਲਕਿ ਹਰ ਰੋਜ਼ ਕੰਮ ਕਰਦਿਆਂ
ਧੁੱਪ ਤੋਂ ਬਚਣ ਲਈ
ਸਾਡੇ ਪਾਟੇ ਕੁੜਤੇ 'ਤੇ
ਇਕ ਟਾਕੀ ਹੋਰ ਵਧ ਜਾਂਦੀ ਹੈ।

ਸਾਡੇ ਬਲੱਡ ਪ੍ਰੈਸ਼ਰਕਦੇ ਵੀ
ਹਾਈ ਨਹੀਂ ਹੁੰਦੇ
ਬਲਕਿ ਪਿੱਤ ਦੇ ਫੋੜੇ ਹੀ
ਨਿਕਲਦੇ ਹਨ,
ਜੋ ਮੱਛੀ ਦੇ ਪੱਥਰ ਚੱਟਣ ਵਾਂਗ
ਆਪਣੇ-ਆਪ ਹਟ ਜਾਂਦੇ ਨੇ।

ਸਾਡੇ ਬੱਚੇ ਵੀਡੀਓ ਗੇਮਨਹੀਂ
ਬਲਕਿ ਭੁੱਖ ਨਾਲ ਖੇਡਦੇ ਹਨ
ਤੇ ਇਸੇ ਤਰ੍ਹਾਂ ਖੇਡ ਰਹੇ ਨੇ
ਕਈ ਸਦੀਆਂ ਬੀਤ ਗਈਆਂ ਹਨ।

ਸਾਡੇ ਘਰਾਂ ਵਿਚ ਫੈਮਲੀ
ਡਾਕਟਰ ਨਹੀਂ ਆਉਂਦੇ
ਹਰ ਹਫਤੇ ਹਾਰਟ ਬੀਟ
ਚੈਕ ਕਰਨ ਲਈ,
ਬਲਕਿ ਪੰਜ ਸਾਲਾਂ ਬਾਅਦ
ਮੰਗਤੇ ਆਉਂਦੇ ਨੇ
ਤੇ ਵੋਟਾਂ ਲੈਕੇ
ਵਾਪਸ ਚਲੇ ਜਾਂਦੇ ਨੇ।

ਅਸੀਂ ਕਾਲੇ ਧਨਨਾਲ
ਐਸ਼ ਨਹੀਂ ਕਰਦੇ
ਬਲਕਿ ਮਾਣ ਮਹਿਸੂਸ ਕਰਦੇ ਹਾਂ
ਆਪਣੇ ਹੱਥਾਂ ਤੇ
ਜੋ ਕਰਦੇ ਨੇ ਸੱਚੀ-ਸੁੱਚੀ ਕਿਰਤ
ਬਾਬੇ ਨਾਨਕ ਵਾਲੀ ਕਿਰਤ।

- ਬਲਜਿੰਦਰ ਸੰਘਾ
ਫੋਨ 403-680-3212

## ਰਾਂਝਾ

ਬਾਰਾਂ ਸਾਲ ਚਰਾਕੇ ਮੱਝਾਂ,
ਰਾਂਝਾ ਭਾਲੇ ਹੀਰ।
ਰਾਂਝੇ ਦਾ ਦੁਸ਼ਮਣ ਕੈਦੋਂ ਬਣਿਆ,
ਪੁੱਠੇ ਛੱਡੇ ਤੀਰ।
ਸੋਲਾਂ ਸਾਲ ਹੁਣ ਪੜ੍ਹ ਕਿਤਾਬਾਂ,
ਲੱਭਣ ਲੱਗਾ ਰੁਜ਼ਗਾਰ।
ਰੁਜ਼ਗਾਰ ਉਸਦਾ ਖੋਹਣ ਖਾਤਰ,
ਖੜ੍ਹੇ ਕੈਦੋਂ ਦੇ ਯਾਰ।
ਯਾਰ ਕੈਦੋਂ ਦੇ ਭਾਲਣ ਰਿਸ਼ਵਤ
ਜਾਂ ਕੋਈ ਵੱਡੀ ਸਿਫਾਰਸ਼।
ਰਾਂਝੇ ਕੋਲ ਨਾ ਦੋਵੇ ਚੀਜ਼ਾਂ,
ਕਿੱਦਾਂ ਬੱਝੇ ਢਾਰਸ।
ਉਦੋਂ ਰਾਂਝੇ ਨੂੰ ਚੂਰੀ ਮਿਲਦੀ,
ਹੁਣ ਕੱਟਦਾ ਹੈ ਫਾਕੇ ।
ਇਸ ਕਦੇ ਕਿੱਸਿਆਂ ਵਾਲਾ ਵਾਰਿਸ,
ਪੁੱਛੇ ਨਾ ਹੁਣ ਆ ਕੇ।
ਰਾਂਝੇ ਨੂੰ ਜਦ ਹੀਰ ਮਿਲੀ ਨਾ,
ਕੰਨ ਪੜਵਾ ਕੇ ਜੋਗੀ ਹੋਇਆ ।
ਹੁਣ ਫਿਰ ਰਾਂਝਾਂ ਹੱਕ ਮੰਗਦਾ,
ਸੀਖਾਂ ਪਿੱਛੇ ਹੋਇਆ।
ਜਾਂ ਫਿਰ ਰਾਂਝਾ ਹੀਰ ਤੋਂ ਵਾਂਝਾ,
ਨਸ਼ਿਆਂ ਵਿੱਚ ਡੁੱਬ ਮੋਇਆ।
ਨਸ਼ਿਆਂ ਵਿੱਚ ਹੈ ਕਾਹਨੂੰ ਡੁੱਬਣਾ,
ਹੱਕਾਂ ਲਈ ਲੜੇ।
ਫਿਰ ਹੀ ਰਾਂਝਾ ਹੀਰ ਆਪਣੀ ਨੂੰ,
ਆਪਣੇ ਨਾਲ ਖੜੇ।

ਹਰਜੀਤ ਬੇਦੀ
905-794-8871

## ਗੀਤ

ਪੈ ਗਈ ਕੁਰਾਹੇ ਸਾਡੀ ਸੋਹਲ ਜਵਾਨੀ ਲੋਕੋ,
ਇਹੋ ਜਿਹੀ ਵਗ ਪਈ ਹਵਾ।
ਪੰਜਾਂ ਦਰਿਆਵਾਂ ਵਾਲੀ ਧਰਤੀ 'ਤੇ ਵਗਦਾ ਏ,
ਨਸ਼ਿਆਂ ਦਾ ਛੇਵਾਂ ਦਰਿਆ।

ਥੋਕ ਵਿਚ ਖੋਲ੍ਹ ਦਿੱਤੇ ਕਾਲਜ ਸਕੂਲ ਪਰ,
ਕਿਧਰੇ ਵੀ ਮਿਲੇ ਰੁਜ਼ਗਾਰ ਨਾ।
ਡਿਗਰੀਆਂ ਚੁੱਕੀ ਪਾੜ੍ਹੇ ਫਿਰਦੇ ਨੇ ਸੜਕਾਂ 'ਤੇ,
ਪਰ ਕੋਈ ਸੁਣੇ ਸਰਕਾਰ ਨਾ।
ਹੱਕ ਲੈਣ ਲਈ ਜਦੋਂ ਤੁਰੇ ਕੋਈ ਕਾਫ਼ਲਾ ਤਾਂ,
ਡਾਂਗ ਦਿੰਦੇ ਲੋਕਾਂ 'ਤੇ ਵਰ੍ਹਾ।
ਪੰਜਾਂ ਦਰਿਆਵਾਂ ਵਾਲੀ ਧਰਤੀ 'ਤੇ ਵਗਦਾ ਏ....

ਕਰਦੇ ਪਲੀਤ ਸਾਡਾ ਵਿਰਸਾ ਸ਼ਹਾਦਤਾਂ ਦਾ,
ਗੀਤਾਂ ਵਿਚ ਪਾਉਂਦੇ ਐਨਾ ਗੰਦ ਨੇ।
ਜੜ੍ਹਾਂ ਨਾਲੋਂ ਤੋੜਕੇ ਮਨੁੱਖਤਾ ਨੂੰ ਮਾਰ ਦੇਣਾ,
ਤਿੱਖੇ ਬੜੇ ਸ਼ਾਤਰਾ ਦੇ ਸੰਦ ਨੇ।
ਪਾਕ ਅਤੇ ਸਾਫ਼ ਸਾਡੇ ਰਿਸ਼ਤੇ ਜੋ ਮੁੱਦਤਾਂ ਦੇ,
ਪਲਾਂ ਵਿਚ ਦਿੰਦੇ ਨੇ ਗੁਆ।
ਪੰਜਾਂ ਦਰਿਆਵਾਂ ਵਾਲੀ ਧਰਤੀ 'ਤੇ ਵਗਦਾ ਏ....

ਸਿੱਖਿਆ ਦੀ ਨੀਤੀ ਜੋ ਸਕੂਲਾਂ 'ਚ ਪੜ੍ਹਾਈ ਜਾਂਦੀ,
ਬੰਦੇ ਨੂੰ ਬਣਾਉਂਦੀ ਇਹ ਮਸ਼ੀਨ ਹੈ।
ਹੋਵੇ ਬੱਸ ਪੈਸਾ ਹੀ ਈਮਾਨ ਇਥੇ ਸਾਰਿਆਂ ਦਾ,
ਇਹ ਵੀ ਕੋਈ ਬੰਦਿਆਂ ਦਾ ਜੀਣ ਹੈ।
ਅਸੀਂ ਹਾਂ ਭਰਾ ਸਾਰੇ ਸਾਂਝੀ ਹੈ ਕਿਰਤ ਸਾਡੀ,
ਦੱਸੇ ਕੁਰਬਾਨੀਆਂ ਨੇ ਰਾਹ।
ਪੰਜਾਂ ਦਰਿਆਵਾਂ ਵਾਲੀ ਧਰਤੀ 'ਤੇ ਵਗਦਾ ਏ....

ਵੋਟਾਂ ਵੇਲੇ ਨਾਅਰੇ ਅਤੇ ਲਾਰੇ ਝੂਠੇ ਲੱਗਦੇ ਨੇ,
ਆਪੋ ਵਿਚ ਲੋਕਾਂ ਨੂੰ ਲੜਾਂਵਦੇ।
ਵੰਡਦੇ ਜ਼ਹਿਰ ਇਥੇ ਧਰਮ ਤੇ ਫਿਰਕੇ ਹੀ,
ਆਏ ਦਿਨ ਦੰਗੇ ਕਰਵਾਂਵਦੇ।
ਸ਼ੇਰਾਂ ਦੀਆਂ ਮਾਰਾਂ ਉਤੇ ਕਰਨ ਕਲੋਲਾਂ ਕੁੱਤੇ,
ਰਹੇ ਮਨਮਾਨੀਆਂ ਪੁਗਾ।
ਪੰਜਾਂ ਦਰਿਆਵਾਂ ਵਾਲੀ ਧਰਤੀ 'ਤੇ ਵਗਦਾ ਏ....

ਸਦੀਆਂ ਦੇ ਸੁਤਿਓ ਓਏ! ਜਾਗੋ ਗੂੜ੍ਹੀ ਨੀਂਦ ਵਿਚੋਂ,
ਵਕਤ ਅਵਾਜ਼ਾਂ ਰਿਹਾ ਮਾਰ ਏ।
ਭਗਤ ਸਰਾਭਿਆ ਦੀ ਸੋਚ ਲੈ ਕੇ ਤੁਰ ਪਵੋ,
ਥੋੜੇ ਲਈ ਅੱਜ ਦੀ ਵੰਗਾਰ ਏ।
ਕੱਠੀ ਕਰੋ ਲੋਕਤਾ ਨੂੰ ਏਕਤਾ ਦੇ ਝੰਡੇ ਹੇਠਾਂ,
ਚੋਟ ਦਿਓ ਨਗਾਰਿਆਂ ਤੇ ਲਗਾ।
ਪੰਜਾਂ ਦਰਿਆਵਾਂ ਵਾਲੀ ਧਰਤੀ 'ਤੇ ਵਗਦਾ ਏ....

- ਵਿੰਦਰ ਠੀਕਰੀਵਾਲਾ

## ਜ਼ਿੰਦਗੀ ਦੀ ਕਿਸ਼ਤੀ/-ਸਰਬਜੀਤ ਕੌਰ ਜੱਸ

ਜਦੋਂ ਗੁਆਚ ਜਾਣ
ਜ਼ਿੰਦਗੀ ਦੀ ਕਿਸ਼ਤੀ ਕੋਲੋਂ ਕਿਨਾਰੇ
ਜਦੋਂ ਨਜਿੱਠਣਾ ਪਵੇ
ਚੁਫੇਰਿਓਂ ਉੱਠਦੀਆਂ ਮੁਸੀਬਤਾਂ ਦੀਆਂ ਲਹਿਰਾਂ ਨਾਲ
ਮਾਰਨਾ ਪਵੇ
ਡਿੱਕੋ-ਡੋਲੇ ਖਾਂਦੀ ਕਿਸ਼ਤੀ ਨਾਲ ਮੱਥਾ
ਤਾਂ ਫਿਰ ਇਨਸਾਨ
ਮਲਾਹ ਨਹੀਂ ਰਹਿੰਦਾ
ਉਹ ਵਕਤ ਦੇ ਮਗਰਮੱਛ ਦੇ
ਮੂੰਹ 'ਚ ਆਇਆ ਸ਼ਿਕਾਰ ਹੁੰਦਾ ਹੈ

ਜਦੋਂ ਵਕਤ ਦਾ ਕਹਿਰ
'ਸੁਨਾਮੀ' ਬਣ
ਇਨਸਾਨੀਅਤ ਨੂੰ ਆਪਣੀ ਲਪੇਟ 'ਚ ਲੈਂਦਾ ਹੈ
ਉਦੋਂ ਕੋਈ ਵਿਰਲਾ ਹੀ ਨਿੱਤਰਦਾ ਹੈ
ਜੋ ਕਰ ਸਕਦਾ ਹੈ
ਸਮੁੰਦਰ 'ਚ ਉੱਠੇ ਜਵਾਰਭਾਟਿਆਂ ਨੂੰ ਸ਼ਾਂਤ
ਫਿਰ ਉਹ ਮਲਾਹ ਸ਼ਿਕਾਰ ਨਹੀਂ ਰਹਿੰਦਾ
ਜ਼ਿੰਦਗੀ ਦਾ ਸਿਕੰਦਰ ਹੋ ਨਿਬੜਦਾ ਹੈ।

95014-85511

## .ਗ਼ਜ਼ਲ

**ਗਜ਼ਾ ਵਿਚ ਲੜਦੇ ਲੋਕਾਂ ਨੂੰ ਸਮਰਪਿਤ**

ਗਜ਼ਾ ਵਿਚ ਮਰਦੇ ਲੋਕਾਂ ਖਾਤਰ, ਹਾਅ ਦਾ ਨਾਹਰਾ ਈ ਮਾਰੋ
ਘਰ ਤੋਂ ਬੇਘਰ ਹੋਏ ਲੋਕਾਂ ਦਾ, ਬਣੀਏ ਸਹਾਰਾ ਯਾਰੋ
ਕਿਉਂ ਗਿਰ ਗਿਆ ਅੱਜ, ਇਨਸਾਨੀਅਤ ਦਾ ਪੱਧਰ ਏਨਾ ਨੀਵਾਂ
ਕਾਤਲੋ! ਯੂ. ਐ. ਓ. ਦੇ ਸਕੂਲਾਂ ਉਤੇ ਤਾਂ ਕਹਿਰ ਨਾ ਗੁਜ਼ਾਰੋ
ਜਿਹੜੇ ਬੱਚਿਆਂ ਨੇ ਬਣਨਾ ਐ, ਕੱਲ੍ਹ ਨੂੰ ਇਸ ਵਿਸ਼ਵ ਦੇ ਵਾਰਸ
ਜਾਲਮੋਂ ਬਾਰੂਦ ਨਾਲ, ਉਨ੍ਹਾਂ ਦੀ ਬੋਟੀ ਬੋਟੀ ਨਾ ਖਿਲਾਰੋ
ਕਿਉਂ ਹੋ ਰਿਹੈ ਹੈਵਾਨੀਅਤ ਦਾ ਨੰਗਾ ਨਾਚ ਗਜ਼ਾ ਵਿਚ
ਵਿਸ਼ਵ ਦੇ ਬੁੱਧੀਜੀਵੀਓ! ਆਪਣੀ ਅਕਲ ਨੂੰ ਹੱਥ ਤਾਂ ਮਾਰੋ
ਸਾਰੀ ਦੁਨੀਆਂ ਦੇ ਜਾਬਰ ਖੜ੍ਹ ਗਏ ਐ ਕਾਤਲ ਦੇ ਪਿੱਛੇ
ਹੋ ਜਾਉ ਹੁਣ ਤਾਂ ਕੱਠੇ, ਇਨਸਾਨੀਅਤ ਦੇ ਪਹਿਰੇਦਾਰੋ।

ਹਰਨੇਕ ਸਿੰਘ 'ਬੱਧਣੀ' ਕੈਲਗਰੀ
403-313-7472

## ਆਵਾਜ਼

ਚੁੱਪ ਸਭ ਤੋਂ ਵੱਡਾ ਖਤਰਾ ਹੈ
ਜਿਉਂਦੇ ਆਦਮੀ ਲਈ
ਤੁਸੀਂ ਨਹੀਂ ਜਾਣਦੇ
ਉਹ ਕਦੋਂ ਤੁਹਾਡੇ ਹੀ ਖਿਲਾਫ਼ ਖੜ੍ਹਾ ਹੋ ਜਾਵੇਗੀ
ਤੇ ਸਭ ਤੋਂ ਉਚੀ ਆਵਾਜ਼ ਦੇਵੇਗੀ
ਤੁਸੀਂ ਵੇਖਦੇ ਹੋ ਇਕ ਗਲਤ ਗੱਲ
ਤੇ ਚੁੱਪ ਰਹਿੰਦੇ ਹੋ
ਉਹ ਇਹੀ ਚਾਹੁੰਦੇ ਹਨ
ਅਤੇ ਇਸੇ ਲਈ ਇਕ ਚੁੱਪ ਸੌ ਸੁੱਖ ਕਹਿੰਦੇ ਹਨ
ਪਰ ਨਾਲ ਹੀ ਇਹ ਵੀ ਸੱਚ ਹੈ ਕਿ
ਉਹ ਆਵਾਜ਼ ਤੋਂ ਬਹੁਤ ਡਰਦੇ ਹਨ
ਇਸ ਲਈ
ਬੋਲੋ
ਬੋਲੋ, ਆਪਣੇ ਦਿਲ ਦੀ ਆਵਾਜ਼ 'ਚੋਂ
ਆਪਣੇ ਖ਼ੂਨ 'ਚ ਗੂੰਜਦੇ ਨਗਾਰੇ ਦੀ ਗਰਜ 'ਚੋਂ
ਆਕਾਸ਼ ਦੀ ਬੇਬੱਸ ਖਾਮੋਸ਼ੀ ਨੂੰ ਚੀਰਦੇ ਹੋਏ
ਬੋਲੋ
ਦਿਮਾਗ 'ਚ ਬਾਰੂਦ, ਬਾਰੂਦ 'ਚ ਧਮਾਕਾ
ਧਮਾਕੇ 'ਚ ਰਾਗ ਅਤੇ ਰਾਗ 'ਚ ਰੰਗ ਭਰਦੇ ਹੋਇਆਂ
ਆਪਣੇ ਸੂਹੇ ਖ਼ੂਨ ਦਾ
ਭਾਵੇਂ ਕੰਨਾਂ 'ਤੇ ਜਿੰਦਰੇ ਹੋਣ
ਭਾਸ਼ਾਵਾਂ ਬਦਲ ਦਿੱਤੀਆਂ ਜਾਣ ਰਾਤੋ-ਰਾਤ
ਆਵਾਜ਼ ਜੇ ਸੱਚਮੁੱਚ ਆਵਾਜ਼ ਹੈ
ਤਾਂ ਦਬ ਨਹੀਂ ਸਕਦੀ
ਉਹ ਬੇਖ਼ੌਫ਼ ਆਵਾਜ਼ ਹੈ।

- ਨੀਲਾਂਭ

## ਲੁਕ-ਲੁਕ ਬੈਠੇ ਚੋਰ

ਸੜਕ ਕਿਨਾਰੇ ਮੰਦਰ ਉੱਗੇ,
ਲੋਕਾਂ ਦੇ ਅਰਮਾਨ ਲੈ ਡੁੱਬੇ।
ਅਨੰਮ-ਅੰਨੀ ਅਫੜਾ-ਦਫੜੀ,
ਟੱਲ ਮਚਾਏ ਸ਼ੋਰ।
ਭਗਮੇਂ ਬਾਣਿਆਂ ਅੰਦਰ ਏਥੇ,
ਲੁਕ-ਲੁਕ ਬੈਠੇ ਚੋਰ

ਜਥੇਦਾਰਾਂ, ਗੁਰੂ ਦਰ ਮੱਲੇ,
ਲਾਲ ਬੱਤੀ ਦੀ ਬੱਲੇ ਬੱਲੇ।
ਖਾ ਗੋਲਕਾਂ ਬੰਨ੍ਹੀ ਫਿਰਦੇ,
ਏਵੇਂ ਫੁਕਰੀ ਟੌਰ।
ਭਗਮੇਂ ਬਾਣਿਆਂ ਅੰਦਰ ਏਥੇ,
ਲੁਕ-ਲੁਕ ਬੈਠੇ ਚੋਰ।

ਅਨਪੜ੍ਹ ਮੁੱਲ੍ਹਾ, ਕਾਜ਼ੀ ਰੋਗੇ,
ਲੋਕ ਉਹਨਾਂ ਨਾਲ ਰਾਜੀ ਹੋਗੇ।
ਭਰ-ਭਰ ਬੁੱਕਾਂ ਲੁੱਟੀ ਜਾਂਦੇ,
ਕਰਦਾ ਨੀ ਕੋਈ ਗੌਰ।
ਭਗਮੇਂ ਬਾਣਿਆਂ ਅੰਦਰ ਏਥੇ,
ਲੁਕ-ਲੁਕ ਬੈਠੇ ਚੋਰ।

ਚਰਚਾਂ ਅੰਦਰ ਸਭ ਇਸਾਈ,
ਛੁਰੀਆਂ ਕੱਛੀਂ ਫਿਰਨ ਲੁਕਾਈ।
ਉਪਰੋਂ ਚਿੱਟੇ ਬਗਲੇ ਬਣਕੇ,
ਅੰਦਰੋਂ ਤੁਰਦੇ ਸ਼ੱਕੀ ਤੋਰ।
ਭਗਮੇਂ ਬਾਣਿਆਂ ਅੰਦਰ ਏਥੇ,
ਲੁਕ-ਲੁਕ ਬੈਠੇ ਚੋਰ।

ਮਜ਼ਬ੍ਹਾਂ ਐਸਾ ਅਤੇ ਮਚਾਇਆ,
'ਬੀਰ' ਦੇ ਵੀ ਕੁਝ ਸਮਝ ਨਾ ਆਇਆ।
ਅੱਜ ਫ਼ਾਜ਼ਲਾਂ ਗੋਡੇ ਟੇਕੇ,
ਕੀ ਕਰੂ ਕੋਈ ਹੋਰ।
ਭਗਮੇਂ ਬਾਣਿਆਂ ਅੰਦਰ ਏਥੇ,
ਲੁਕ-ਲੁਕ ਬੈਠੇ ਚੋਰ।

ਦਲਬੀਰ ਬੀਰ ਔਲਖ, ਪਟਿਆਲਾ
095101-13036

## ਰਾਜਿਆ ਰਾਜ ਕਰੇਂਦਿਆਂ/- ਪ੍ਰੋ. ਬਾਵਾ ਸਿੰਘ

ਰਾਜਿਆ ਰਾਜ ਕਰੇਂਦਿਆਂ
ਖੂਬ ਤੇਰੀ ਤਕਰੀਰ
ਸੁਣ ਕੇ ਝੂਠ ਪੁਲੰਦਾ
ਮਨ ਹੋਇਆ ਦਿਲਗੀਰ
'ਅਬ ਅੱਛੇ ਦਿਨ ਆਏ ਹੈਂ'
ਵਾਹ! ਤੇਰਾ ਪੈਗ਼ਾਮ
ਨਮੋ ਨਮੋ ਦੇ ਪਾਠ ਨੇ
ਛਲਿਆ ਹਿੰਦੋਸਤਾਨ।

ਰਾਜਿਆਂ ਰਾਜ ਕਰੇਂਦਿਆਂ
ਕੀ ਤੇਰਾ ਦਸਤੂਰ
ਡੈਮ ਲਾਰਜੀ ਖਾ ਗਿਆ
ਗੱਭਰੂਆਂ ਦਾ ਪੂਰ
ਦੇਸ ਮੇਰੇ ਦੇ ਰਾਜਿਆ
ਕੀ ਤੇਰਾ ਦਸਤੂਰ
ਕਿਉਂ ਨਾ ਸੁਪਨੇ ਮੌਲਦੇ
ਕਿਉਂ ਨਾ ਫਲਦਾ ਬੂਰ?

ਰਾਜਿਆ ਰਾਜ ਕਰੇਂਦਿਆ
ਕੀ ਤੇਰਾ ਇਨਸਾਫ਼
ਅਜੇ ਤੱਕ ਨਾ ਟੁੱਟਿਆ
ਦਰਜਾ ਜਾਤ-ਬ-ਜਾਤ।

ਰਾਜਿਆਂ ਰਾਜ ਕਰੇਂਦਿਆਂ
ਇਕ ਅਬਲਾ ਕਰੇ ਪੁਕਾਰ
ਖੇਤੀ ਕਰਜਾ ਖਾ ਗਏ
ਕੰਤ 'ਤੇ ਬਰਖੁਰਦਾਰ

ਰਾਜਿਆ ਰਾਜ ਕਰੇਂਦਿਆਂ
ਅਰਜ ਕਰੇ ਕਿਰਸਾਨ
ਡਾਕੂ ਫਸਲਾਂ ਲੈ ਗਏ
ਕਰਜਾ ਪੁੱਤ ਜੁਆਨ।
ਪੱਕੀ ਖੇਤੀ ਵੇਖ ਕੇ
ਗਰਵ ਕਰੇ ਕਿਰਸਾਨ
ਬੈਂਕਾਂ ਆੜ੍ਹਤੀਆਂ ਤੋਂ
ਘਰ ਆਵੇ ਤਾਂ ਜਾਣ
ਨਾ ਬਣਨੀਆਂ ਝਾਂਜਰਾਂ
ਨਾ ਮੁੰਦੀ ਨਾ ਨੱਥ
ਖੇਤ ਨੇ ਭਾਵੇਂ ਆਪਣੇ
(ਪਰ) ਫਸਲ ਬੇਗਾਨੇ ਹੱਥ।

ਰਾਜਿਆ ਰਾਜ ਕਰੇਂਦਿਆਂ
ਕੁਝ ਤਾਂ ਸੋਚ ਵੀਚਾਰ
ਨਿਤ ਦਿਹਾੜੇ ਕਾਹਤੋਂ
ਮਰਦਾ ਹੈ ਕਿਰਸਾਨ
ਰੱਤੀ ਭਰ ਨਾ ਘਟ ਰਿਹਾ
ਕਿਉਂ ਕਰਜ਼ੇ ਦਾ ਭਾਰ?

ਰਾਜਿਆ ਰਾਜ ਕਰੇਂਦਿਆਂ
ਚਰਚਾ ਸ਼ਰੇ ਬਾਜ਼ਾਰ
ਰੇਤਾ ਬਜਰੀ ਖਾ ਗਏ
ਵਜ਼ੀਰ ਤੇ ਅਹਿਲਕਾਰ

ਬਾਦਲਾ ਰਾਜ ਕਰੇਂਦਿਆ
ਉਠ ਤੱਕ ਆਪਣਾ ਪੰਜਾਬ
ਖੂਹਾਂ ਪਾਣੀ ਮੁੱਕਿਆ
ਸੁੱਕਿਆ ਫੁੱਲ ਗੁਲਾਬ
ਵਿਚ ਦਰਿਆਵਾਂ ਵਹਿ ਰਿਹਾ
ਜਾਨਲੇਵਾ ਤੇਜ਼ਾਬ
ਸੁੱਕੇ ਕੱਸੀਆ ਖਾਲ੍ਹ ਨੇ
ਸੁੱਕੇ ਟੋਭੇ ਢਾਬ।

ਬਾਂਗਰ, ਮਾਝਾ, ਮਾਲਵਾ
ਨਾਲੇ ਦੇਸ਼ ਦੁਆਬ
ਨਸ਼ਾ-ਤਸਕਰੇਬਾਜ਼ਾਂ
ਕੀਤਾ ਸਭ ਬਰਬਾਦ

ਰਾਜਿਆ ਰਾਜ ਕਰੇਂਦਿਆ
ਗਰਦ ਚੜ੍ਹੀ ਅਸਮਾਨ
ਜੇ ਨਾ ਵੇਲਾ ਸਾਂਭਿਆ
ਯੁੱਧ ਹੋਣਾ ਘਮਸਾਨ
ਰਾਜਿਆ ਯੁੱਧ ਹੋਣਾ ਘਸਮਾਨ॥

# ਨਸ਼ਿਆਂ ਦਾ ਸੰਤਾਪ ਹੰਢਾਉਂਦੀਆਂ ਔਰਤਾਂ

ਗੁਰਪ੍ਰੀਤ ਸਿੰਘ ਤੂਰ

ਅੱਜ ਪੰਜਾਬ ਵਿੱਚ ਵਹਿ ਰਹੇ ਨਸ਼ਿਆਂ ਦੇ ਦਰਿਆ ਨੇ ਇੱਥੋਂ ਦੇ ਨੌਜਵਾਨਾਂ ਨੂੰ ਮਾਨਸਿਕ ਅਤੇ ਸਰੀਰਕ ਪੱਖੋਂ ਖੋਖਲਾ ਕਰ ਦਿੱਤਾ ਹੈ। ਇਸ ਦੀ ਮਾਰ ਸਿਰਫ਼ ਇਹ ਨੌਜਵਾਨ ਹੀ ਨਹੀਂ ਝੱਲ ਰਹੇ ਸਗੋਂ ਉਨ੍ਹਾਂ ਨਾਲ ਮਾਂ, ਭੈਣ, ਪਤਨੀ ਅਤੇ ਧੀ ਦੇ ਰੂਪ ਵਿੱਚ ਜੁੜੀਆਂ ਔਰਤਾਂ ਉਨ੍ਹਾਂ ਤੋਂ ਵੀ ਵੱਧ ਇਹ ਸੰਤਾਪ ਭੋਗ ਰਹੀਆਂ ਹਨ।

ਪਤੀ ਪਤਨੀ ਦਾ ਝਗੜਾ ਪੁਲੀਸ ਵਿਮੈਨ ਸੈੱਲ ਤਕ ਆ ਪਹੁੰਚਿਆ ਸੀ। ਪਤੀ ਨਸ਼ੇ ਦੀ ਲੋੜ ਪੂਰੀ ਕਰਦਿਆਂ-ਕਰਦਿਆਂ ਘਰ ਦੀਆਂ ਚੀਜ਼ਾਂ ਵੇਚਣ ਲੱਗਿਆ। ਉਂਗਲ ਵਿੱਚ ਪਾਈ ਇੱਕ ਛਾਪ ਤੇ ਕੰਨਾਂ ਵਿੱਚ ਪਾਏ ਕਾਂਟਿਆਂ ਤੋਂ ਇਲਾਵਾ ਉਸ ਨੇ ਇੱਕ-ਇੱਕ ਕਰ ਕੇ ਔਰਤ ਦੇ ਸਾਰੇ ਗਹਿਣੇ ਵੀ ਵੇਚ ਦਿੱਤੇ ਸਨ। ਇੱਕ ਦਿਨ ਨਸ਼ੇ ਦੀ ਲੋੜ ਪੂਰੀ ਕਰਨ ਲਈ ਉਸ ਨੇ ਆਪਣੀ ਪਤਨੀ ਨੂੰ ਦੁੱਧ ਵਿੱਚ ਨੀਂਦ ਵਾਲੀਆਂ ਗੋਲੀਆਂ ਪਾ ਕੇ ਰਾਤ ਨੂੰ ਉਸ ਦੇ ਕਾਂਟੇ ਵੀ ਉਤਾਰ ਲਏ। ਇਹ ਪੰਚਾਇਤੀ ਤਲਾਕਨਾਮੇ ਲਈ ਆਖ਼ਰੀ ਘਟਨਾ ਸਾਬਿਤ ਹੋਈ। ਧੀ, ਮਾਂ ਦੀ ਚੁੰਨੀ ਦਾ ਲੜ ਫੜ ਕੇ ਉਸ ਦੇ ਮਗਰ-ਮਗਰ ਤੁਰਨ ਲੱਗੀ ਤੇ ਉਸ ਦਾ ਅੱਠ ਕੁ ਵਰ੍ਹਿਆਂ ਦਾ ਪੁੱਤਰ ਉਸ ਦੀ ਦਾਦੀ ਨੇ ਗੋਦੀ ਚੁੱਕ ਲਿਆ। ਉਦੋਂ ਤਕ ਔਰਤ ਦਾ ਸ਼ਿੰਗਾਰ ਦੋਵੇਂ ਕਾਂਟੇ ਹੈਰੋਇਨ ਦਾ ਧੂੰਆਂ ਬਣ ਚੁੱਕੇ ਸਨ।

ਛੱਬੀ ਕੁ ਵਰ੍ਹਿਆਂ ਦੀ ਔਰਤ ਆਪਣੇ ਪਤੀ ਨੂੰ ਨਸ਼ਿਆਂ ਤੋਂ ਰੋਕਦੀ ਤਾਂ ਘਰ ਵਿੱਚ ਕਲੇਸ਼ ਹੁੰਦਾ। ਇੰਜ ਰੁੱਸ-ਰੁਸੇਵਾਂ ਕਈ ਵਾਰ ਹੋਇਆ। ਚਾਰ ਕੁ ਵਰ੍ਹਿਆਂ ਦੇ ਸਫ਼ਰ ਵਿੱਚ ਉਨ੍ਹਾਂ ਦੇ ਘਰ ਪੁੱਤਰ ਤੇ ਧੀ ਨੇ ਜਨਮ ਲਿਆ। ਉਸ ਵਿਅਕਤੀ ਨੇ ਸਮੈਕ ਤੇ ਹੈਰੋਇਨ ਦਾ ਮਹਿੰਗਾ ਨਸ਼ਾ ਕਰਦੇ-ਕਰਦੇ ਚਾਰਾਂ ਵਿੱਚੋਂ ਦੋ ਖੇਤ ਵੇਚ ਦਿੱਤੇ ਸਨ। ਜ਼ਮੀਨ ਦੇ ਇੱਕ ਹੋਰ ਟੁਕੜੇ ਨੂੰ ਵੇਚਣ ਲਈ ਕਾਗਜ਼ ਤਿਆਰ ਹੋਣ ਲੱਗੇ ਤਾਂ ਉਸ ਕੁੜੀ ਨੇ ਮਾਲ ਮਹਿਕਮੇ ਤੇ ਪੁਲੀਸ ਦਾ ਦਰਵਾਜ਼ਾ ਖੜਕਾਇਆ। ਪੰਚਾਇਤੀ ਤੌਰ ‘ਤੇ ਇੱਕ ਵਾਰ ਫਿਰ ਸਮਝੌਤਾ ਹੋ ਗਿਆ ਸੀ। ਖੋਰੀ ਪਤੀ ਨੇ ਪਤਨੀ ਤੋਂ ਪੰਚਾਇਤ ਤੇ ਥਾਣੇ ਵਿੱਚ ਹੋਈ ਪਰਿਵਾਰ ਦੀ ਬੇਇੱਜ਼ਤੀ ਦਾ ਬਦਲਾ ਲੈਣ ਲਈ ਔਰਤ ਨੂੰ ਵੀ ਨਸ਼ੇ ‘ਤੇ ਲਾ ਦਿੱਤਾ ਸੀ। ਉਹ ਚੋਰੀ ਛਿਪੇ ਰਾਤ ਦੀ ਰੋਟੀ ਵੇਲੇ ਪੋਸਤ ਦਾ ਇੱਕ ਚਮਚਾ ਪਤਨੀ ਦੀ ਦਾਲ ਵਿੱਚ ਘੋਲ ਦਿੰਦਾ। ਦੋ ਮਹੀਨਿਆਂ ਬਾਅਦ ਉਹ ਔਰਤ ਪੇਕੇ ਘਰ ਗਈ ਤਾਂ ਉਸ ਦਾ ਸਰੀਰ ਟੁੱਟਣ ਲੱਗਾ। ਪਿੰਡ ਦੇ ਹਸਪਤਾਲ ਤੋਂ ਸ਼ਹਿਰ ਦੇ ਹਸਪਤਾਲ ਤਕ ਮਰਜ਼ ਦਾ ਕੋਈ ਪਤਾ ਹੀ ਨਾ ਲੱਗਿਆ। ਸਰੀਰ ਟੁੱਟਦਾ ਰਹਿੰਦਾ, ਪਿੰਜਣੀਆਂ ’ਚੋਂ ਜਿਵੇਂ ਜਾਨ ਨਿਕਲਦੀ ਹੋਵੇ, ਬੇਚੈਨੀ ਤੇ ਘਬਰਾਹਟ। ਬੀਮਾਰੀ ਦੇ ਲੱਛਣ ਲੱਭਦਿਆਂ-ਲੱਭਦਿਆਂ ਪੋਸਤ ਤੇ ਅਫ਼ੀਮ ਦੇ ਨਸ਼ੇ ਦੀ ਤੋੜ ਦੇ ਲੱਛਣ ਨਜ਼ਰ ਆਏ ਸਨ।

ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਤੋਂ ਉਤਸ਼ਾਹਿਤ ਹੋ ਕੇ ਇੱਕ ਬੁੱਢੀ ਮਾਂ ਨੇ ਨਸ਼ੱਈ ਜਵਾਈ ਬਾਰੇ ਸੂਚਨਾ ਦਿੱਤੀ। ਉਸ ਦੀਆਂ ਦੋਹਤੀਆਂ ਵਿਆਹੁਣਯੋਣ ਹੋ ਗਈਆਂ ਸਨ ਪਰ ਉਸ ਦਾ ਜਵਾਈ ਨਸ਼ਿਆਂ ਦੀ ਲੋੜ ਪੂਰੀ ਕਰਦਾ-ਕਰਦਾ ਜਾਇਦਾਦ ਦਾ ਵੱਡਾ ਹਿੱਸਾ ਵੇਚ ਚੁੱਕਿਆ ਸੀ। ਹੁਣ ਉਹ ਦੋ ਖੇਤ ਇਕੱਠੇ ਵੇਚਣ ਦੀ ਤਿਆਰੀ ਕਰ ਰਿਹਾ ਸੀ। ਬੁੱਢੀ ਮਾਂ ਨੇ ਕਚਹਿਰੀ ਦੇ ਗੇੜਿਆਂ ਦੀ ਪੂਰੀ ਕੰਨਸੋਅ ਰੱਖੀ। ਉਸ ਨੇ ਦੋਵੇਂ ਦੋਹਤੀਆਂ ਨੂੰ ਨਾਲ ਲੈ ਕੇ ਡਿਪਟੀ ਕਮਿਸ਼ਨਰ ਦੇ ਦਫ਼ਤਰ ਦਰਖਾਸਤ ਦਿੱਤੀ ਕਿ ਬੱਚੀਆਂ ਦੀ ਜਾਇਦਾਦ ਉਨ੍ਹਾਂ ਦਾ ਬਾਪ ਅੱਗੇ ਨਾ ਵੇਚ ਸਕੇ। ਇਸੇ ਦਰਖਾਸਤ ਦੀ ਇੱਕ ਕਾਪੀ ਲੈ ਕੇ ਉਹ ਤਿੰਨੋਂ ਮੇਰੇ ਦਫ਼ਤਰ ਵੀ ਆਈਆਂ ਸਨ। ਇਸ਼ਾਰੇ ਨਾਲ ਦੋਵੇਂ ਕੁੜੀਆਂ ਨੂੰ ਦਫ਼ਤਰ ਤੋਂ ਬਾਹਰ ਭੇਜ ਕੇ ਉਹ ਨਸ਼ਿਆਂ ਬਾਰੇ ਸੂਚਨਾ ਦੇਣ ਲੱਗੀ। ਨਸ਼ਾ ਖ਼ਰੀਦਣ ਵਾਲਿਆਂ ਦਾ ਸਮਾਂ, ਪੁੜੀਆਂ ਕਿੱਥੇ-ਕਿੱਥੇ ਪਈਆਂ ਹੁੰਦੀਆਂ ਹਨ ਤੇ ਪੈਸੇ ਦੀ ਸੰਭਾਲ ਕਿਵੇਂ ਤੇ ਕਿੱਥੇ ਕੀਤੀ ਜਾਂਦੀ ਹੈ, ਉਸ ਨੇ ਦਬਵੀਂ ਆਵਾਜ਼ ਵਿੱਚ ਹਾਲਾਤ ਪੂਰੇ ਵਿਸਥਾਰ ਨਾਲ ਦੱਸੇ। ਅਗਲੀ ਸਵੇਰ ਹੀ ਛਾਪਾ ਮਾਰਿਆ ਗਿਆ। ਨਸ਼ਿਆਂ ਦਾ ਤਸਕਰ ਜੇਲ੍ਹ ਚਲਿਆ ਗਿਆ ਤੇ ਬੁੱਢੀ ਮਾਂ ਕੋਲ ਬੈਠ ਕੇ ਨਸ਼ੱਈ ਜਵਾਈ ਦਾ ਇਲਾਜ ਕਰਵਾਉਣ ਲੱਗੀ।

ਪਿੰਡ ਦੇ ਗੁਰਦੁਆਰੇ ਤੋਂ ਅਨਾਊਂਸਮੈਂਟ ਹੋਈ ਕਿ ਨਸ਼ਾ ਕਰਨ ਵਾਲਾ ਕੋਈ ਨੌਜਵਾਨ ਇਲਾਜ ਕਰਵਾਉਣਾ ਚਾਹੁੰਦਾ ਹੈ ਤਾਂ ਉਹ ਮਿੱਥੀ ਥਾਂ ਪਹੁੰਚੇ। ਸਰਪੰਚ ਨਾਲ ਪਹਿਲਾਂ ਹੀ ਦੋ-ਤਿੰਨ ਨੌਜਵਾਨ ਤੇ ਚਾਰ-ਪੰਜ ਵਿਅਕਤੀ ਉਧਰ ਨੂੰ ਆ ਰਹੇ ਸਨ। ਪ੍ਰਸ਼ਾਸਨ ਦੀ ਸਹਾਇਤਾ ਨਾਲ ਨੌਜਵਾਨਾਂ ਨੂੰ ਨਸ਼ਾ ਛੁਡਾਉਣ ਲਈ ਨਸ਼ਾ ਛੁਡਾਊ ਕੇਂਦਰਾਂ ਤਕ ਲਿਜਾਇਆ ਜਾ ਰਿਹਾ ਸੀ। ਜਦੋਂ ਇਹ ਅਨਾਊਂਸਮੈਂਟ ਹੋ ਰਹੀ ਸੀ ਤਾਂ ਇੱਕ ਨੌਜਵਾਨ ਸਮੈਕ ਦਾ ਟੀਕਾ ਲਾਉਣ ਵਿੱਚ ਮਗਨ ਸੀ। ਪਤਨੀ ਨੇ ਇਲਾਜ ਦਾ ਵਾਸਤਾ ਪਾਇਆ ਤਾਂ ਉਹ ਗਾਲ੍ਹਾਂ ਕੱਢਣ ਲੱਗਿਆ। ਉਸ ਲੜਕੀ ਨੇ 100 ਨੰਬਰ ਤੋਂ ਮੇਰਾ ਮੋਬਾਈਲ ਨੰਬਰ ਲਿਆ ਤੇ ਸਾਰੀ ਘਟਨਾ ਸਾਂਝੀ ਕੀਤੀ। ਇੱਕ ਘੰਟੇ ਬਾਅਦ ਉਹ ਵਿਅਕਤੀ ਮੇਰੇ ਦਫ਼ਤਰ ਸੀ, ਉਦੋਂ ਉਹ ਸਮੈਕ ਦੇ ਨਸ਼ੇ ਵਿੱਚ ਗੁੱਟ ਸੀ। ਉਸ ਦੇ ਘਰੋਂ ਸਰਿੰਜਾਂ, ਲਾਈਟਰ, ਐਲੂਮੀਨੀਅਮ ਫੋਇਲ ਦੇ ਅਧ ਸੜੇ ਟੁਕੜੇ ਤੇ ਨਸ਼ਾ ਕਰਨ ਦੀਆਂ ਹੋਰ ਨਿਸ਼ਾਨੀਆਂ ਵੀ ਮਿਲੀਆਂ। ਟੀਕੇ ਲਾ-ਲਾ ਕੇ ਉਸ ਦੀ ਹਰ ਨਾੜ ਵਿੰਨ੍ਹੀ ਪਈ ਸੀ। ਮੈਂ ਉਸ ਦੀ ਬਾਂਹ ਫੜ ਕੇ ਟੀਕਿਆਂ ਦੇ ਨਿਸ਼ਾਨ ਵੇਖਣ ਲੱਗਿਆ। ਗੁੱਟ ‘ਤੇ ਦੋ-ਤਿੰਨ ਖਰੀਂਢ, ਦੋ ਤਾਜ਼ੇ ਜ਼ਖ਼ਮ, ਕੂਹਣੀ ‘ਤੇ ਟੀਕਿਆਂ ਦੇ ਨਿਸ਼ਾਨਾਂ ਦੀ ਲੰਮੀ ਲਾਈਨ ਅਤੇ ਹੁਣ ਉਸ ਦੇ ਪੱਟ ਦੀਆਂ ਨਾੜਾਂ ਦੀ ਵਾਰੀ ਸੀ। ਮੈਂ ਉਸ ਨਾਲ ਗੱਲਬਾਤ ਕਰ ਰਿਹਾ ਸੀ ਤਾਂ ਦਫ਼ਤਰ ਵਿੱਚ ਇੱਕ ਬਜ਼ੁਰਗ ਔਰਤ ਦਾਖ਼ਲ ਹੋਈ, ਸਿਰ ਦੇ ਵਾਲ ਖਿੱਲਰੇ ਹੋਏ, ਮੱਥੇ ‘ਤੇ ਮੁੜ੍ਹਕਾ, ਗਲੇ ਵਿੱਚ ਖੁਸ਼ਕੀ, ਸਲਵਾਰ ਦੇ ਪੌਂਚੇ ਭਿੱਜੇ ਹੋਏ ਤੇ ਪੈਰ ਪਾਂਡੂ ਮਿੱਟੀ ਤੇ ਰੇਤੇ ਨਾਲ ਲਿੱਬੜੇ ਹੋਏ। ਕਹਿਣ ਲੱਗੀ, “ਮੈਂ ਖੇਤ ਬੋਰ ਕਰਾ ਰਹੀ ਸੀ। ਪਤਾ ਲੱਗਿਆ ਕਿ ਪੁਲੀਸ ਫੜ ਕੇ ਲੈ ਗਈ। ਮੈਥੋਂ ਰਿਹਾ ਨਹੀਂ ਗਿਆ਼ ਆਖ਼ਰ ਪੁੱਤ ਐ ਮੇਰਾ।“ ਉਹ ਪੁੱਤ ਦਾ ਇਲਾਜ ਕਰਵਾਉਣ ਲਈ ਵਾਸਤਾ ਪਾਉਣ ਲੱਗੀ। ਨੌਜਵਾਨ ਦੀ ਬਾਂਹ ਅਤੇ ਉਸ ਦੀ ਮਾਂ ਦੇ ਪੈਰਾਂ ਨੂੰ ਵਾਰੀ-ਵਾਰੀ ਵੇਖ ਕੇ ਮੈਂ ਉਸ ਨੌਜਵਾਨ ਦੇ ਨਸ਼ਿਆਂ ਅਤੇ ਬੋਰ ਦੇ ਪੱਤਣ ਦੀ ਸਥਿਤੀ ਦੇ ਅੰਦਾਜ਼ੇ ਲਗਾਉਣ ਲੱਗਾ।

ਇੱਕ ਲੜਕੀ ਨੇ ਬੇਨਤੀ ਕੀਤੀ ਕਿ ਉਸ ਦੇ ਪਤੀ ਵਿਰੁੱਧ ਅਦਾਲਤ ਵਿੱਚ ਨਸ਼ਿਆਂ ਸਬੰਧੀ ਸੁਣਵਾਈ ਅਧੀਨ ਕੇਸ ਦਾ ਨਿਪਟਾਰਾ ਹੋਣ ਵਿੱਚ ਦੇਰ ਹੋ ਰਹੀ ਹੈ। ਸਬੰਧਿਤ ਪੁਲੀਸ ਕਰਮਚਾਰੀ ਵੱਲੋਂ ਅਦਾਲਤ ਵਿੱਚ ਪੇਸ਼ ਹੋ ਜਾਣ ਦੇ ਭਰੋਸੇ ਵਜੋਂ ਹੀ ਉਹ ਮੇਰੇ ਦਫ਼ਤਰ ਆਈ ਸੀ। ਉਸ ਦੇ ਪਤੀ ਦੀ ਕੈਨੇਡੀਅਨ ਇੰਮੀਗ੍ਰੇਸ਼ਨ ਦੇ ਵੀਜ਼ੇ ਦੀ ਮਿਆਦ ਦੋ ਮਹੀਨਿਆਂ ਬਾਅਦ ਪੂਰੀ ਹੋਣੀ ਸੀ। ਉਸ ਨੂੰ ਡਰ ਸੀ ਕਿ ਕੇਸ ਲਮਕਣ ਨਾਲ ਉਸ ਦੇ ਪਤੀ ਦਾ ਵੀਜ਼ਾ ਰੱਦ ਹੋ ਜਾਵੇਗਾ। ਉਸ ਦੀ ਮੰਗ ਜਾਇਜ਼ ਤੇ ਸਾਧਾਰਨ ਸੀ। ਮਹੀਨੇ ਕੁ ਬਾਅਦ ਉਹ ਬਹੁਤ ਘਬਰਾਈ ਹੋਈ ਫਿਰ ਮੇਰੇ ਦਫ਼ਤਰ ਆਈ। ਦਰਅਸਲ ਉਹ ਨੌਜਵਾਨ ਨਸ਼ਾ ਛੱਡ ਨਹੀਂ ਸਕਿਆ ਸੀ ਅਤੇ ਆਪਣੀ ਪਤਨੀ ਦੇ ਬਾਈ ਕੁ ਵਰ੍ਹਿਆਂ ਦੇ ਭਰਾ ਨੂੰ ਨਾਲ ਲੈ ਕੇ ਨੇੜਲੇ ਸ਼ਹਿਰ ਤੋਂ ਹੈਰੋਇਨ ਖ਼ਰੀਦਣ ਚਲਿਆ ਗਿਆ। ਦੋਵਾਂ ਨੂੰ ਪੁਲੀਸ ਨੇ ਫੜ ਲਿਆ। ਉਹ ਕੁੜੀ ਹੁਣ ਫਿਰ ਕੈਨੇਡੀਅਨ ਇੰਮੀਗ੍ਰੇਸ਼ਨ ਪੇਪਰਾਂ ਦੀ ਮਿਆਦ ਤੇ ਸ਼ਰਤਾਂ ਦਾ ਵਾਸਤਾ ਪਾਉਣ ਲੱਗੀ। ਮੈਂ ਉਸ ਦੀ ਇਸ ਮੰਗ ‘ਤੇ ਖਿੱਝ ਗਿਆ ਸੀ।




ਆਖ਼ਰ ਉਹ ਕਹਿੰਦੀ, “ਜੇ ਛੱਡ ਨਹੀਂ ਸਕਦੇ ਤਾਂ ਉਸ ਦੀ ਥਾਂ ਮੇਰੇ ਭਰਾ ‘ਤੇ ਮੁਕੱਦਮਾ ਦਰਜ ਕਰ ਦਿਉ। ਦੋਵੇਂ ਇੱਕੋ ਕਾਰ ਵਿੱਚ ਹੀ ਤਾਂ ਸਵਾਰ ਸਨ।“ ਉਸ ਨੇ ਥੋੜ੍ਹਾ ਰੁਕ ਕੇ ਆਖਿਆ। ਉਸ ਦੇ ਬੋਲਾਂ ਵਿੱਚ ਬੇਵੱਸੀ ਸੀ। ਰੱਖੜੀ ਵਾਲੇ ਦਿਨ ਉਸ ਦਾ ਐੱਸ.ਐੱਮ.ਐੱਸ. ਆਇਆ। ਉਹ ਜੇਲ੍ਹ ਮੂਹਰੇ ਖੜ੍ਹੀ ਭਰਾ ਦੀ ਮੁਲਾਕਾਤ ਲਈ ਮੈਥੋਂ ਮਦਦ ਮੰਗਣ ਲੱਗੀ। ਜੇਲ੍ਹ ਕਰਮਚਾਰੀ ਨੇ ਮੈਨੂੰ ਦੱਸਿਆ ਕਿ ਉਸ ਵੱਲੋਂ ਬੰਨ੍ਹੀ ਰੱਖੜੀ ਹੰਝੂਆਂ ਨਾਲ ਭਿੱਜ ਕੇ ਸਿੱਲ੍ਹੀ ਹੋ ਗਈ ਸੀ ਤੇ ਉਸ ਕੁੜੀ ਦੇ ਬੋਲ ਸਿਸਕੀਆਂ ਦੇ ਭਾਰ ਥੱਲੇ ਦੱਬ ਕੇ ਬੇਅਰਥ ਹੋ ਗਏ ਸਨ।

ਆਪਣੇ ਘਰ ਤੋਂ ਚਾਲੀ ਕਿਲੋਮੀਟਰ ਦੂਰ ਕਾਲਜ ਪੜ੍ਹਦਾ ਇੱਕ ਨੌਜਵਾਨ ਨਸ਼ਿਆਂ ਦਾ ਆਦੀ ਹੋ ਗਿਆ। ਕਾਲਜ ਦੀ ਪੜ੍ਹਾਈ ਵਿਚਾਲੇ ਛੱਡ ਉਹ ਕਾਲਜ ਫ਼ੀਸ ਤੇ ਟਿਊਸ਼ਨ ਦੇ ਪੈਸੇ ਲੈ ਕੇ ਹੈਰੋਇਨ ਪੀਂਦਾ ਰਿਹਾ। ਸਾਲ ਬਾਅਦ ਕਾਲਜ ਪ੍ਰਿੰਸੀਪਲ ਦੀ ਚਿੱਠੀ ਆਈ ਤਾਂ ਇਹ ਭੇਤ ਖੁੱਲ੍ਹਿਆ। ਘਬਰਾਹਟ ਵਿੱਚ ਉਸ ਦੀ ਮਾਂ ਤੋਂ ਘਾਤਕ ਗ਼ਲਤੀ ਹੋਈ। ਚਿੱਠੀ ਪੜ੍ਹਦਿਆਂ ਹੀ ਉਸ ਨੇ ਆਪਣੇ ਪੁੱਤ ਦਾ ਫ਼ੋਨ ਮਿਲਾਇਆ। ਜਦੋਂ ਉਹ ਆਪਣੇ ਹੀ ਸ਼ਹਿਰ ਦੇ ਬੱਸ ਅੱਡੇ ‘ਤੇ ਉੱਤਰ ਰਿਹਾ ਸੀ ਤਾਂ ਮਾਂ ਨੇ ਉਸ ਨੂੰ ਚਿੱਠੀ ਪੜ੍ਹ ਕੇ ਸੁਣਾ ਦਿੱਤੀ। ਉਸ ਨੇ ਇੱਕੋ ਗੱਲ ਚਿੱਠੀ ਤੋਂ ਇਲਾਵਾ ਆਖੀ ਸੀ ਕਿ ਚਿੱਠੀ ਪੜ੍ਹਦਿਆਂ ਹੀ ਤੇਰਾ ਪਿਓ ਤੇਰੇ ਕਾਲਜ ਗਿਆ ਹੋਇਆ। ਉਹ ਪਲ ਤੇ ਆਹ ਦਿਨ ਉਹ ਨੌਜਵਾਨ ਕਦੇ ਘਰ ਨਹੀਂ ਆਇਆ। ਤਿੰਨ ਵਰ੍ਹੇ ਲੰਘ ਜਾਣ ‘ਤੇ ਵੀ ਉਹ ਔਰਤ ਮਹੀਨੇ ਵਿੱਚ ਇੱਕ ਅੱਧ ਵਾਰ ਆਪਣੇ ਪੁੱਤ ਨੂੰ ਲੱਭਣ ਕਾਲਜ ਜ਼ਰੂਰ ਜਾਂਦੀ ਹੈ। ਉਹ ਥੋੜ੍ਹੀ ਦੇਰ ਕਾਲਜ ਕੰਨਟੀਨ ਵਿੱਚ ਬੈਠਦੀ ਹੈ। ਸਟੱਡੀ ਰੂਮਜ਼ ਵਿੱਚ ਲੱਗੀਆਂ ਕਲਾਸਾਂ ਸ਼ੀਸ਼ਿਆਂ ਰਾਹੀਂ ਵੇਖਣ ਲੱਗਦੀ ਹੈ। ਛੁੱਟੀ ਹੋਣ ‘ਤੇ ਕੁਝ ਵਿਦਿਆਰਥੀਆਂ ਤੋਂ ਆਪਣੇ ਪੁੱਤਰ ਬਾਰੇ ਪੁੱਛ-ਪੜਤਾਲ ਦਾ ਯਤਨ ਕਰਦੀ ਹੈ। ਵਾਪਸ ਮੁੜਦੀ ਹੋਈ ਉਹ ਕਾਲਜ ਦੇ ਮੁੱਖ ਗੇਟ ‘ਤੇ ਖੜ੍ਹ ਕੇ ਹੱਥ ਜੋੜਦੀ ਅਤੇ ਸਿਰ ਝੁਕਾਉਂਦੀ ਹੈ। ਕੋਈ ਦੁਆ ਕਰਦੀ ਹੈ ਜਾਂ ਉਲਾਂਭਾ ਦਿੰਦੀ ਹੈ, ਉਸ ਦੇ ਬੋਲਾਂ ਬਾਰੇ ਕਿਸੇ ਨੂੰ ਕੁਝ ਵੀ ਪਤਾ ਨਹੀਂ।

ਪੁਲੀਸ ਸੁਵਿਧਾ ਸੈਂਟਰ ਦੇ ਬਾਹਰ ਲਿਖੇ ਡਰੱਗ ਹੈਲਪ ਲਾਈਨ ਦੇ ਮੋਬਾਈਲ ਨੰਬਰ ਰਾਹੀਂ ਉਸ ਕੁੜੀ ਨੇ ਮੇਰੇ ਨਾਲ ਰਾਬਤਾ ਕਾਇਮ ਕੀਤਾ। ਦਰਅਸਲ ਉਸ ਨੇ ਪ੍ਰੇਮ ਵਿਆਹ ਕਰਵਾਇਆ ਸੀ ਤੇ ਉਨ੍ਹਾਂ ਆਇਲਟਸ ਦਾ ਪੇਪਰ ਪਾਸ ਕਰ ਕੇ ਵਿਦੇਸ਼ ਜਾਣ ਦਾ ਯਤਨ ਕੀਤਾ। ਇਸੇ ਉਮੀਦ ਵਿੱਚ ਵਿਆਹ ਤੋਂ ਤਿੰਨ ਵਰ੍ਹੇ ਬੀਤ ਜਾਣ ‘ਤੇ ਵੀ ਉਨ੍ਹਾਂ ਜੀਵਨ ਜੋਤ ਨੂੰ ਅੱਗੇ ਨਹੀਂ ਤੋਰਿਆ ਸੀ। ਵਿਦੇਸ਼ ਜਾਣ ਦੀ ਅਸਫ਼ਲਤਾ ਤੋਂ ਬਾਅਦ ਮਾਨਸਿਕ ਪ੍ਰੇਸ਼ਾਨੀ ਕਾਰਨ ਉਸ ਦਾ ਪਤੀ ਹੈਰੋਇਨ ਦੇ ਨਸ਼ੇ ਦਾ ਆਦੀ ਹੋ ਗਿਆ। ਉਸ ਕੁੜੀ ਨੇ ਵੱਡੇ ਸ਼ਹਿਰ ਦੇ ਇੱਕ ਨਸ਼ਾ ਛੁਡਾਊ ਕੇਂਦਰ ਵਿੱਚ ਤਿੰਨ ਮਹੀਨੇ ਸਿਰਹਾਣੇ ਬੈਠ ਕੇ ਉਸ ਦਾ ਇਲਾਜ ਕਰਵਾਇਆ। ਉਸ ਕੁੜੀ ਦੀ ਮੌਜੂਦਾ ਸਮੱਸਿਆ ਇਹ ਸੀ ਕਿ ਇਲਾਜ ਕਰਵਾਉਣ ਤੋਂ ਬਾਅਦ ਵੀ ਸਾਥੀ ਉਸ ਦੇ ਪਤੀ ਨੂੰ ਮੋਬਾਈਲ ਫ਼ੋਨ ‘ਤੇ ਮਿਸ ਕਾਲ ਮਾਰ ਕੇ ਬਾਹਰ ਸੱਦ ਲੈਂਦੇ ਤੇ ਹੈਰੋਇਨ ਦਾ ਸੂਟਾ ਲਵਾ ਦਿੰਦੇ। ਪਤੀ ਨੂੰ ਇਸ ਪਾਸਿਉਂ ਰੋਕਣ ਲਈ ਉਹ ਮਿਸ ਕਾਲ ਵਾਲੇ ਨੰਬਰ ਮੈਨੂੰ ਨੋਟ ਕਰਵਾਉਣ ਲੱਗੀ। ਇੱਕ ਤੋਂ ਬਾਅਦ ਦੂਜਾ, ਤਿੰਨ ਨੌਜਵਾਨ ਪੁਲੀਸ ਦੀ ਗ੍ਰਿਫ਼ਤ ਵਿੱਚ ਆਏ ਸਨ ਪਰ ਇਉਂ ਉਸ ਨੌਜਵਾਨ ਨੂੰ ਇਸ ਪਾਸਿਉਂ ਰੋਕਿਆ ਨਾ ਜਾ ਸਕਿਆ। ਪਤਨੀ ਦੇ ਯਤਨਾਂ ਸਦਕਾ ਨਸ਼ਾ ਛੱਡਣ ਲਈ ਉਹ ਦੁਬਾਰਾ ਹਸਪਤਾਲ ਦਾਖ਼ਲ ਵੀ ਹੋਇਆ ਪਰ ਸਫ਼ਲ ਨਾ ਹੋ ਸਕਿਆ। ਪਤੀ-ਪਤਨੀ ਵਿੱਚ ਕਲੇਸ਼ ਰਹਿਣ ਲੱਗਾ ਤੇ ਇੱਕ ਅਭਾਗੇ ਦਿਨ ਉਹ ਨੌਜਵਾਨ ਨਹਿਰ ਵਿੱਚ ਛਾਲ ਮਾਰ ਕੇ ਮੁੱਕ ਗਿਆ। ਉਹ ਕੁੜੀ ਜ਼ਿੰਦਗੀ ਦੀਆਂ ਮੁਸ਼ਕਿਲਾਂ ਵਿੱਚ ਡੁੰਬ ਤਾਂ ਗਈ ਪਰ ਮਰੀ ਨਹੀਂ।

ਉਸ ਦਾ ਪਿੰਡ ਮਾਲਵੇ ਵਾਲੇ ਪਾਸੇ ਹਰੀਕੇ ਹੈੱਡ ਤੋਂ ਅੱਠ-ਨੌਂ ਕਿਲੋਮੀਟਰ ਦੀ ਦੂਰੀ ‘ਤੇ ਹੈ। ਉਮਰ ਤਕਰੀਬਨ ਸੱਤਰ ਵਰ੍ਹੇ, ਪਤਲਾ, ਛਾਟਵਾਂ ਤੇ ਕਾਮਾ ਸਰੀਰ। ਭਾਵੇਂ ਉਸ ਬੁੱਢੀ ਮਾਂ ਦੀ ਰੂਹ ਦੁੱਖਾਂ ਨਾਲ ਝੰਬੀ ਪਈ ਸੀ ਪਰ ਉਸ ਦੇ ਬੋਲਾਂ ਵਿੱਚੋਂ ਕਿਰਤ ਦੀ ਖ਼ੁਸ਼ਬੋ ਆਉਂਦੀ ਸੀ। ਉਸ ਦਾ ਗੱਲ ਸਮਝਾਉਣ ਦਾ ਤਰੀਕਾ ਸੰਜਮ ਵਾਲਾ ਸੀ। ਉਸ ਦਾ ਆਪਣੇ ਪੁੱਤ ਨਾਲ ਹੀ ਝਗੜਾ ਸੀ। ਦਰਅਸਲ ਉਸ ਦਾ ਪਤੀ ਤੇ ਇੱਕ ਪੁੱਤਰ ਨਸ਼ਿਆਂ ਦੀ ਭੇਟ ਚੜ੍ਹ ਚੁੱਕੇ ਸਨ ਤੇ ਉਸ ਦਾ ਨਸ਼ਾ ਕਰਦਾ ਇਹ ਪੁੱਤਰ ਜਾਇਦਾਦ ’ਚੋਂ ਹਿੱਸਾ ਮੰਗ ਰਿਹਾ ਸੀ। ਇਹੋ ਝਗੜਾ ਸੀ। ਪੰਚਾਇਤ ਵੀ ਉਨ੍ਹਾਂ ਦੇ ਨਾਲ ਆਈ ਸੀ ਪਰ ਕੋਈ ਫ਼ੈਸਲਾ ਨਾ ਹੋ ਸਕਿਆ। “ਕਹਾਣੀ ਖ਼ਤਮ ਆ ਬਸ, ਇਸ ਮਾਈ ਦਾ ਪੋਤਰਾ ਵੀ ਨਸ਼ਾ ਕਰਨ ਲੱਗ ਪਿਆ,“ ਇੱਕ ਪੰਚਾਇਤ ਮੈਂਬਰ ਨੇ ਮੈਨੂੰ ਹੌਲੀ ਆਵਾਜ਼ ਵਿੱਚ ਦੱਸਿਆ। ਇਹ ਮਾਈ ਨਸ਼ਿਆਂ ਵਿਰੁੱਧ ਪੀੜ੍ਹੀ ਦਰ ਪੀੜ੍ਹੀ ਕਈ ਲੜਾਈਆਂ ਹਾਰ ਚੁੱਕੀ ਹੈ।

ਉਨਾਭੀ ਰੰਗ ਦਾ ਸੂਟ ਪਹਿਨੀ ਮੇਰੇ ਦਫ਼ਤਰ ਆਈ ਇੱਕ ਸਾਧਾਰਨ ਪੇਂਡੂ ਕੁੜੀ ਨਸ਼ੱਈ ਪਤੀ ਦੀਆਂ ਕਰਤੂਤਾਂ ਦੱਸਦੀ-ਦੱਸਦੀ ਡੁਸਕਣ ਲੱਗੀ। ਜਿਵੇਂ ਕੋਈ ਦਮ ਲੈ-ਲੈ ਕੇ ਫਿਰ ਦੌੜਦਾ ਹੈ ਇਉਂ ਹੀ ਉਹ ਪਾਣੀ ਦਾ ਗਿਲਾਸ ਪੀ ਕੇ ਫਿਰ ਬੋਲਣ ਲੱਗੀ। ਬੋਲਦੀ-ਬੋਲਦੀ ਉਹ ਗੁੰਮ-ਸੁੰਮ ਜਿਹੀ ਹੋ ਗਈ। ਉਸ ਦਾ ਪਿੰਡ ਨਹਿਰਾਂ ਕਿਨਾਰੇ ਸਥਿਤ ਹੈ ਤੇ ਉਸ ਨੇ ਨਸ਼ੱਈ ਪਤੀ ਤੋਂ ਤੰਗ ਆ ਕੇ ‘ਮੈਂ ਪਾਣੀ ਉੱਤੇ ਪੈ ਜਾਣਾ ਚਾਹੁੰਦੀ ਹਾਂ’ ਕਹਿੰਦਿਆਂ ਖ਼ੁਦਕੁਸ਼ੀ ਕਰਨ ਦੀ ਮਨੋਦਸ਼ਾ ਨੂੰ ਪ੍ਰਗਟਾਇਆ ਸੀ। ਇਸ ਘਟਨਾ ਤੋਂ ਮਹੀਨਾ ਕੁ ਬਾਅਦ ਮੈਂ ਜ਼ਿਲ੍ਹੇ ਦੇ ਸਮੂਹ ਅਧਿਕਾਰੀਆਂ ਨਾਲ ਮੀਟਿੰਗ ਕਰਨ ਲੱਗਾ। ਮੀਟਿੰਗ ਦੇ ਅਖ਼ੀਰ ਵਿੱਚ ਅਸੀਂ ਗੁੰਮ ਹੋਏ ਵਿਅਕਤੀਆਂ ਅਤੇ ਬੇਪਛਾਣ ਤੌਰ ‘ਤੇ ਸਸਕਾਰ ਕਰ ਦਿੱਤੀਆਂ ਲਾਸ਼ਾਂ ਦੇ ਕੱਪੜਿਆਂ ਤੇ ਨਿਸ਼ਾਨੀਆਂ ਤੋਂ ਵਿਅਕਤੀਆਂ ਦੀ ਪਛਾਣ ਕਰਨ ਲੱਗੇ। ਲੜੀ ਨੰਬਰ ਚਾਰ, ਪੱਚੀ ਕੁ ਵਰ੍ਹਿਆਂ ਦੀ ਇੱਕ ਔਰਤ ਦੀ ਲਾਸ਼ ਸੂਏ ਵਿੱਚੋਂ ਮਿਲੀ ਹੈ ਜਿਸ ਨੇ ਉਨਾਭੀ ਰੰਗ ਦਾ ਸੂਟ ਪਹਿਨਿਆ ਹੋਇਆ ਹੈ। ਬੋਲਦਾ-ਬੋਲਦਾ ਉਹ ਕਰਮਚਾਰੀ ਇੱਕ ਫਾਈਲ ਵਿੱਚ ਨੱਥੀ ਕੀਤੀਆਂ ਉਸ ਲਾਸ਼ ਦੀਆਂ ਫ਼ੋਟੋਆਂ ਵਿਖਾਉਣ ਲੱਗਾ। ਇੱਕ ਅਭਾਗਾ ਖ਼ਿਆਲ ਮੇਰੇ ਜ਼ਿਹਨ ਵਿੱਚ ਆਉਣ ਤੋਂ ਪਹਿਲਾਂ ਹੀ ਮੇਰੇ ਸਹਿਯੋਗੀ ਨੇ ਖੜ੍ਹਾ ਹੋ ਕੇ ਦੱਸਿਆ ਕਿ ਉਹ ਕੁੜੀ ਜਿਹੜੀ ਪਾਣੀ ‘ਤੇ ਪੈ ਜਾਣਾ ਚਾਹੁੰਦੀ ਸੀ, ਪਿਛਲੇ ਮਹੀਨੇ ਤੋਂ ਗੁੰਮ ਹੈ। ਉਸ ਦੇ ਬੋਲਾਂ ਵਿੱਚ ਮੌਤ ਦਾ ਸਹਿਮ ਸੀ।

ਔਰਤਾਂ ਦੇ ਦੁਖਾਂਤ ਦੀਆਂ ਬਹੁਤੀਆਂ ਘਟਨਾਵਾਂ ਸਮਾਜਿਕ ਪਰਦੇ ਤਕ ਪਹੁੰਚਦੀਆਂ ਹੀ ਨਹੀਂ, ਬਹੁਤੀਆਂ ਕਲਮ ਦੀ ਪਕੜ ਵਿੱਚ ਨਹੀਂ ਆਉਂਦੀਆਂ ਤੇ ਕੁਝ ਕੁ ਸ਼ਰਮ-ਹਯਾ ਦੀ ਲਛਮਣ ਰੇਖਾ ਨਹੀਂ ਲੰਘ ਸਕਦੀਆਂ। ਅਜਿਹੀਆਂ ਜ਼ਿਆਦਾਤਰ ਘਟਨਾਵਾਂ ਦਾ ਜ਼ਿਕਰ ਭਾਵੇਂ ਕਿਤੇ ਵੀ ਨਾ ਹੋਵੇ ਪਰ ਨਸ਼ਿਆਂ ਦਾ ਸੰਤਾਪ ਭੋਗਦੀਆਂ ਔਰਤਾਂ ਦੀ ਪੀੜ ਅਸਹਿ ਹੈ।

**Avon Accounting & Tax Services**

ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ ’ਤੇ ਆਪਣੇ ਬਿਜ਼ਨਿਸ ਜਾਂ ਪਰਸਨਲ ਟੈਕਸ ਸੰਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।

**ਸੇਵਾਵਾਂ ਵੀਕ ਐਂਡ ਤੋਂ ਵੀ ਉਪਲਬਧ**

Personal Tax Returns (T1)
Self Employed
Taxi Business

Corporate Tax Returns (T2)
GST / Payrolls / ROE
WCB Returns

Tax Planning & Advisory Services
Weekends/Evenings Services also available.

Tel: 403-561-9011
Tel: 403-479-4220
Pandher_2004@yahoo.com or singhh73@gmail.com

# ਸ਼ਹੀਦੇ ਆਜ਼ਮ ਭਗਤ ਸਿੰਘ ਦੀ 107ਵੀਂ ਬਰਸੀ 'ਤੇ ਵਿਸ਼ੇਸ਼ ਇਕੱਤਰਤਾ




ਪੰਜਾਬੀ ਸਭਿਆਚਾਰ ਮੰਚ ਟੋਰਾਂਟੋ (ਕੈਨੇਡਾ) ਵਲੋਂ 5 ਅਕਤੂਬਰ 2014 ਦਿਨ ਐਤਵਾਰ ਸ਼ਾਮ ਦੇ 2.30 ਵਜੇ ਤੋਂ 7.00 ਵਜੇ ਤੱਕ ਸ਼ਹੀਦ ਭਗਤ ਸਿੰਘ ਦੇ 107ਵੇਂ ਜਨਮ ਦਿਨ 'ਤੇ ਇਕ ਵਿਸ਼ੇਸ਼ ਇਕੱਤਰਤਾ, ਸਾਉਸ ਪਲੈਕਸ ਲਾਇਬ੍ਰੇਰੀ (South Plex Library Bramiton) ਜੋਕਿ ਮੈਕਲਾਗਨ ਅਤੇ ਰੇਲਆਸ਼ਨ ਦੇ ਖੂੰਜੇ ਤੇ ਸਥਿਤ ਹੈ, ਕੀਤੀ ਜਾ ਰਹੀ ਹੈ ਜਿਸ ਵਿਚ ਸ਼ਹੀਦੇ ਆਜ਼ਮ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੁਆਰਾ ਲੁਟ ਰਹਿਤ ਸਮਾਜ ਸਿਰਜਣ ਲਈ ਕੀਤੀਆਂ ਕੁਰਬਾਨੀਆਂ ਨੂੰ ਸਿਰਫ਼ ਯਾਦ ਹੀ ਨਹੀਂ ਕੀਤਾ ਜਾਵੇਗਾ ਸਗੋਂ ਅੱਜ ਦੇ ਸਮੇਂ ਵਿਚ ਉਨ੍ਹਾਂ ਦੀ ਵਿਚਾਰਧਾਰਾ ਨੂੰ ਸਾਕਾਰ ਕਰਨ ਲਈ ਪੰਜਾਬੀ ਸਭਿਆਚਾਰ ਮੰਚ ਵਲੋਂ ਆਪਣਾ ਬਣਦਾ ਰੋਲ ਅਦਾ ਕੀਤਾ ਜਾਵੇਗਾ। ਸੋ ਆਓ ਉਨ੍ਹਾਂ ਦੀਆਂ ਕੁਰਬਾਨੀਆਂ 'ਤੇ ਵਿਚਾਰਧਾਰਾ ਨੂੰ ਪ੍ਰਣਾਏ ਸਮਾਜ ਨੂੰ ਸਿਰਜਨ ਲਈ ਅਤੇ ਕੈਨੇਡਾ ਵਿਚ ਰਹਿੰਦੇ ਆ ਰਹੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਲਈ ਇਕ ਮੰਚ 'ਤੇ ਇਕੱਠੇ ਹੋਈਏ। ਇਸ ਪ੍ਰੋਗਰਾਮ ਵਿਚ ਸਾਰਿਆਂ ਟੋਰਾਂਟੋ ਵਾਸੀਆਂ ਨੂੰ ਆਪਣੇ ਪਰਿਵਾਰ ਸਮੇਤ ਸ਼ਾਮਲ ਹੋਣ ਲਈ ਨਿਮਰਤਾ ਸਾਹਿਤ ਬੇਨਤੀ ਕੀਤੀ ਜਾਂਦੀ ਹੈ। ਹੋਰ ਜਾਣਕਾਰੀ ਲਈ ਤੁਸੀਂ ਸੁਖਦੇਵ ਧਾਲੀਵਾਲ 647-712-9116 ਅਤੇ ਬਲਦੇਵ ਸਹਿਦੇਵ ਨੂੰ 647-737278-7045 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

**Time for Change! New Leadership – Real Change**

**Elect John Sanderson Mayor**



All leaders have to be held accountable. My goal is to earn your support to help me deliver on what I am outlining for the City of Brampton. The City's new Council-driven Strategic Plan, which is the result of an extensive public consultation process, along with my own work with residents, community groups and business leaders have helped shape the key points of my election platform. I encourage all Brampton residents to use this as a scorecard to grade my performance as Mayor.

**If elected as your Mayor, my priorities will be:**

- Economy
- Respect for Taxpayers
- Growth
- Healthcare
- Education
- Crime & Safety
- Traffic Congestion

Facebook.com/VoteJohnSanderson
@JohnSandersonCA

- Regional Councillor for Wards 3 & 4 since 2006
- Brampton Guardian's Citizen of the Year
- Brampton Board of Trade's Business Person of the Year
- Canadian Chamber of Commerce's Volunteer of the Year for Eastern Canada
- Recipient of the prestigious Queen's Golden & Diamond Jubilee medal
- Brampton Rotary Club's Paul Harris Fellowship Award, Rotary's highest honour

**Visit our website to learn more, make a donation, request a lawn sign, or join our volunteer team, visit us at: johnsanderson.ca**

905.454.JOHN (5646) · vote@johnsanderson.ca · johnsanderson.ca

**SUPERVISA & LIFE INSURANCE**



* RESP (with govt. grants & extra bonus)
* VISITORS INSURANCE
* TRAVEL INSURANCE
* DISABILITY INSURANCE
* RRSP & TFSA

RAVINDERJIT BASRA
416-845-6232
www.ravinderjitbasra.com

**INSURANCE**

* Auto * Home
* Commercial
* Business

Call us for lowest rates

MULTIRISK



Harleen Basra
416-817-1600
hbasra@multirisk.ca

**Hiring Drivers/Owners/Operators**

GALAXY Frightline inc.

We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time

We Require:
* 2 Years Experience
* Clean Current Abstract
* Ability to Cross Border
* Positive, Professional Attitude

For:
* GTA
* ON-QC
* ON-MB-AB-BC
* USA

TEL: 1-877-251-5299
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

# ਆਜ਼ਾਦੀ ਅਜੇ ਬਾਕੀ ਹੈ





ਵਿਨੀਪੈੱਗ : ਪਿਛਲੇ ਦਿਨੀਂ ਪੰਜਾਬੀ ਸਾਹਿਤ ਅਤੇ ਸੱਭਿਆਚਾਰਕ ਸਭਾ ਵਿਨੀਪੈੱਗ ਵੱਲੋਂ ਕਾਮਾਗਾਟਾਮਾਰੂ ਕਾਂਡ ਦੀ ਸ਼ਤਾਬਦੀ ਮੌਕੇ ਇੱਕ ਪ੍ਰੋਗਰਾਮ ਕਰਵਾਇਆ ਗਿਆ। ਇਹ ਪ੍ਰੋਗਰਾਮ ਟੈਲਬਟ ਐਵੇਨਿਊ ’ਤੇ ਸਥਿਤ ਮਿਨੋਨਾਈਟ ਬਰੇਥਰਨ ਕੋਲਿਜੀਏਟ ਵਿੱਚ ਆਯੋਜਿਤ ਕੀਤਾ ਗਿਆ। ਪ੍ਰੋਗਰਾਮ ਦਾ ਆਗਾਜ਼ ਕਰਦੇ ਹੋਏ ‘ਪਰਦੇਸੀ ਪੰਜਾਬ’ ਦੇ ਸੰਪਾਦਕ ਡਾ. ਨਿਰਮਲ ਹਰੀ ਨੇ ਜਿੱਥੇ ਕਾਮਾਗਾਟਾਮਾਰੂ ਕਾਂਡ ਦੇ ਇਤਿਹਾਸ ਨੂੰ ਆਏ ਸਰੋਤਿਆਂ ਨਾਲ ਸਾਂਝਾ ਕੀਤਾ ਉੱਥੇ ਇਸ ਗੱਲ ’ਤੇ ਵੀ ਜ਼ੋਰ ਦਿੱਤਾ ਕਿ ਸਾਨੂੰ ਅੱਜ ਦੇ ਸਮੇਂ ਦੌਰਾਨ ਵੀ ਇਮੀਗ੍ਰੇਸ਼ਨ ਨਿਯਮਾਂ ਵਿੱਚ ਹੋ ਰਹੀਆਂ ਵਧੀਕੀਆਂ ਵਿਰੁੱਧ ਲਾਮਬੰਦ ਹੋਣਾ ਚਾਹੀਦਾ ਹੈ। ਇਸ ਉਪਰੰਤ ਨੌਜਵਾਨ ਕਵੀ ਅੰਮ੍ਰਿਤਪਾਲ ਕੰਗ ਨੇ ਕਾਮਾਗਾਟਾਮਾਰੂ ਉੱਪਰ ਲਿਖੀ ਕਵਿਤਾ ਸਰੋਤਿਆਂ ਨਾਲ ਸਾਂਝੀ ਕੀਤੀ।

ਪ੍ਰੋਗਰਾਮ ਥੋੜਾ ਭਖਿਆ ਹੀ ਸੀ ਕਿ ਫਿਰ ਲੋਕਲ ਨੌਜਵਾਨਾਂ ਦੁਆਰਾ ਪੇਸ਼ ਕੀਤੀ ਗਈ ਸਕਿੱਟ ‘ਸੱਭਿਆਚਾਰ’ ਲੋਕਾਂ ਦੇ ਦਿਲਾਂ ਨੂੰ ਛੂਹ ਗਈ। ਪ੍ਰੋਗਰਾਮ ਵਿੱਚ ਹੋਰ ਵੰਨਗੀ ਉਸ ਵੇਲੇ ਆਈ ਜਦੋਂ ਤਰਕਸ਼ੀਲ ਸਾਥੀ ਬੀਰਬਲ ਨੇ ਸਟੇਜ ਉੱਪਰੋਂ ਜਾਦੂ ਟੂਣਿਆਂ ਦੀਆਂ ਕਰਾਮਾਤਾਂ ਜੱਗ ਜ਼ਾਹਰ ਕੀਤੀਆਂ। ਉਹਨਾਂ ਸਰੋਤਿਆਂ ਨੂੰ ਦੱਸਿਆ ਕਿ ਕਿਵੇਂ ਵਹਿਮ ਭਰਮ ਫੈਲਾਉਣ ਵਾਲੇ ਅਜਿਹੀਆਂ ਕਰਾਮਾਤਾਂ ਦਿਖਾ ਕੇ ਭੋਲੀ ਭਾਲੀ ਅਤੇ ਅਨਪੜ੍ਹ ਮਨੁੱਖਤਾ ਦਾ ਸ਼ੋਸ਼ਣ ਕਰ ਰਹੇ ਹਨ। ਪ੍ਰੋਗਰਾਮ ਦਾ ਰੰਗ ਉਦੋਂ ਫੇਰ ਬਦਲਿਆ ਜਦੋਂ ਪ੍ਰੋਫੈਸਰ ਦਿਲਜੀਤਪਾਲ ਬਰਾੜ ਨੇ ਆਏ ਦਰਸ਼ਕਾਂ ਤੋਂ ਕਾਮਾਗਾਟਾਮਾਰੂ ਸਬੰਧਤ ਸੁਆਲ ਜੁਆਬ ਕੀਤੇ। ਹੈਰਾਨੀ ਦੀ ਗੱਲ ਸੀ ਕਿ ਇਸ ਮੁਕਾਬਲੇ ਵਿੱਚ ਕੈਨੇਡਾ ਦੇ ਜੰਮਪਲ ਬੱਚਿਆਂ ਨੇ ਵਧ ਚੜ੍ਹ ਕੇ ਹਿੱਸਾ ਲਿਆ। ਜੇਤੂਆਂ ਨੂੰ ਇਨਾਮ ਮੈਕਫਿਲਪਸ ਟੌਇਟਾ ਤੋਂ ਇੰਦਰ ਬੂਸਰ ਦੇ ਪ੍ਰਦਾਨ ਕੀਤੇ। ਇਸੇ ਦੌਰਾਨ ਜਸਬੀਰ ਮੰਗੂਵਾਲ ਅਤੇ ਜਗਮੋਹਨ ਢੁੱਡੀਕੇ ਨੇ ਵੀ ਕਾਮਾਗਾਟਾਮਾਰੂ ਦੇ ਯਾਤਰੀਆਂ ਅਤੇ ਬਾਅਦ ਵਿੱਚ ਬਜਬਜਘਾਟ ਵਿਖੇ ਮਾਰੇ ਗਏ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਅਰਪਿਤ ਕੀਤੇ। ਢੁੱਡੀਕੇ ਨੇ ਦੱਸਿਆ ਕਿ ਇਹ ਸਾਰਾ ਪ੍ਰੋਗਰਾਮ ਸ਼ਹਿਰ ਦੇ ਲੋਕਲ ਨੌਜਵਾਨ ਕਲਾਕਾਰਾਂ ਦੀ ਬਦੌਲਤ ਕੀਤਾ ਜਾ ਰਿਹਾ ਹੈ ਅਤੇ ਉਹਨਾਂ ਭਵਿੱਖ ਵਿੱਚ ਵੀ ਅਜਿਹੇ ਪ੍ਰੋਗਰਾਮਾਂ ਲਈ ਆਏ ਸਰੋਤਿਆਂ ਨੂੰ ਸਾਥ ਦੇਣ ਦੀ ਬੇਨਤੀ ਕੀਤੀ। ਪ੍ਰੋਗਰਾਮ ਦੇ ਆਖਰ ਵਿੱਚ ਮੇਪਲਜ਼ ਕੌਲਿਜੀਏਟ ਦੇ ਅਧਿਆਪਕ ਜਗਦੀਪ ਤੂਰ ਦੁਆਰਾ ਨਿਰਦੇਸ਼ਤ ਕੀਤਾ ਨਾਟਕ ‘ਆਜ਼ਾਦੀ ਅਜੇ ਬਾਕੀ ਹੈ’ ਖੇਡਿਆ ਗਿਆ। ਨਾਟਕ ਵਿੱਚ ਸਾਰੇ ਕਲਾਕਾਰਾਂ ਅਤੇ ਖਾਸ ਕਰਕੇ ਸਿਮਰਨ ਨਾਰੰਗ ਦੀ ਪ੍ਰਭਾਵਸ਼ਾਲੀ ਅਦਾਕਾਰੀ ਨੂੰ ਸਰੋਤਿਆਂ ਨੇ ਬਹੁਤ ਸਲਾਹਿਆ। ਪ੍ਰੋਗਰਾਮ ਉਪਰੰਤ ਸਰੋਤਿਆਂ ਨੇ ਭਵਿੱਖ ਵਿੱਚ ਅਜਿਹੇ ਪਾਏਦਾਰ ਪ੍ਰੋਗਰਾਮਾਂ ਦੇ ਆਯੋਜਨ ’ਤੇ ਜ਼ੋਰ ਦਿੱਤਾ।







Meet Gurratan Singh

Practicing lawyer in Brampton, Ontario

Community advocate who has organized conferences, leadership events, and initiatives to empower young people

PAMA (Peel Art Gallery, Museum and Archive) Board Member

Graduated with honours from McMaster University and received his law degree from Osgoode Hall Law School

ਵਕੀਲ ਹੈ ਤੇ ਬਰੈਂਪਟਨ ਵਿਚ ਵਕਾਲਤ ਦਾ ਆਪਣਾ ਕੰਮ ਕਰਦਾ ਹੈ

ਕਮਿਊਨਿਟੀ ਦਾ ਐਡਵੋਕੇਟ ਜਿਸ ਨੇ ਕਾਨਫਰੰਸਾਂ ਸੰਗਠਿਤ ਕੀਤੀਆਂ, ਲੀਡਰਸ਼ਿਪ ਕਾਰਜ ਅਤੇ ਨੌਜੁਆਨਾਂ ਨੂੰ ਆਤਮ ਵਿਸ਼ਵਾਸ ਦੇਣ ਲਈ ਪਹਿਲ ਕਦਮੀ ਕੀਤੀ

ਪੀ ਏ ਐਮ ਏ (ਪੀਲ ਆਰਟ ਗੈਲਰੀ, ਮਿਊਜ਼ੀਅਮ ਐਂਡ ਆਰਕਾਈਵ) ਦਾ ਬੋਰਡ ਮੈਂਬਰ

ਮੈਕਮਾਸਟਰ ਯੂਨੀਵਰਸਿਟੀ ਤੋਂ ਗਰੈਜੂਏਟ ਆਨਰਜ ਦੇ ਨਾਲ ਤੇ ਔਸਗੁਡ ਹਾਲ ਲਾਅ ਸਕੂਲ ਤੋਂ ਵਕਾਲਤ ਦੀ ਡਿਗਰੀ

Gurratan Singh
Regional Councillor for
Brampton's Wards 9 and 10

Campaign Office
51 Mountainash Rd Unit #6
Brampton, ON | L6R 1W4

905 789 7840
gurratansingh.ca
@gurratansingh

*A Fresh Start for Brampton.*
ਬਰੈਂਪਟਨ ਵਾਸਤੇ ਨਵੀਂ ਸ਼ੁਰੂਆਤ ।



GILL
Truck & Trailer Repair
and Mobile Service
Cell: 416.312.4707
Tel: 905.458.3455
Fax: 905.458.3456




04 Blair Dr.
Brampton, ON
L6P 2X5
gilltruckandtrailer@yahoo.com



Century 21
Buy Green, Build Green
...Save Environment
Century 21 Green Realty Inc.,Brokerage
Each Office is independently owned and operated
Sohan Mann
Sales Representative
Dir. 416-564-1699, Off. : 905-565-9565
Fax : 905-565-9522
Email : sohanmann@hotmail.com
151 Super Blvd. Unit 18-21, Mississauga, ON. L5T 2L1





Commitment to Excellent Services
Pii Punjab Insurance Inc
Punjab Insurance Inc
Your Insurance Advisor
Super Visa Insurance
Disability Insurance | Life Insurance| Critical Illness Insurance|
Mortgage Insurance Segregated Funds| RRSP & TFSA | RESP|
Email : dharbans@hotmail.com www.numberoneinsurance.ca



Harbans Singh
416-817-7142